ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਕੱਤਕ-ਮੱਘਰ, ਸੰਮਤ ਨਾਨਕਸ਼ਾਹੀ ੫੫੨ ਨਵੰਬਰ 2020

ਜਿਲਦ ੬੪ (Vol. 64) ਅੰਕ ੮ (Issue 8)

*ਮੁੱਖ ਸੰਪਾਦਕ*
**ਸਿਮਰਜੀਤ ਸਿੰਘ**

*ਸੰਪਾਦਕ*
**ਸਤਵਿੰਦਰ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਗੁਰਮਤਿ ਵਿਚ ਕਲਿਆਣਕਾਰੀ ਸੰਸਥਾ ਦਾ ਸਿਧਾਂਤ | -ਡਾ. ਜੋਧ ਸਿੰਘ | ੯ |
| ਗੁਰਦੁਆਰਾ : ਬਹੁਪੱਖੀ ਅਧਿਐਨ | -ਡਾ. ਗੁਰਤੇਜ ਸਿੰਘ ਠੀਕਰੀਵਾਲਾ | ੧੨ |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੦੦-ਸਾਲਾ ਸਥਾਪਨਾ ਸਮਾਗਮਾਂ ਦੀ ਰੂਪ-ਰੇਖਾ ਕੀ ਹੋਵੇ? | -ਭਾਈ ਅਜੈਬ ਸਿੰਘ ਅਭਿਆਸੀ | ੨੨ |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਿਛੋਕੜ | -ਡਾ. ਪਰਮਵੀਰ ਸਿੰਘ | ੩੦ |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ | -ਸਿਮਰਜੀਤ ਸਿੰਘ | ੪੪ |
| ਅਕਾਲੀ ਮੋਰਚੇ ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ | -ਸਤਵਿੰਦਰ ਸਿੰਘ ਫੂਲਪੁਰ | ੫੩ |
| . . .ਸੌ ਸਾਲਾ ਸਥਾਪਨਾ ਦਿਵਸ ਦੇ ਪਰਿਪੇਖ ਵਿਚ | -ਡਾ. ਅਮਰਜੀਤ ਕੌਰ ਇੱਬਣ ਕਲਾਂ | ੬੧ |
| ਧਰਮ ਪ੍ਰਚਾਰ ਦੀ ਮੋਢੀ ਸੰਸਥਾ. . . | -ਡਾ. ਸਤਿੰਦਰ ਪਾਲ ਸਿੰਘ | ੬੬ |
| ਜਾਤ-ਪਾਤ ਦੇ ਵਿਤਕਰੇ ਵਿਰੁੱਧ. . . | -ਸ. ਤਲਵਿੰਦਰ ਸਿੰਘ ਬੁੱਟਰ ਕਲਾਂ | ੭੫ |
| . . .ਧਰਮ ਅਧਿਐਨ ਅਤੇ ਗੁਰਮਤਿ ਖੋਜ ਵਿਚ ਯੋਗਦਾਨ | -ਡਾ. ਅਜੈਪਾਲ ਸਿੰਘ | ੮੭ |
| . . .ਕੁਝ ਚੋਣਵੀਆਂ ਪ੍ਰਕਾਸ਼ਨਾਵਾਂ | -ਡਾ. ਧਰਮ ਸਿੰਘ | ੧੦੧ |
| ਸ. ਸੁੰਦਰ ਸਿੰਘ ਮਜੀਠੀਆ : ਜੀਵਨ ਅਤੇ ਯੋਗਦਾਨ | -ਡਾ. ਗੁਰਪ੍ਰੀਤ ਸਿੰਘ | ੧੦੮ |
| ਜਥੇਦਾਰ ਤੇਜਾ ਸਿੰਘ ਭੁੱਚਰ. . . | -ਡਾ. ਹਰਪ੍ਰੀਤ ਕੌਰ | ੧੧੪ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਇਤਿਹਾਸਿਕ ਸਫ਼ਰ | -ਸ. ਕਿਰਪਾਲ ਸਿੰਘ | ੧੨੦ |
| ਅਕਾਲੀ ਅਖ਼ਬਾਰ : ਪਿਛੋਕੜ, ਸਥਾਪਨਾ ਅਤੇ ਉਦੇਸ਼ | -ਬੀਬੀ ਗੁਰਮੀਤ ਕੌਰ | ੧੨੯ |
| ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ. . . (ਕਵਿਤਾ) | -ਸ. ਮਲਕੀਤ ਸਿੰਘ | ੧੩੫ |
| ਖ਼ਬਰਨਾਮਾ | | ੧੩੮ |

# ਗੁਰਬਾਣੀ ਵਿਚਾਰ

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*
*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*
*ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥*
*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥੧੦॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੇ ਮਾਧਿਆਮ ਦੁਆਰਾ ਮੱਘਰ ਮਹੀਨੇ ਦੀ ਰੁੱਤ ਅਤੇ ਇਸ ਨਾਲ ਜੁੜੇ ਸੱਭਿਆਚਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਮਨੁੱਖਾ ਜੀਵਨ ਰੂਪੀ ਮੱਘਰ ਮਹੀਨਾ ਪ੍ਰਭੂ ਦੇ ਨਾਮ-ਸਿਮਰਨ ਅਤੇ ਸ਼ੁਭ ਅਮਲਾਂ ਦੁਆਰਾ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਮੱਘਰ ਮਹੀਨੇ ਦੀ ਠੰਡੀ ਮਿੱਠੀ ਬਹਾਰ ਵਿਚ ਉਹ ਜੀਵ-ਇਸਤਰੀਆਂ ਜੋ ਪਰਮੇਸਰ ਪਤੀ ਨਾਲ ਬੈਠੀਆਂ ਹਨ, ਉਹ ਸੋਭਦੀਆਂ ਹਨ। ਜਿਨ੍ਹਾਂ ਨੂੰ ਮਾਲਕ ਪ੍ਰਭੂ ਨੇ ਆਪਣੇ ਨਾਮ ਨਾਲ ਮੇਲ ਲਿਆ ਹੈ, ਉਨ੍ਹਾਂ ਦੀ ਸੋਭਾ ਕੀ ਕਹੀ ਜਾ ਸਕਦੀ ਹੈ? ਉਨ੍ਹਾਂ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜ ਕੇ ਵਧਦਾ-ਫੁਲਦਾ ਹੈ, ਭਾਵ ਉਹ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਅਰੋਗ ਰਹਿੰਦੀਆਂ ਹਨ। ਗੁਰੂ ਜੀ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜੇ ਮਨੁੱਖਾਂ ਦੀ ਸੁਖਾਵੀਂ ਅਨੰਦਮਈ ਮਾਨਸਿਕ-ਆਤਮਿਕ ਅਵਸਥਾ ਦਰਸਾਉਣ ਮਗਰੋਂ ਉਸ ਦੇ ਸੱਚੇ ਨਾਮ ਨੂੰ ਭੁੱਲੇ ਹੋਏ ਮਨੁੱਖਾਂ ਦੀ ਦੁਖਦਾਇਕ ਹਾਲਤ ਦਾ ਵਰਣਨ ਕਰਦੇ ਹੋਏ ਫ਼ੁਰਮਾਨ ਕਰਦੇ ਹਨ ਕਿ ਜਿਹੜੀਆਂ ਜੀਵ-ਇਸਤਰੀਆਂ ਚੰਗੀ ਸੰਗਤ ਤੋਂ ਬਾਹਰ ਜਾਂ ਦੂਰ ਰਹਿੰਦੀਆਂ ਹਨ ਉਹ ਇਕੱਲੀਆਂ ਰਹਿ ਜਾਂਦੀਆਂ ਹਨ ਭਾਵ ਉਨ੍ਹਾਂ ਨੂੰ ਪਿਆਰੇ ਪਰਮਾਤਮਾ ਦਾ, ਇਹ ਮਨੁੱਖਾ ਜਨਮ ਪਾ ਕੇ ਵੀ ਮਿਲਾਪ ਹਾਸਲ ਨਹੀਂ ਹੁੰਦਾ। ਉਹ ਦੁਖ ਦੀ ਦਲਦਲ ਵਿਚ ਹੀ ਫਸੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਕੋਈ ਨਾ ਕੋਈ ਦੁਖ ਲੱਗਾ ਹੀ ਰਹਿੰਦਾ ਹੈ। ਉਹ ਜਮਾਂ ਭਾਵ ਸਰੀਰਕ ਮੌਤ ਦੇ ਸਹਿਮ ਦੇ ਕਾਬੂ 'ਚ ਹੁੰਦੀਆਂ ਹਨ। ਸਤਿਗੁਰੂ ਜੀ ਫਿਰ ਦੁਬਾਰਾ ਸਹੀ ਜੀਵਨ-ਮਾਰਗ 'ਤੇ ਤੁਰੀਆਂ ਜੀਵ-ਇਸਤਰੀਆਂ ਦੀ ਚੰਗੀ ਅਵਸਥਾ ਦਾ ਵਰਣਨ ਕਰਦਿਆਂ ਕਥਨ ਕਰਦੇ ਹਨ ਕਿ ਜਿਨ੍ਹਾਂ ਜੀਵ-ਇਸਤਰੀਆਂ ਨੇ ਮਾਲਕ ਨੂੰ ਚਿਤਵਿਆ ਹੈ ਉਹ ਸੁਚੇਤ ਖੜ੍ਹੀਆਂ ਦਿੱਸਦੀਆਂ ਹਨ। ਕਹਿਣ ਤੋਂ ਭਾਵ ਉਹ ਵਿਕਾਰਾਂ ਤੇ ਔਗੁਣਾਂ ਤੋਂ ਸਦਾ ਬਚ ਕੇ ਰਹਿੰਦੀਆਂ ਹਨ। ਉਨ੍ਹਾਂ ਦੇ ਹਿਰਦੇ ਰੂਪੀ ਗਲੇ 'ਚ ਸਮਝੋ ਰਤਨਾਂ, ਜਵਾਹਰਾਂ ਤੇ ਲਾਲਾਂ ਦੇ ਹਾਰ ਸੋਭਦੇ ਹਨ। ਸਤਿਗੁਰੂ ਜੀ ਅੰਤ ਵਿਚ ਫ਼ੁਰਮਾਨ ਕਰਦੇ ਹਨ ਕਿ ਮਾਲਕ ਦੀ ਸ਼ਰਨ, ਉਹਦੇ ਦਰ 'ਤੇ ਪਿਆਂ ਹੋਇਆਂ ਦੀ ਚਰਨ-ਧੂੜ ਦੀ ਲੋਚਾ ਕਰੀਏ। ਜੇਕਰ ਜੀਵਨ-ਰੂਪੀ ਮੱਘਰ ਮਹੀਨੇ 'ਚ ਮਾਲਕ ਨੂੰ ਯਾਦ ਕਰ ਲਿਆ ਤਾਂ ਦੋਬਾਰਾ ਜਨਮ ਨਹੀਂ ਲੈਣਾ ਪਵੇਗਾ, ਮਾਲਕ ਨਾਲ ਪੂਰਨ ਮਿਲਾਪ ਹੋ ਜਾਵੇਗਾ! ■

ਸੰਪਾਦਕੀ...

# ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

*ਸਿੱਖਾਂ ਦੀਆਂ ਬੇਅੰਤ ਕੁਰਬਾਨੀਆਂ ਤੋਂ ਬਾਅਦ ੧੫ ਨਵੰਬਰ, ੧੯੨੦ ਈ. ਨੂੰ ਹੋਂਦ ਵਿਚ ਆਈ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ 'ਨਾਨਕ ਨਿਰਮਲ ਪੰਥ' ਦੇ ਰੂਹਾਨੀ ਮਿਸ਼ਨ ਨੂੰ ਅੱਗੇ ਤੋਰਨ ਲਈ ਨਿਰੰਤਰ ਵਚਨਬੱਧ ਅਤੇ ਯਤਨਸ਼ੀਲ ਹੈ। ਇਹ ਗੁਰਮਤਿ ਸਿਧਾਂਤਾਂ ਅਤੇ ਸਿੱਖ ਹਿੱਤਾਂ ਦੀ ਪਹਿਰੇਦਾਰ ਹੈ।*

*ਗੁਰੂ ਸਾਹਿਬਾਨ ਦਾ ਰੂਹਾਨੀ ਮਿਸ਼ਨ ਦੇਸ਼ ਕੌਮ ਦੀਆਂ ਹੱਦਬੰਦੀਆਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈ ਕੇ ਸਰਬ-ਸਾਂਝਾ ਭਾਈਚਾਰਾ ਸਿਰਜਣਾ ਸੀ, ਜਿਸ ਵਿਚ ਊਚ-ਨੀਚ, ਜਾਤ-ਪਾਤ ਦੇ ਵਿਤਕਰੇ ਨੂੰ ਖ਼ਤਮ ਕਰ ਕੇ ਸਭ ਅੰਦਰ ਨਾ ਕੋ ਬੈਰੀ ਨਹੀ ਬਿਗਾਨਾ ਅਤੇ ਏਕੁ ਪਿਤਾ ਏਕਸ ਕੇ ਹਮ ਬਾਰਿਕ ਦਾ ਰੂਹਾਨੀ ਅਹਿਸਾਸ ਜਗਾਇਆ ਜਾ ਸਕੇ। ਇਸ ਰੂਹਾਨੀ ਮਿਸ਼ਨ ਦੇ ਰਾਹ ਵਿਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਦਿੱਤਾ। ਗੁਰੂ ਸਾਹਿਬਾਨ ਤੋਂ ਬਾਅਦ ਨਾਨਕ ਨਿਰਮਲ ਪੰਥ ਦੇ ਇਸ ਮਿਸ਼ਨ ਨੂੰ ਅੱਗੇ ਤੋਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਖਾਲਸਾ ਰਾਜ ਕਾਇਮ ਕੀਤਾ ਅਤੇ ਬੇਅੰਤ ਸਿੰਘਾਂ-ਸਿੰਘਣੀਆਂ ਸਮੇਤ ਸ਼ਹਾਦਤ ਪ੍ਰਾਪਤ ਕੀਤੀ। ਫਿਰ ਲੰਮਾ ਸਮਾਂ ਸਿੰਘਾਂ ਨੇ ਦਲ ਖਾਲਸਾ, ਬੁੱਢਾ ਦਲ, ਤਰੁਣਾ ਦਲ ਅਤੇ ਸਿੱਖ ਮਿਸਲਾਂ ਦੇ ਰੂਪ ਵਿਚ ਔਖੇ ਸਮੇਂ ਘੱਲੂਘਾਰਿਆਂ ਵਿਚ ਬੇਅੰਤ ਸ਼ਹੀਦੀਆਂ ਦੇ ਕੇ ਇਸ ਮਿਸ਼ਨ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬਾਨ ਦੇ ਆਸ਼ੇ ਵਾਲੇ ਸਰਬ-ਸਾਂਝੇ ਤੇ ਸਰਬ-ਕਲਿਆਣਕਾਰੀ ਖਾਲਸਾ ਰਾਜ ਦੀ ਸਥਾਪਨਾ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਅੰਗਰੇਜ਼ ਰਾਜ ਸਮੇਂ ਜਦੋਂ ਮਹੰਤਾਂ ਦੁਆਰਾ ਗੁਰਦੁਆਰਾ ਸਾਹਿਬਾਨ ਦੀ ਬੇ-ਹੁਰਮਤੀ ਕੀਤੀ ਜਾਣ ਲੱਗੀ ਤਾਂ ਗੁਰਦੁਆਰਾ ਸਾਹਿਬ ਨੂੰ ਮਹੰਤਾਂ ਦੇ ਕਬਜ਼ੇ ਵਿੱਚੋਂ ਛੁਡਾ ਕੇ ਸੰਗਤੀ ਪ੍ਰਬੰਧ ਹੇਠ ਲਿਆਉਣ ਲਈ ਬੇਅੰਤ ਸ਼ਹੀਦੀਆਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਈ। ਇਸ ਸੰਸਾਰ ਅੰਦਰ ਸਭ ਤੋਂ ਪਵਿੱਤਰ ਜੇਕਰ ਕੋਈ ਸੰਸਥਾ ਹੈ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੈ, ਜਿਸ ਦੀਆਂ ਨੀਂਹਾਂ ਨੂੰ ਬੇਅੰਤ ਸਿੰਘਾਂ-ਸਿੰਘਣੀਆਂ, ਬੱਚਿਆਂ, ਬਜ਼ੁਰਗਾਂ, ਮਾਤਾਵਾਂ*

*ਅਤੇ ਕੁੱਛੜ ਦੇ ਲਾਲਾਂ ਤਕ ਨੇ ਆਪਣੇ ਖ਼ੂਨ ਨਾਲ ਸਿੰਜਿਆ ਹੈ।*

*ਗੁਰੂ ਸਾਹਿਬਾਨ ਦੁਆਰਾ ਦਰਸਾਏ ਨਕਸ਼-ਏ-ਕਦਮਾਂ ਉੱਪਰ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦੇ ਪ੍ਰਚਾਰ-ਪ੍ਰਸਾਰ, ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ, ਸਿੱਖ ਰਹਿਤ ਮਰਯਾਦਾ, ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ, ਸਿੱਖ ਮਸਲਿਆਂ ਦੀ ਪੈਰਵੀ, ਵਿੱਦਿਆ ਦੇ ਪਸਾਰ ਅਤੇ ਮਨੁੱਖਤਾਵਾਦੀ ਪਰਉਪਕਾਰੀ ਕਾਰਜਾਂ ਲਈ ਨਿਰੰਤਰ ਕਾਰਜ ਕਰ ਰਹੀ ਹੈ। ਦੇਸ਼-ਵਿਦੇਸ਼ ਵਿਚ ਬੈਠੇ ਹਰੇਕ ਸੁਹਿਰਦ ਸਿੱਖ ਦੇ ਮਨ ਅੰਦਰ ਇਸ ਸੰਸਥਾ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਹੈ। ਸੰਸਾਰ ਭਰ ਵਿਚ ਵੱਸਦੇ ਕਿਸੇ ਸਿੱਖ ਨੂੰ ਕੰਡਾ ਵੀ ਚੁਭੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਸ ਦੀ ਪੀੜ ਮਹਿਸੂਸ ਕਰਦੀ ਹੈ। ਦੁਨੀਆ ਭਰ ਵਿਚ ਵੱਸਦਾ ਹਰੇਕ ਸਿੱਖ ਕੌਮੀ ਪੱਧਰ 'ਤੇ ਪੈਦਾ ਹੁੰਦੀ ਕਿਸੇ ਵੀ ਮੁਸ਼ਕਿਲ ਦੀ ਘੜੀ ਵਿਚ ਆਪਣੀ ਪਿੱਠ ਪਿੱਛੇ ਇੱਕ ਵੱਡੇ ਪਰਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਲੋਤਾ ਮਹਿਸੂਸ ਕਰਦਾ ਹੈ। ਇਸ ਸੰਸਥਾ ਦੀ ਹੋਂਦ ਕਾਰਨ ਕੌਮੀ ਪੱਧਰ 'ਤੇ ਆਪਣੇ ਹਿੱਤਾਂ ਦੀ ਰਾਖੀ ਲਈ ਜੋ ਆਸਰਾ ਸਿੱਖਾਂ ਕੋਲ ਹੈ ਉਹ ਕਿਸੇ ਹੋਰ ਕੋਲ ਨਹੀਂ। ਇਸ ਲਈ ਹਰੇਕ ਸਿੱਖ ਨੂੰ ਇਸ ਸੰਸਥਾ ਉੱਪਰ ਮਾਣ ਹੈ।*

*ਹਜ਼ਾਰਾਂ ਹੀ ਸਿੱਖ ਪਰਵਾਰਾਂ ਦਾ ਰੁਜ਼ਗਾਰ ਇਸ ਸੰਸਥਾ ਰਾਹੀਂ ਚੱਲ ਰਿਹਾ ਹੈ। ਇਸ ਸੰਸਥਾ ਵਿਚ ਬਹੁਤ ਸਾਰੇ ਮੈਂਬਰ ਸਾਹਿਬਾਨ ਅਤੇ ਕਰਮਚਾਰੀ ਸ਼ਹੀਦ ਪਰਵਾਰਾਂ ਵਿੱਚੋਂ ਹਨ, ਬਹੁਤ ਸਾਰੇ ਧਰਮੀ ਫੌਜੀਆਂ ਦੇ ਪਰਵਾਰਾਂ ਵਿੱਚੋਂ ਹਨ। ਬਹੁਤ ਸਾਰੇ ਸ੍ਰੀ ਗੁਰੂ ਰਾਮਦਾਸ ਜੀ ਦੀ ਭੈ-ਭਾਵਨੀ ਵਿਚ ਰਹਿਣ ਵਾਲੇ ਨਾਮ-ਰਸੀਏ ਵੀ ਹਨ। ਇੰਨੇ ਵੱਡੇ ਪ੍ਰਬੰਧ ਵਿਚ ਕਿਤੇ ਕੋਈ ਅਣਗਹਿਲੀ ਹੋ ਜਾਣੀ ਸੁਭਾਵਿਕ ਹੈ। ਜੋ ਅਹੁਦੇਦਾਰ, ਕਰਮਚਾਰੀ ਅੱਜ ਹਨ, ਉਹ ਕੱਲ੍ਹ ਨੂੰ ਨਹੀਂ ਹੋਣਗੇ ਪਰ ਇਹ ਸੰਸਥਾ ਸਦੀਵੀ ਹੈ, ਪੰਥ ਦੀ ਅਮਾਨਤ ਹੈ, ਸਿੱਖਾਂ ਦੀ ਆਪਣੀ ਅਤੇ ਆਪਣੇ ਸਮਝਣ ਵਾਲੀ ਹੈ। ਹਰੇਕ ਸਿੱਖ ਨੂੰ ਇਹ ਦ੍ਰਿੜ੍ਹ ਨਿਸ਼ਚਾ ਹੋਣਾ ਚਾਹੀਦਾ ਹੈ ਕਿ ਇਹ ਮੇਰੀ ਆਪਣੀ ਸੰਸਥਾ ਹੈ। ਪੰਥਕ ਹਿੱਤਾਂ ਦੀ ਪਹਿਰੇਦਾਰ ਹੋਣ ਕਾਰਨ ਕੁਝ ਪੰਥ-ਵਿਰੋਧੀ ਤਾਕਤਾਂ ਸਿੱਖ ਮਨਾਂ ਵਿਚ ਇਸ ਸੰਸਥਾ ਪ੍ਰਤੀ ਸਤਿਕਾਰ ਅਤੇ ਵਿਸ਼ਵਾਸ ਘਟਾਉਣ ਦੇ ਆਹਰ ਵਿਚ ਵੀ ਲੱਗੀਆਂ ਹੋਈਆਂ ਹਨ। ਕੁਝ ਭੋਲੇ ਸਿੱਖ ਇਨ੍ਹਾਂ ਦੀਆਂ ਚਾਲਾਂ ਵਿਚ ਆ ਕੇ ਆਪਣੀ ਹੀ ਪੰਥਕ ਸੰਸਥਾ ਉੱਪਰ ਸ਼ੱਕ ਪ੍ਰਗਟ ਕਰਨਾ ਸ਼ੁਰੂ ਕਰ ਦਿੰਦੇ ਹਨ। ਪਰ ਹਰੇਕ ਗੁਰਸਿੱਖ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥਕ ਸ਼ਕਤੀ ਦਾ ਆਧਾਰ ਹੈ, ਇਹ ਸਿੱਖਾਂ ਦੀ ਵਿਧਾਨਿਕ ਤਾਕਤ ਹੈ, ਸਿੱਖਾਂ ਅੰਦਰ ਇਸ ਪ੍ਰਤੀ ਬੇ-ਭਰੋਸਗੀ ਪੰਥਕ ਹਿੱਤ ਵਿਚ ਨਹੀਂ। ਭਰੋਸਾ ਬਣੇ ਰਹਿਣ ਲਈ ਦੋ-ਤਰਫ਼ਾ ਸੁਹਿਰਦਤਾ ਦੀ ਲੋੜ ਹੈ।*

*ਪਿਛਲੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਮਸਲੇ ਵਿਚ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਅੰਤ੍ਰਿੰਗ ਕਮੇਟੀ ਵੱਲੋਂ ਕੀਤੀ ਕਾਰਵਾਈ ਤੋਂ ਬਾਅਦ ਕੁਝ*

ਜਥੇਬੰਦੀਆਂ ਵੱਲੋਂ ਸੰਸਥਾ ਦੇ ਮੁੱਖ ਦਫ਼ਤਰ ਸਾਹਮਣੇ ਧਰਨਾ ਲਗਾਇਆ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਮਸਲੇ ਦਾ ਹੱਲ ਕਰ ਕੇ ਕਿਸੇ ਕਿਸਮ ਦੇ ਟਕਰਾਅ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ ਪਰ ਅਖੀਰ ਪਿਛਲੇ ਦਿਨੀਂ ਇਹ ਟਕਰਾਅ ਹੋ ਗਿਆ ਜੋ ਕਿ ਬਹੁਤ ਮੰਦਭਾਗਾ ਸੀ। ਇਸ ਟਕਰਾਅ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਮੁਲਾਜ਼ਮਾਂ ਨੂੰ ਗੰਭੀਰ ਸੱਟਾਂ ਵੀ ਲੱਗੀਆਂ। ਅਜਿਹੇ ਆਪਸੀ ਟਕਰਾਅ ਪੰਥਕ ਹਿੱਤ ਵਿਚ ਨਹੀਂ ਹਨ। ਇਸ ਲਈ ਸਿੱਖਾਂ ਨੂੰ ਵਿਰੋਧੀ ਤਾਕਤਾਂ ਦੀਆਂ ਪੰਥ ਘਾਤੀ ਚਾਲਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਪਿਛਲੇ ਕੋਈ ਪੰਜ-ਛੇ ਸਾਲਾਂ ਵਿਚ ਦੇਸ਼ ਭਰ ਅੰਦਰ ਸਿੱਖਾਂ ਨਾਲ ਧੱਕੇਸ਼ਾਹੀ ਦੇ ਮਾਮਲੇ ਵੀ ਜ਼ਿਆਦਾ ਜ਼ੋਰ ਫੜ ਗਏ ਹਨ ਅਤੇ ਇਹ ਆਪਸੀ ਟਕਰਾਅ ਵੀ ਪਿਛਲੇ ਕੋਈ ਪੰਜ-ਛੇ ਸਾਲਾਂ ਤੋਂ ਹੀ ਜ਼ਿਆਦਾ ਵਧੇ ਹਨ ਜਿਸ ਕਰਕੇ ਪੰਥ-ਵਿਰੋਧੀ ਸਰਕਾਰ ਦੀਆਂ ਪੰਥ-ਮਾਰੂ ਨੀਤੀਆਂ ਪ੍ਰਤੀ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਹ ਸਭ ਭਾਰੀ ਚਿੰਤਨ ਦਾ ਵਿਸ਼ਾ ਹੈ। ਸਿੱਖਾਂ ਨੂੰ ਇਨ੍ਹਾਂ ਵਿਰੋਧੀ ਤਾਕਤਾਂ ਤੋਂ ਬੇਹੱਦ ਸੁਚੇਤ ਰਹਿਣ ਦੀ ਲੋੜ ਹੈ। ਕਿਸੇ ਇਕ ਮਸਲੇ ਨੂੰ ਆਧਾਰ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਰ੍ਹਿਨਵੇਂ ਉਸਾਰੂ ਅਤੇ ਪੰਥਕ ਹਿੱਤਾਂ ਵਾਲੇ ਕਾਰਜਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਕੂੜ ਪ੍ਰਚਾਰ ਕਰਨਾ ਹਰਗਿਜ਼ ਉੱਚਿਤ ਨਹੀਂ। ਸੂਝਵਾਨ ਸਿੱਖ ਕਦੀ ਵੀ ਇਸ ਬਹਿਕਾਵੇ ਵਿਚ ਨਹੀਂ ਆਉਣਗੇ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਜ਼ਿਆਦਾਤਰ ਉਨ੍ਹਾਂ ਪਰਵਾਰਾਂ ਦੇ ਬੱਚੇ ਹਨ ਜਿਨ੍ਹਾਂ ਨੇ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਸਿੱਖ ਪੰਥ ਲਈ ਅਨੇਕਾਂ ਕੁਰਬਾਨੀਆਂ ਕੀਤੀਆਂ ਹਨ।

ਨਵੰਬਰ ਮਹੀਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਸਾਨੂੰ ਇਸ ਦੀ ਸਦਾ ਚੜ੍ਹਦੀ ਕਲਾ ਲਈ ਅਰਦਾਸ ਕਰਨੀ ਚਾਹੀਦੀ ਹੈ।

'ਗੁਰਮਤਿ ਪ੍ਰਕਾਸ਼' ਦਾ ਹਥਲਾ ਅੰਕ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਸੌ ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਕਰ ਕੇ ਪ੍ਰਕਾਸ਼ਿਤ ਕਰ ਰਹੇ ਹਾਂ। ਇਸ ਵਿਚ ਵੱਖ-ਵੱਖ ਵਿਦਵਾਨਾਂ ਪਾਸੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ, ਕਾਰਜ ਅਤੇ ਪ੍ਰਾਪਤੀਆਂ ਬਾਰੇ ਵਿਸ਼ੇਸ਼ ਤੌਰ 'ਤੇ ਲੇਖ ਲਿਖਵਾਏ ਹਨ। ਆਸ ਹੈ ਕਿ ਪਾਠਕ ਇਸ ਅੰਕ ਤੋਂ ਭਰਪੂਰ ਲਾਹਾ ਲੈਣਗੇ।

-ਸਤਵਿੰਦਰ ਸਿੰਘ ਫੂਲਪੁਰ
ਮੋ. +੯੧੯੯੧੪੪-੧੯੪੯੪

# ਗੁਰਮਤਿ ਵਿਚ ਕਲਿਆਣਕਾਰੀ ਸੰਸਥਾ ਦਾ ਸਿਧਾਂਤ

*-ਡਾ. ਜੋਧ ਸਿੰਘ**

ਗੁਰਮਤਿ ਦੇ ਮੂਲ ਪ੍ਰੇਰਨਾ-ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਜੀਵਨ ਦੇ ਸਾਰੇ ਪੱਖਾਂ ਉੱਤੇ ਭਰਪੂਰ ਚਿੰਤਨ ਕੀਤਾ ਹੈ। ਮਨੁੱਖ ਨੂੰ ਕਲਿਆਣਕਾਰੀ ਬਣਨ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਦਿੱਤੇ ਹਨ, ਸਮੇਂ-ਸਮੇਂ ਸਿਰ ਆਪਣੇ ਅੰਦਰ ਝਾਤੀ ਮਾਰਦੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਵਿਅਕਤੀ ਦੇ ਸੱਚੇ ਅਤੇ ਸੁੱਚੇ ਬਣਨ ਲਈ ਗੁਰਮਤਿ ਨੂੰ ਭਾਈ ਗੁਰਦਾਸ ਵਰਗੇ ਵਿਦਵਾਨ ਨੇ 'ਗਾਡੀਰਾਹ' ਆਖ ਕੇ ਇਸ ਦੀ ਵਿਸ਼ਾਲ ਅਤੇ ਸੁਹਿਰਦ ਸੋਚ ਵੱਲ ਇਸ਼ਾਰਾ ਕੀਤਾ ਹੈ। ਭਾਰਤੀ ਚਿੰਤਨ ਵਿਚਲੇ ਜੀਵਨ-ਆਦਰਸ਼ਾਂ, ਚਾਰ ਪੁਰਸਾਰਥਾਂ ਜਾਂ ਚਾਰ ਪਦਾਰਥਾਂ ਦੇ ਸਰੂਪ ਅਤੇ ਉਨ੍ਹਾਂ ਦੀ ਪ੍ਰਾਪਤੀ ਦੇ ਢੰਗ-ਤਰੀਕਿਆਂ ਦਾ ਵਰਣਨ ਕਰਨ ਤੋਂ ਪਹਿਲਾਂ ਗੁਰਮਤਿ, ਸਮਾਜ ਦੀ ਇਕਾਈ ਮਨੁੱਖ ਦੀ ਪੂਰੀ ਘੋਖ-ਪੜਤਾਲ ਕਰਦਾ ਹੈ, ਉਸ ਦੀਆਂ ਅੰਦਰੂਨੀ ਸਮਰੱਥਾਵਾਂ ਅਤੇ ਬਾਹਰੀ ਖਿੱਚਾਂ ਵੱਲ ਧਿਆਨ ਦਿਵਾਉਂਦਾ ਹੈ, ਉਸ ਦੀ 'ਜੋਤਿ ਸਰੂਪ' ਦਿੱਬਤਾ ਦਾ ਅਹਿਸਾਸ ਦਿਵਾਉਂਦਾ ਹੈ ਤਾਂ ਕਿ ਮਨੁੱਖ ਇਕ ਅਜਿਹਾ ਸਮਾਜ ਕਾਇਮ ਕਰ ਸਕੇ ਜਿਸ ਵਿਚ ਮਨੁੱਖ ਇਕ-ਦੂਜੇ ਦੇ ਵਿਰੋਧੀ ਨਾ ਹੋ ਕੇ ਸਮੁੱਚੇ ਜੀਵਨ ਨੂੰ ਉੱਨਤੀ ਦੇ ਰਾਹ 'ਤੇ ਤੋਰਨ ਲਈ ਇਕ-ਦੂਜੇ ਦੇ ਪੂਰਕ ਬਣ ਸਕਣ।

ਦਰਅਸਲ ਚਾਹੇ ਧਰਮ ਹੋਵੇ, ਅਰਥ ਹੋਵੇ, ਕਾਮ ਹੋਵੇ ਜਾਂ ਫਿਰ ਮੋਖਸ਼ ਹੋਵੇ ਇਹ ਸਾਰੇ ਹੀ ਮਨੁੱਖ ਲਈ ਮਨੁੱਖ ਦੁਆਰਾ ਸਿਰਜੇ ਹੋਏ ਆਦਰਸ਼ ਹਨ, ਜਿਨ੍ਹਾਂ ਵਿਚ ਮਨੁੱਖ ਹਰ ਥਾਂ ਵਰਤਮਾਨ ਹੈ। ਸੰਸਾਰ ਵਿਚ ਅਨੇਕਾਂ ਪ੍ਰਕਾਰ ਦੇ ਸਮਾਜ ਅਤੇ ਇਨ੍ਹਾਂ ਸਮਾਜਾਂ ਦੇ ਵੱਡੇ ਇਕੱਠਾਂ ਵਾਲੇ ਰਾਹ ਹਨ ਜਿਨ੍ਹਾਂ ਦੇ ਆਪਣੇ ਭੂਗੋਲਿਕ ਖੇਤਰ ਹਨ ਅਤੇ ਆਪਣੇ ਨਾਂ ਥਾਂ ਹਨ। ਗੁਰਮਤਿ ਵਿਚ ਇਕ-ਦੂਜੇ ਦੇ ਪੂਰਕ ਬਣਨ ਲਈ ਜਿਹੜੀ ਸਭ ਤੋਂ ਆਵੱਸ਼ਕ ਗੱਲ ਕਹੀ ਗਈ ਹੈ, ਉਹ ਹੈ- ਦੂਜੇ ਦੀ ਹੋਂਦ ਨੂੰ ਖੁੱਲ੍ਹੇ ਮਨ ਨਾਲ ਸਵੀਕਾਰ ਕਰਨਾ। ਰਾਜ ਦੀ ਦੂਜੇ ਰਾਜ ਦੀ ਹੋਂਦ ਨੂੰ ਸਵੀਕਾਰ ਕਰਨ ਅਤੇ ਮਾਨਤਾ ਦੇਣ ਦੀ ਗੱਲ ਫਿਰ ਉੱਥੇ ਆ ਟਿਕਦੀ ਹੈ ਜਿੱਥੋਂ ਕਿਸੇ ਸਮਾਜ ਦੀ ਗੱਲ ਸ਼ੁਰੂ ਹੁੰਦੀ ਹੈ ਜਿਸਦਾ ਧੁਰਾ ਮਨੁੱਖ ਹੈ। ਜਦੋਂ ਤਕ ਹਰ ਵਿਅਕਤੀ ਇਸ ਤੱਥ ਨੂੰ ਮਹਿਸੂਸ ਨਹੀਂ ਕਰਦਾ ਕਿ ਸਮਾਜ ਅਤੇ ਸੰਸਥਾ ਦੇ ਕਲਿਆਣਕਾਰੀ ਹੋਣ ਲਈ ਉਸ ਦਾ ਆਪਣਾ ਨਿੱਜੀ ਰੁਝਾਨ ਤੰਗਦਿਲੀਆਂ ਤੋਂ ਉਤਾਂਹ ਉੱਠਣ ਵਾਲਾ ਹੋਣਾ ਚਾਹੀਦਾ ਹੈ, ਉਸ ਨੂੰ ਦਵੈਤ ਦੀ ਭਾਵਨਾ ਦਾ ਨਾਸ਼ ਕਰ ਕੇ *'ਬਿਸਰਿ ਗਈ ਸਭ ਤਾਤਿ ਪਰਾਈ'* ਦੇ ਸਿਧਾਂਤ ਨੂੰ ਅਪਣਾਉਣਾ

*ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਚਾਹੀਦਾ ਹੈ, ਉਦੋਂ ਤਕ ਕਿਸੇ ਕਿਸਮ ਦੀ ਕਲਿਆਣਕਾਰੀ ਸੰਸਥਾ ਦੀ ਸਥਾਪਨਾ ਅਸੰਭਵ ਹੈ। ਗੁਰਬਾਣੀ ਵਿਚ ਸੰਸਾਰ ਦੇ ਅਨੇਕਾਂ ਸਿੱਧਾਂ, ਬੁੱਧਾਂ, ਨਾਥਾਂ, ਦੇਵਾਂ, ਦਾਨਵਾਂ ਦੀਆਂ ਪਰੰਪਰਾਵਾਂ ਦੀ ਪਛਾਣ ਕੀਤੀ ਗਈ ਹੈ– *ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ*, ਕਹਿ ਕੇ ਜਿੱਥੇ ਉਨ੍ਹਾਂ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਤੇ ਉਨ੍ਹਾਂ ਵਿਚ ਸੁਧਾਰਾਂ ਦੀ ਗੁੰਜਾਇਸ਼ ਵੱਲ ਇਸ਼ਾਰੇ ਕੀਤੇ ਗਏ ਹਨ, ਉੱਥੇ ਨਾਲ ਹੀ ਨਾਲ ਇਹ ਵੀ ਕਿਹਾ ਗਿਆ ਹੈ :

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੩)*

ਬਾਣੀ ਵਿਚ ਕਿਸੇ ਸੰਸਥਾ ਦਾ ਉਦੇਸ਼ ਆਪਣੇ ਸਹਿਯੋਗੀਆਂ ਲਈ ਸੁਖ-ਸਮਰਿਧੀ ਦੇ ਸਾਧਨ ਪੈਦਾ ਕਰਨੇ ਅਤੇ ਸਮਾਜ ਦੀ ਅਧਿਆਤਮਿਕ ਉੱਨਤੀ ਲਈ ਯਤਨ ਕਰਨਾ ਹੈ। ਪਰਮਾਤਮਾ ਸਭ ਤੋਂ ਸੁਚੱਜਾ ਪ੍ਰਬੰਧਕ ਹੈ। ਉਸ ਨੂੰ ਸਾਰਿਆਂ ਦਾ ਸਿਰਮੌਰ ਮੰਨਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਰਾਗ ਬਸੰਤ ਵਿਚ ਫੁਰਮਾਉਂਦੇ ਹਨ :

*ਤੂ ਆਪੇ ਕਰਤਾ ਕਰਣ ਜੋਗੁ ॥*
*ਨਿਹਕੇਵਲੁ ਰਾਜਨ ਸੁਖੀ ਲੋਗੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੦)*

ਗੁਰਬਾਣੀ ਦੇ ਸੰਕਲਪ ਵਿਚ ਰਾਜ ਦਾ ਉਦੇਸ਼ ਵੀ ਰਾਜ ਨੂੰ ਇਕ ਕਲਿਆਣਕਾਰੀ ਰਾਜ ਦੇ ਰੂਪ ਵਿਚ ਵੇਖਣ ਦਾ ਇੱਛੁਕ ਹੈ ਅਤੇ ਇਸ ਉਦੇਸ਼ ਦੀ ਪ੍ਰਾਪਤੀ ਲਈ ਇਕ ਅਜਿਹੇ ਪ੍ਰਬੰਧ ਦੀ ਮੰਗ ਕਰਦਾ ਹੈ ਜਿੱਥੇ *ਰਾਜੇ ਸੀਹ ਮੁਕਦਮ ਕੁਤੇ* ਵਾਲਾ ਵਰਤਾਰਾ ਨਾ ਹੋਵੇ। ਕੋਈ ਵੀ ਪ੍ਰਬੰਧ ਇਕ ਗਠਿਤ ਕਮੇਟੀ ਦੁਆਰਾ ਚਲਾਇਆ ਜਾਂਦਾ ਹੈ। ਕਿਸੇ ਸੰਸਥਾ ਦੇ ਕੰਮ-ਕਾਰ ਤੋਂ ਭਾਵ ਸੰਸਥਾ ਦੀਆਂ ਲੋਕਾਂ ਪ੍ਰਤੀ ਨੈਤਿਕ ਜ਼ਿੰਮੇਵਾਰੀਆਂ ਸਮਝਿਆ ਜਾ ਸਕਦਾ ਹੈ। ਗੁਰਮਤਿ ਅਨੁਸਾਰ ਆਪਣੀ ਵਿਵਾਦ ਜਾਂ ਨਫ਼ਰਤ ਨੂੰ ਕਿਸੇ ਵੀ ਰੂਪ ਵਿਚ ਮਾਨਤਾ ਨਹੀਂ ਹੈ ਪਰ ਜੇਕਰ ਕੋਈ ਤਗੜਾ ਮਾੜੇ ਨੂੰ ਮਾਰ ਰਿਹਾ ਹੋਵੇ ਤਾਂ ਸਰਬਉੱਚ ਸਮਰੱਥਾਵਾਨ (ਪ੍ਰਬੰਧਕ ਦਾ ਕਰਤੱਵ ਬਣ ਜਾਂਦਾ ਹੈ ਕਿ ਉਹ ਆਪਣੇ ਪੁਰਸ਼ਤਨ ਦਾ ਪ੍ਰਗਟਾਵਾ ਕਰੇ ਅਤੇ ਅਜਿਹਾ ਅਨਿਆਂ ਨਾ ਹੋਣ ਦੇਵੇ :

*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੦)*

ਰੰਗ-ਤਮਸ਼ਿਆਂ ਵਿਚ ਆਪਣੇ ਕਰਤੱਵਾਂ ਨੂੰ ਭੁੱਲ ਜਾਣ ਵਾਲੇ ਪ੍ਰਬੰਧਕਾਂ ਦੀ ਦਸ਼ਾ ਦਾ ਵਰਣਨ ਰਾਗ ਆਸਾ ਵਿਚ ਦਰਜ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :

*ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥*
*ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੭)*

ਭਾਵ ਅਜਿਹਾ ਪ੍ਰਬੰਧ ਇਕ ਕਲਿਆਣਕਾਰੀ ਪ੍ਰਬੰਧ ਕਿਵੇਂ ਹੋ ਸਕਦਾ ਹੈ ਜਿਸ ਵਿਚ ਪ੍ਰਬੰਧਕ ਰੰਗ-ਤਮਾਸ਼ਿਆ ਵਿਚ ਹੀ ਰੁੱਝੇ ਰਹਿਣ ਵਾਲੇ ਹੋਣ।

ਕਿਸੇ ਵੀ ਸੰਸਥਾ ਦੇ ਨਿਯਮਾਂ ਵਿਚ ਕੁਝ ਅਜਿਹੀ ਵਿਵਸਥਾ ਵੀ ਕੀਤੀ ਜਾਣੀ ਬਣਦੀ ਹੈ, ਜਿਸ ਵਿਚ ਸਹੂਲਤਾਂ ਕੁਝ ਖਾਸ ਲੋਕਾਂ ਕੋਲ ਹੀ ਇਕੱਠੀਆਂ ਨਾ ਹੁੰਦੀਆਂ ਜਾਣ। ਇਹ ਤੱਥ ਅਜੋਕੇ ਯੁੱਗ ਵਿਚ ਸਗੋਂ ਜ਼ਿਆਦਾ ਲਾਗੂ ਹੁੰਦਾ ਹੈ ਕਿਉਂਕਿ ਵਰਤਮਾਨ ਸਮੇਂ ਵਿਚ ਇਕ ਪਾਸੇ ਭੁੱਖੇ ਅਤੇ ਦੂਜੇ ਪਾਸੇ ਲੋੜੋਂ ਵੱਧ ਰੱਜੇ ਲੋਕਾਂ ਵਿਚ ਫਰਕ, ਬਹੁਤਾ ਹੀ ਵੱਧਦਾ ਜਾ ਰਿਹਾ ਹੈ। ਗੁਰਬਾਣੀ ਇਹ ਮੰਨਦੀ ਹੈ ਕਿ ਧਨ-ਦੌਲਤ ਦਾ ਇਕੱਠ ਬਿਨਾਂ ਗ਼ਲਤ ਸਾਧਨ ਵਰਤਿਆਂ ਨਹੀਂ ਹੋ ਸਕਦਾ। ਗ਼ਲਤ ਸਾਧਨਾਂ ਦੀ ਵਰਤੋਂ ਸਮਾਜਿਕ ਕਦਰਾਂ-ਕੀਮਤਾਂ ਨੂੰ ਖੋਰਾ ਲਾਉਂਦੀਆਂ ਅਤੇ ਵਿਅਕਤੀ ਨੂੰ ਸਦੀਵੀ ਮਨਮੁਖ ਬਣਾ ਦਿੰਦੀਆਂ ਹਨ, ਜਿਸ ਦਾ ਉਦੇਸ਼ ਕੇਵਲ ਇਹੀ ਬਣ ਜਾਂਦਾ ਹੈ ਕਿ ਦੁਨੀਆ ਦੇ ਸਾਰੇ ਸੁਖਾਂ ਦਾ ਰਾਹ, ਉਸ ਦੇ ਘਰ ਦੇ ਦਰਵਾਜ਼ੇ 'ਤੇ ਆ ਕੇ ਮੁੱਕੇ। ਗੁਰੂ ਨਾਨਕ ਸਪੱਸ਼ਟ ਕਹਿੰਦੇ ਹਨ :

*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥*
*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੪੧੭)*

ਇਸ ਤੱਥ ਤੋਂ ਸੁਚੇਤ ਰਹਿਣ ਲਈ ਗੁਰਮਤਿ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਸਿਧਾਂਤ 'ਤੇ ਜ਼ੋਰ ਦਿੰਦਾ ਹੈ। ਇਨ੍ਹਾਂ ਤਿੰਨਾਂ ਸਿਧਾਂਤਾਂ ਦੀਆਂ ਅਗਲੇਰੀਆਂ ਵਿਆਖਿਆਵਾਂ ਸੇਵਾ ਕਰਨਾ, ਲੰਗਰ ਅਤੇ ਜਾਤ-ਪਾਤ ਦੇ ਨਿਖੇਧ ਨੂੰ ਵਿਹਾਰ ਵਿਚ ਲਿਆਉਣ ਲਈ ਸਿੱਖਾਂ ਦੀ ਸਭ ਤੋਂ ਪ੍ਰਮੁੱਖ ਸੰਸਥਾ 'ਗੁਰਦੁਆਰਾ' ਹੈ ਜਿਸ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸਿੱਖ-ਸਿਧਾਂਤਾਂ ਦੀ ਲੋਅ ਵਿਚ ਬਣੇ ਕਮੇਟੀ ਦੇ ਵਿਧਾਨ ਦੀ ਜਾਣਕਾਰੀ ਹਰ ਸਿੱਖ ਲਈ ਆਵੱਸ਼ਕ ਹੈ ਤਾਂ ਕਿ ਜੇ ਲੋੜ ਸਮਝੀ ਜਾਏ ਤਾਂ ਵਿਧਾਨ ਨੂੰ ਹੋਰ ਵਧੇਰੇ ਉਪਯੋਗੀ ਅਤੇ ਚੰਗਾ ਬਣਾਇਆ ਜਾ ਸਕੇ। ਸਿੱਖ ਸਿਧਾਂਤਾਂ ਨੂੰ ਘੋਖਣ ਅਤੇ ਮੰਨਣ ਨਾਲ ਕਿਸੇ ਵੀ ਮਤ ਦਾ ਕੋਈ ਵੀ ਮਨੁੱਖ ਊਚ-ਨੀਚ ਅਤੇ ਭ੍ਰਿਸ਼ਟਾਚਾਰ ਦੇ ਰੋਗ ਤੋਂ ਬਚ ਸਕਦਾ ਹੈ। ਇਸ ਪ੍ਰਕਾਰ ਹਉਮੈਂ ਦੀ ਲਾ-ਇਲਾਜ ਬੀਮਾਰੀ ਨੂੰ ਜੜ੍ਹੋਂ ਉਖਾੜਿਆ ਜਾ ਸਕਦਾ ਹੈ ਤੇ ਹਲੀਮੀ ਰਾਜ ਦੀ ਨੀਂਹ ਰੱਖੀ ਜਾ ਸਕਦੀ ਹੈ। ■

# ਗੁਰਦੁਆਰਾ : ਬਹੁਪੱਖੀ ਅਧਿਐਨ

*-ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਗੁਰਦੁਆਰਾ ਸਿੱਖ ਧਰਮ ਦਾ ਕੇਂਦਰੀ ਰੂਹਾਨੀ ਸਥਾਨ ਹੈ। ਇਤਿਹਾਸ ਦੇ ਕਿਸੇ ਵੀ ਦੌਰ ਵਿਚ ਜਦੋਂ ਵੀ ਸਿੱਖ ਪੰਥ ਨੂੰ ਔਕੜਾਂ ਦਾ ਸਾਹਮਣਾ ਕਰਨਾ ਪਿਆ ਤਾਂ ਗੁਰਦੁਆਰੇ ਦੇ ਸੰਸਥਾਗਤ ਉਦੇਸ਼ ਮੁਤਾਬਿਕ ਜਿੱਥੇ ਸਿੱਖਾਂ ਨੇ ਇਸ ਸੰਸਥਾ ਨੂੰ ਜਥੇਬੰਦਕ ਮਜ਼ਬੂਤੀ ਦੇ ਧੁਰੇ ਵਜੋਂ ਵਰਤਿਆ, ਉੱਥੇ ਅਜਿਹੀਆਂ ਔਕੜਾਂ ਵਿਚ ਪੰਥ-ਵਿਰੋਧੀਆਂ ਨੇ ਮੁੱਖ ਤੌਰ 'ਤੇ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ। ਇਸ ਦਾ ਕਾਰਨ ਸੀ ਕਿ ਇਸ ਸੰਸਥਾ ਦਾ ਸਿੱਖ ਧਰਮ ਦੇ ਫੈਲਾਅ ਅਤੇ ਸਿੱਖਾਂ ਨੂੰ ਜਥੇਬੰਦਕ ਮਜ਼ਬੂਤੀ ਪ੍ਰਦਾਨ ਕਰਨ ਵਿਚ ਖ਼ਾਸ ਯੋਗਦਾਨ ਹੈ। ਭਾਈ ਕਾਨ੍ਹ ਸਿੰਘ ਨਾਭਾ ਧਰਮਸ਼ਾਲਾ ਤੋਂ ਗੁਰਦੁਆਰਾ ਦੇ ਉਥਾਨ, ਸਿਧਾਂਤ ਤੇ ਸੰਸਥਾ ਪੱਖੋਂ ਗੁਰਦੁਆਰਾ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ :-

*"੧. ਗੁਰੂ ਦੀ ਮਾਰਫਤ. ਗੁਰੂ ਦੇ ਜਿਰੀਏ। ੨. ਸੰਗਯਾ-ਗੁਰੂ ਦਾ ਘਰ ੩. ਸਿੱਖਾਂ ਦਾ ਧਰਮ ਮੰਦਿਰ. ਉਹ ਅਸਥਾਨ, ਜਿਸ ਨੂੰ ਦਸ ਸਤਿਗੁਰਾਂ ਵਿੱਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ. ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਸਿੱਖਾਂ ਦੇ ਧਰਮ ਮੰਦਿਰ ਦਾ ਨਾਮ "ਧਰਮਸ਼ਾਲਾ" ਰਿਹਾ ਹੈ. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਅਮ੍ਰਿਤ ਸਰੋਵਰ ਦੇ ਧਰਮ ਮੰਦਿਰ ਦੀ "ਹਰਿਮੰਦਰ" ਸੰਗਯਾ ਥਾਪੀ ਅਰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਧਰਮਸ਼ਾਲਾ ਦੀ "ਗੁਰਦੁਆਰਾ" ਸੰਗਯਾ ਹੋਈ ਹੈ.*

*ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਿਗਯਾਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ, ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ। ..."*[੧]

ਉਕਤ ਪਰਿਭਾਸ਼ਾ ਤੋਂ ਗੁਰਦੁਆਰਾ ਦੇ ਮੂਲ ਸਰੋਕਾਰਾਂ ਤੇ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਮਿਲਦੀ ਹੈ। ਗੁਰਦੁਆਰਾ ਦੇ ਸਮੂਹਿਕ ਅਧਿਐਨ ਬਾਰੇ ਅੱਗੇ ਲਿਖੇ ਅਨੁਸਾਰ ਯਤਨ ਕੀਤਾ ਜਾਵੇਗਾ।

## ਗੁਰਦੁਆਰਾ : ਸਿਧਾਂਤਕ ਪੱਖ

ਗੁਰੂ ਸਾਹਿਬਾਨ ਦੇ ਪ੍ਰਕਾਸ਼ ਸਮੇਂ ਦੌਰਾਨ 'ਗੁਰੁ ਜੋਤਿ ਤੇ ਜੁਗਤਿ' ਦੀ

**ਸਹਾਇਕ ਪ੍ਰੋਫ਼ੈਸਰ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ, ਪਟਿਆਲਾ-੧੪੭੦੦੨; ਮੋ. +੯੧੯੪੬੩੮-੬੧੩੧੯*

ਏਕਤਾ ਦੇ ਸਿਧਾਂਤ ਦੀ ਰੋਸ਼ਨੀ ਵਿਚ ਸਮੇਂ-ਸਮੇਂ ਸਿਧਾਂਤ ਅਤੇ ਸੰਸਥਾਵਾਂ ਪ੍ਰਗਟ ਹੁੰਦੇ ਰਹੇ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਜੋ ਵੀ ਸਿਧਾਂਤ ਜਾਂ ਸੰਸਥਾ ਪ੍ਰਗਟ ਹੋਈ ਹੈ, ਉਸ ਦਾ ਬੀਜ ਸ੍ਰੀ ਗੁਰੂ ਨਾਨਕ ਦੇਵ ਜੀ ਵੇਲੇ ਹੀ ਮੌਜੂਦ ਸੀ। ਦੂਸਰੇ ਜਾਮਿਆਂ ਵਿਚ ਕੁਝ ਵੱਖਰਾ ਜਾਂ ਹੋਰ ਨਹੀਂ ਸੀ ਹੋਇਆ। ਸਿਰਫ ਪ੍ਰਗਟ ਰੂਪ ਜਾਂ ਵਾਧਾ ਹੀ ਹੋਇਆ। ਇਸ ਤਰ੍ਹਾਂ 'ਗੁਰਦੁਆਰਾ' ਸਿਧਾਂਤ ਪੱਖੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਹੀ ਹੋਂਦ ਵਿਚ ਆ ਗਿਆ ਸੀ। ਦੇਹ ਸਰੂਪ ਵਿਚ ਗੁਰੂ ਸਾਹਿਬਾਨ ਦੀ ਮੌਜੂਦਗੀ ਨਾਲ ਇਹ ਸਿਧਾਂਤ ਦੇਹ ਸਰੂਪ ਨਾਲ ਇਕਸੁਰ ਸੀ। ਗੁਰੂ ਸਾਹਿਬਾਨ ਜਿੱਥੇ ਪਹੁੰਚੇ ਉੱਥੇ ਗੁਰਦੁਆਰਾ ਸਾਹਿਬ ਉਸਾਰਿਆ ਗਿਆ। ਇਸ ਤਰ੍ਹਾਂ ਉਸ ਵੇਲੇ ਇਸ ਦੇ ਸਿਧਾਂਤਕ ਪਹਿਲੂ ਨੂੰ ਨਿਖੇੜ ਕੇ ਨਹੀਂ ਦੇਖ ਸਕਦੇ। ਸਿੱਖ ਸੰਗਤ ਦਾ 'ਗੁਰੂ ਦੁਆਰੇ' ਜੁੜਨ ਦਾ ਪ੍ਰਥਮ ਚਰਨ 'ਗੁਰਦੁਆਰਾ' ਦੇ ਸਿਧਾਂਤਕ ਪਹਿਲੂ ਨਾਲ ਹੀ ਜੁੜਿਆ ਹੋਇਆ ਹੈ। ਸਿੱਖ ਦੀ ਗਤੀ ਗੁਰੂ ਦੁਆਰਾ ਹੀ, ਗੁਰੂ ਨਾਲ ਜੁੜ ਕੇ ਹੁੰਦੀ ਹੈ। ਇਹ ਗੁਰੂ ਦੀ ਮਿਹਰ ਜਾਂ ਬਖਸ਼ਿਸ਼ ਦਾ ਅਦ੍ਰਿਸ਼ਟ ਵਰਤਰਾ ਹੈ ਜੋ ਗੁਰਸਿੱਖ ਦੇ 'ਸਚਿਆਰ' ਜੀਵਨ 'ਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ।

ਜਿਗਿਆਸੂ ਦੀ ਆਤਮਕ ਅਤੇ ਮਾਨਸਿਕ ਨਿਰਮਲਤਾ ਲਈ ਜਾਂ ਇਹ ਕਿਹਾ ਜਾਵੇ ਕਿ ਇਸ ਦੀ ਸਮੂਹਿਕ ਮੁਕਤੀ ਲਈ ਗੁਰਬਾਣੀ ਵਿਚ ਮਨੁੱਖ ਨੂੰ ਗੁਰੂ ਦਰ, ਗੁਰੂ ਦੁਆਰਾ, ਗੁਰੂ ਸੰਗਤ, ਗੁਰੂ ਸੰਗ, ਗੁਰਮਤਿ, ਗੁਰੂ ਦਰਸ਼ਨ ਅੱਗੇ 'ਢਹਿ ਪੈਣ' ਜਾਂ 'ਕੁਰਬਾਣ ਹੋਣ' ਦਾ ਉਪਦੇਸ ਹੈ।[੨] ਇਸ ਪੂਰਨ ਸਮਰਪਣਾ ਵਿਚ 'ਹਉਮੈਂ' ਦਾ ਅਭਾਵ ਮੁਢਲੀ ਸ਼ਰਤ ਹੈ। ਇਸ ਤਰ੍ਹਾਂ 'ਗੁਰੂ ਦੁਆਰਾ' ਦਾ ਮਿਲਾਪ ਮਨੁੱਖ ਨੂੰ ਪਰਮਗਤੀ ਦਾ ਫਲ ਪ੍ਰਦਾਨ ਕਰਵਾ ਦਿੰਦਾ ਹੈ। ਇਕ ਗੱਲ ਧਿਆਨਯੋਗ ਹੈ ਕਿ 'ਗੁਰਦੁਆਰਾ' ਦੀ ਸੰਸਥਾ ਵਜੋਂ ਸਥਾਪਤੀ ਨਾਲ ਇਸ ਦੇ ਸਿਧਾਂਤਕ ਪੱਖ ਦੀ ਅਹਿਮੀਅਤ ਘੱਟ ਨਹੀਂ ਜਾਂਦੀ। ਸਗੋਂ ਸਿਧਾਂਤਕ ਪੱਖ ਨਾਲ 'ਗੁਰਦੁਆਰਾ' ਦਾ ਸੰਸਥਾਤਮਕ ਪੱਖ ਬ੍ਰਹਿਮੰਡੀ ਦਿਸ਼ਾ ਤੇ ਦਸ਼ਾ ਦਾ ਧਾਰਨੀ ਬਣ ਜਾਂਦਾ ਹੈ। ਤਾਂ ਸਾਧਕ ਦੋਹਾਂ ਪੱਖਾਂ (ਸਿਧਾਂਤ ਤੇ ਸੰਸਥਾ) ਦੀ ਰੋਸ਼ਨੀ ਵਿਚ ਸੋਝੀ ਪ੍ਰਾਪਤ ਕਰਦਾ ਹੈ :

*ਗੁਰੂ ਦੁਆਰੈ ਹੋਇ ਸੋਝੀ ਪਾਇਸੀ॥*[੩]

ਗੁਰਦੁਆਰਾ ਸੰਸਥਾ : ਪੁਰਾਤਨ ਸਰੂਪ 'ਧਰਮਸ਼ਾਲਾ'

ਸਿੱਖ ਧਰਮ ਦਾ ਮੁਢਲਾ ਪ੍ਰਚਾਰ ਕੇਂਦਰ 'ਧਰਮਸ਼ਾਲਾ' ਦੇ ਰੂਪ ਵਿਚ ਸੁਰਜੀਤ ਹੋਇਆ ਸੀ। ਅਜੋਕੀ 'ਗੁਰਦੁਆਰਾ' ਸੰਸਥਾ ਇਸ ਦਾ ਹੀ ਵਿਸਥਾਰ ਰੂਪ ਹੈ। ਇਤਿਹਾਸ ਦੇ ਅਮਲ ਵਿੱਚੋਂ ਇਹ ਵਰਤਾਰਾ ਸਾਹਮਣੇ ਆਉਂਦਾ ਹੈ ਕਿ ਗੁਰਦੁਆਰੇ ਜਾਂ ਗੁਰਧਾਮ ਵੱਡੇ ਨਗਰਾਂ ਵਿਚ ਸਿੱਖੀ ਦੇ ਕੇਂਦਰ ਸਨ ਅਤੇ ਆਮ ਨਗਰਾਂ ਵਿਚ ਧਰਮਸ਼ਾਲਾ

ਹੀ ਧਰਮ-ਪ੍ਰਚਾਰ ਦੇ ਮਾਧਿਅਮ ਵਜੋਂ ਵਰਤੀ ਜਾਂਦੀ ਸੀ।

ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਚਾਰ ਫੇਰੀਆਂ ਨਾਲ ਹੀ ਘਰ-ਘਰ ਧਰਮਸ਼ਾਲਾ ਸਥਾਪਿਤ ਹੋ ਗਈ ਸੀ, ਜਿੱਥੇ ਰੋਜ਼ਾਨਾ ਕੀਰਤਨ ਦਾ ਪ੍ਰਵਾਹ ਚੱਲਦਾ ਸੀ। ਧਰਮਸ਼ਾਲਾ, ਜਿੱਥੇ ਵੀ ਗੁਰੂ ਸਾਹਿਬ ਦੇ ਚਰਨ ਪੈਂਦੇ ਸਨ ਉੱਥੇ ਸਥਾਪਿਤ ਹੁੰਦੀ ਸੀ ਅਤੇ ਇਹ ਵੀ ਗਿਆਤ ਹੁੰਦਾ ਹੈ ਕਿ ਧਰਮਸ਼ਾਲਾ ਦਾ ਰੂਹਾਨੀ ਸਥਾਨ ਇਤਿਹਾਸ ਦੇ ਬਾਕੀ ਮਤ-ਮਤਾਂਤਰਾਂ ਨਾਲੋਂ ਵਿਲੱਖਣ ਤੇ ਨਿਆਰਾ ਸੀ।[੪] ਇਹ ਰੋਜ਼ਾਨਾ ਦੀ ਜ਼ਿੰਦਗੀ ਵਿੱਚੋਂ ਮਨਫੀ ਮਹਿਜ਼ ਇਕ ਮੱਠ ਜਾਂ ਡੇਰਾ ਨਹੀਂ ਸੀ। ਸਗੋਂ ਜੀਵਨ ਕਣੀ ਪ੍ਰਦਾਨ ਕਰਨ ਵਾਲਾ ਪਵਿੱਤਰ ਸਥਾਨ ਸੀ ਜਿੱਥੇ ਸਮੁੱਚੇ ਜੀਵਨ ਦੀ ਘਾੜਤ ਘੜੀ ਜਾਂਦੀ ਸੀ। ਇਹ ਸਥਾਨ 'ਧਰਤੀ ਧਰਮਸ਼ਾਲ'[੫] ਉੱਤੇ ਹੋਣ ਵਾਲੇ ਸ਼ੁਭ ਕਾਰਜਾਂ ਲਈ ਇਕ ਮਾਡਲ ਸੀ, ਜਿਸ ਦੇ ਵਰਤਾਰੇ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਗੁਰੂ ਮਹਾਰਾਜ ਜੀ ਦੇ ਕਰਤਾਰਪੁਰ ਟਿਕਾਣੇ ਵਾਲੀ ਪਉੜੀ ਵਿਚ ਕੀਤਾ ਹੈ।[੬] ਭਾਵੇਂ ਛੇਵੇਂ ਪਾਤਸ਼ਾਹ ਵੇਲੇ ਧਰਮਸ਼ਾਲਾ ਦਾ ਗੁਰਦੁਆਰਾ ਵਿਚ ਤਬਦੀਲ ਹੋਣ ਦਾ ਜ਼ਿਕਰ ਆਉਂਦਾ ਹੈ ਲੇਕਿਨ ਸਿੰਘ ਸਭਾ ਲਹਿਰ ਵੇਲੇ ਵੀ ਛੋਟੇ ਨਗਰਾਂ ਵਿਚ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੇ ਕੇਂਦਰ ਵਜੋਂ ਧਰਮਸ਼ਾਲਾ ਕਾਇਮ ਸੀ। ਲਹਿਰ ਦੇ ਸਿਰਕੱਢ ਪੰਜਾਬੀ ਅਖਬਾਰ 'ਖ਼ਾਲਸਾ ਸਮਾਚਾਰ' ਵਿਚ ਧਰਮਸ਼ਾਲਾ ਦੀਆਂ ਕੁਝ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ ਗਿਆ ਹੈ :

ੳ) ਧਰਮਸ਼ਾਲਾ ਵਿਚ ਸਤਿਸੰਗ, ਬਾਣੀ, ਕੀਰਤਨ ਸੁਣਨ-ਗਾਉਣ ਦੇ ਮੰਤਵ ਲਈ ਕੇਵਲ ਸਿੱਖ ਹੀ ਨਹੀਂ, ਕੋਈ ਵੀ ਆ ਸਕਦਾ ਸੀ।

ਅ) ਧਰਮਸ਼ਾਲਾ ਵਿਚ ਪਿੰਡ ਦੇ ਮੁੰਡੇ-ਕੁੜੀਆਂ ਗੁਰਮੁਖੀ ਪੜ੍ਹਦੇ ਸਨ। ਧਰਮਸ਼ਾਲਾ ਦਾ ਗ੍ਰੰਥੀ ਭਾਈ ਹੀ ਅਧਿਆਪਕ ਦਾ ਕਾਰਜ ਕਰਦਾ ਸੀ।

ੲ) ਬਾਹਰੋਂ ਆਏ ਸਿੱਖ-ਸੰਤ ਵੀ ਧਰਮਸ਼ਾਲਾ ਵਿਚ ਉਤਾਰਾ ਕਰਦੇ ਸਨ। ਭਾਈ ਜੀ ਜੋ ਪ੍ਰਸ਼ਾਦੇ ਉਗਰਾਹ ਕੇ ਲਿਆਉਂਦੇ ਸਨ, ਉਹ ਵੀ ਉਸ ਨਾਲ ਹੀ ਗੁਜ਼ਾਰਾ ਕਰ ਲੈਂਦੇ ਸਨ।[੭]

ਸ) ਧਰਮਸ਼ਾਲਾ ਵਿਚ ਆਸਾ ਦੀ ਵਾਰ ਅਤੇ ਰਹਰਾਸਿ ਦਾ ਰੋਜ਼ਾਨਾ ਦੀਵਾਨ ਲਗਦਾ ਸੀ।

ਹ) ਧਰਮਸ਼ਾਲਾ ਦੇ ਭਾਈ ਦਾ ਪਰਵਾਰ ਸਮੁੱਚੇ ਪਿੰਡ ਲਈ ਜੀਵਨ ਦਾ ਆਦਰਸ਼ ਬਣਦੇ ਸਨ।

ਕ) ਧਰਮਸ਼ਾਲਾ ਵਿਚ ਵਿੱਦਿਆ ਅਤੇ ਸਤਿਸੰਗ ਦਾ ਸੁਮੇਲ ਪੈਦਾ ਕੀਤਾ ਜਾਂਦਾ ਸੀ।

ਉਸ ਸਮੇਂ ਧਰਮਸ਼ਾਲਾ ਨਾਲ ਦੋ ਪ੍ਰਮੁੱਖ ਸਮੱਸਿਆਵਾਂ ਜੁੜੀਆਂ ਹੋਈਆਂ ਸਨ। ਇਕ ਧਰਮਸ਼ਾਲਾ ਬਣਾਉਣਾ ਅਤੇ ਦੂਸਰਾ ਬਣੀਆਂ ਹੋਈਆਂ ਨੂੰ ਕਾਇਮ ਰੱਖਣਾ। ਉਸ ਸਮੇਂ ਬਣਾਉਣ ਦਾ ਕੰਮ ਤਾਂ ਕੁਝ ਹੋ ਰਿਹਾ ਸੀ, ਕਿੰਤੂ ਧਰਮਸ਼ਾਲਾ ਨੂੰ ਕਾਇਮ

ਰੱਖਣ ਦਾ ਸ਼ੌਕ ਖ਼ਤਮ ਹੋ ਰਿਹਾ ਸੀ।[੮] 'ਖ਼ਾਲਸਾ ਸਮਾਚਾਰ' ਦਾ ਧਰਮਸ਼ਾਲਾ ਸੰਬੰਧੀ ਦ੍ਰਿੜ੍ਹ ਵਿਚਾਰ ਸੀ ਕਿ ਇਨ੍ਹਾਂ ਦੀ ਉਸਾਰੀ ਅਤੇ ਸੰਭਾਲ ਨੂੰ ਧਾਰਮਿਕ ਫ਼ਰਜ਼ ਵਜੋਂ ਲੈਣਾ ਚਾਹੀਦਾ ਹੈ ਅਤੇ ਅਜਿਹਾ ਹੋਣ ਨਾਲ ਇੱਥੇ ਬੱਚਿਆਂ ਨੂੰ ਪ੍ਰਾਇਮਰੀ ਸਕੂਲ ਜਿਤਨੀ ਵਿੱਦਿਆ ਮੁਹੱਈਆ ਕਰਵਾਈ ਜਾ ਸਕਦੀ ਹੈ।[੯]

ਗੁਰਦੁਆਰਾ : ਮੌਜੂਦਾ ਸੰਸਥਾਤਮਕ ਸਰੂਪ

ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਦਿੱਤੀ 'ਗੁਰਦੁਆਰਾ' ਦੀ ਪਰਿਭਾਸ਼ਾ ਵਿਚ 'ਗੁਰਦੁਆਰਾ' ਸੰਸਥਾ ਦਾ ਸਮੁੱਚਾ ਪੱਖ ਆ ਗਿਆ ਹੈ। ਧਰਮਸ਼ਾਲਾ ਤੋਂ ਗੁਰਦੁਆਰਾ ਸਰੂਪ ਤਕ ਗੁਰਦੁਆਰਾ ਸੰਸਥਾ ਦਾ ਸਿਧਾਂਤਕ ਸਰੂਪ ਉਹੀ ਹੈ ਲੇਕਿਨ ਇਤਿਹਾਸਿਕ ਤੇ ਸੰਸਥਾਤਮਕ ਪੱਖੋਂ 'ਗੁਰਦੁਆਰਾ' ਦਾ ਖੇਤਰ ਵਧੇਰੇ ਵਿਸ਼ਾਲ ਹੋ ਗਿਆ ਹੈ। 'ਗੁਰੂ ਦੀ ਸੇਵਾ' ਅਤੇ 'ਗੁਰਦੁਆਰੇ ਦੀ ਸੇਵਾ' ਦੇ ਸੰਕਲਪ ਪਰਸਪਰ ਏਕਤਾ ਦੇ ਧਾਰਨੀ ਬਣ ਗਏ ਹਨ। ਸਿੱਖ ਅਰਦਾਸ ਵਿਚਲੇ 'ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ' ਅਤੇ '...ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ' ਦੇ ਬੁਲੰਦ ਬੋਲੇ 'ਗੁਰਦੁਆਰਾ' ਦੀ ਆਤਮਕ ਪਵਿੱਤਰਤਾ ਦੇ ਜਾਮਨ ਹਨ।

ਗੁਰਦੁਆਰਾ ਸੰਸਥਾ ਦਾ ਸਥੂਲ ਸਰੂਪ ਵਿਚ ਆਉਣ ਦੇ ਬਾਵਜੂਦ ਵੀ ਇੱਥੇ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ' ਵਾਲਾ ਅਮਲ ਜਾਰੀ ਰਹਿੰਦਾ ਹੈ। ਸੰਗਤ ਜੁੜ ਕੇ ਆਤਮਿਕ ਅਭਿਆਸ ਉਹੀ ਕਰਦੀ ਹੈ। ਬਾਕੀ ਧਾਰਮਿਕ ਸਥਾਨਾਂ ਨਾਲੋਂ ਇਹੀ ਫਰਕ ਹੈ ਕਿ ਇੱਥੇ ਕੇਵਲ ਵਾਹਿਗੁਰੂ ਦੀ ਵਡਿਆਈ ਕੀਤੀ ਜਾਂਦੀ ਹੈ। ਧਾਰਮਿਕ ਕਾਂਡ ਅਤੇ ਭੇਖ ਨੂੰ ਇੱਥੇ ਕੋਈ ਥਾਂ ਨਹੀਂ। ਸਗੋਂ ਅਜਿਹੇ ਅਗਿਆਨਮਈ ਅਤੇ ਅੰਧ-ਵਿਸ਼ਵਾਸੀ ਕਰਮਾਂ ਨੂੰ ਧਾਰਮਿਕ ਕਹਿ ਕੇ ਪ੍ਰਚਾਰਨ ਦੀ ਅਧਾਰਮਿਕ ਬਿਰਤੀ/ਅਭਿਆਸ ਬਾਰੇ ਗੁਰਬਾਣੀ ਦੀ ਰੋਸ਼ਨੀ ਵਿਚ ਦੂਰ ਕਰਨ ਦਾ ਸੁਘੜ ਉੱਦਮ ਕੀਤਾ ਜਾਂਦਾ ਹੈ। 'ਗੁਰਦੁਆਰਾ' ਦੇ ਪਹਿਲੇ ਅਤੇ ਪ੍ਰਮੁੱਖ ਲੱਛਣ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

*ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ॥*
*ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ॥*
*ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੋ ਜੀਉ॥*[੧੦]

ਗੁਰਦੁਆਰਾ : ਸਿੱਖ ਆਚਾਰ ਦੀ ਪ੍ਰਯੋਗਸ਼ਾਲਾ

ਗੁਰਦੁਆਰਾ ਉਹ ਪ੍ਰਯੋਗਸ਼ਾਲਾ ਹੈ ਜਿੱਥੇ ਮਨੁੱਖ ਦਾ ਜੀਵਨ ਘੜ ਕੇ ਇਕ ਸਿੱਖੀ ਦੇ ਨਮੂਨੇ ਦਾ ਜੀਵਨ ਬਣਦਾ ਹੈ। ਸਿੱਖੀ ਦੇ ਜਿਤਨੇ ਵੀ ਪ੍ਰਮੁੱਖ ਸਰੋਕਾਰ ਅੰਮ੍ਰਿਤ ਵੇਲਾ, ਨਿੱਤਨੇਮ (ਨਿੱਤਨੇਮ ਦਾ ਪਾਠ, ਅਰਦਾਸ, ਹੁਕਮਨਾਮਾ), ਕੀਰਤਨ, ਕਥਾ, ਕੜਾਹ-ਪ੍ਰਸ਼ਾਦਿ, ਸੰਗਤ-ਪੰਗਤ, ਸੇਵਾ (ਲੰਗਰ, ਝਾੜੂ, ਪੱਖਿਆਂ ਅਤੇ

ਜੋੜਿਆਂ ਦੀ) ਆਦਿ ਦੇ ਹਨ, ਇਨ੍ਹਾਂ ਸਾਰਿਆਂ ਦਾ ਅਭਿਆਸ ਗੁਰਦੁਆਰੇ ਵਿਚ ਨਿਤਾ-ਪ੍ਰਤੀ ਹੁੰਦਾ ਹੈ। ਸਿੱਖੀ ਦਾ 'ਨਾਮ, ਦਾਨ, ਇਸ਼ਨਾਨ' ਦਾ ਤ੍ਰੈ-ਨੁਕਾਤੀ ਪ੍ਰੋਗਰਾਮ ਹੈ। ਗੁਰਦੁਆਰੇ ਦੇ ਸਮੁੱਚੇ ਅਮਲ ਅਤੇ ਮਰਯਾਦਾ ਵਿੱਚੋਂ ਇਸ ਦੇ ਦਰਸ਼ਨ ਤੇ ਦ੍ਰਿੜ੍ਹ ਕਰਵਾਉਣ ਦੀ ਅਭਿਲਾਸ਼ਾ ਪੂਰਤੀ ਹੁੰਦੀ ਹੈ।[੧੧] ਜਿਗਿਆਸੂ ਜਦ ਸ਼ਰਧਾ ਸਹਿਤ ਰੋਜ਼ਾਨਾ ਗੁਰਦੁਆਰੇ ਜਾਂਦਾ ਹੈ ਤਾਂ ਜਿੱਥੇ ਉਹ ਗੁਰੂ ਦੀ ਸੰਗਤ ਨਾਲ 'ਨਾਮ' ਦੀ ਆਤਮਿਕ ਤ੍ਰਿਪਤੀ ਮਾਣਦਾ ਹੈ ਉੱਥੇ 'ਦਾਨ' ਨਾਲ ਵੰਡ ਛਕਣ ਦੇ ਉਪਦੇਸ਼ ਦੀ ਪਾਲਣਾ ਕਰਦਾ ਹੈ ਅਤੇ 'ਇਸ਼ਨਾਨ' ਨਾਲ ਸਰੀਰਕ ਸਵੱਛਤਾ ਨਿਰੰਤਰ ਜਾਰੀ ਰੱਖਦਾ ਹੈ। ਗੁਰ ਸਥਾਨਾਂ 'ਤੇ ਸਰੋਵਰ ਇਸੇ ਕਾਰਜ ਦੀ ਪੂਰਤੀ ਦੇ ਲਖਾਇਕ ਹਨ। ਰੋਜ਼ਾਨਾ ਦੀ ਸਿੱਖ ਅਰਦਾਸ ਦਾ ਅਭਿਆਸ ਗੁਰਦੁਆਰੇ ਵਿਚ ਹੁੰਦਾ ਹੈ। 'ਦੇਗ ਤੇਗ ਫ਼ਤਹ' ਦਾ ਆਦਰਸ਼ ਵੀ ਇੱਥੇ ਰੂਪਮਾਨ ਹੁੰਦਾ ਹੈ। ਸਿੱਖੀ ਦੀ ਇਸ ਪ੍ਰਯੋਗਸ਼ਾਲਾ ਵਿਚ ਆਤਮਕ ਅਤੇ ਸਦਾਚਾਰਕ ਪੱਖ ਇਕਸਾਰ ਚੱਲਦੇ ਹਨ। ਅਨੁਸ਼ਾਸਨ, ਤਨਦੇਹੀ ਅਤੇ ਇਮਾਨਦਾਰੀ ਨਾਲ ਇੱਥੇ ਸਾਰਾ ਕਾਰਜ ਸੰਗਤੀ ਰੂਪ ਵਿਚ ਆਪਣੇ ਚਾਅ ਨਾਲ ਹੁੰਦਾ ਹੈ। ਅਜੋਕੇ ਦੌਰ ਵਿਚ ਗੁਰਦੁਆਰਿਆਂ ਦੀ ਵੱਖ-ਵੱਖ ਸੇਵਾ ਲਈ ਸੇਵਾਦਾਰ ਭਰਤੀ ਕੀਤੇ ਜਾਂਦੇ ਹਨ। ਪਰ ਫਿਰ ਵੀ ਕੁਝ ਕਾਰਜ ਸੰਗਤ ਦੁਆਰਾ ਹੀ ਕੀਤੇ ਜਾਂਦੇ ਹਨ। ਇਸ ਤਰ੍ਹਾਂ ਗੁਰਦੁਆਰਾ ਸਾਹਿਬਾਨ ਵਿਚ ਕੀਤੇ ਜਾਂਦੇ ਧਰਮ ਦੇ ਕਾਰਜ ਸਮਾਜ ਵਿਚ ਜਨ-ਕਲਿਆਣ ਲਈ ਚਾਨਣ-ਮੁਨਾਰਾ ਬਣ ਜਾਂਦੇ ਹਨ ਅਤੇ ਗੁਰਸਿੱਖ ਬਾਹਰ ਵੀ ਗੁਰੂ-ਘਰ ਦੀ ਸੇਵਾ ਭਾਵਨਾ ਨਾਲ ਇਨ੍ਹਾਂ ਕਾਰਜਾਂ ਵਿਚ ਜੁਟ ਜਾਂਦੇ ਹਨ। ਅਜੋਕੇ ਦੌਰ ਵਿਚ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ', 'ਖਾਲਸਾ ਏਡ' ਆਦਿ ਵਰਗੀਆਂ ਸੇਵਾ ਦੀਆਂ ਜਥੇਬੰਦੀਆਂ ਇਸ ਦੀ ਮਿਸਾਲ ਹਨ। ਸਮਾਜ ਸੇਵਾ ਦੇ ਕਾਰਜਾਂ ਵਿਚ ਸਿੱਖ ਵਾਹ-ਵਾਹ ਖੱਟਣ ਲਈ ਜਾਂ ਕੇਵਲ ਮਾਨਵਤਾ ਦੇ ਸਰੋਕਾਰ ਨੂੰ ਮੁੱਖ ਰੱਖ ਕੇ ਨਹੀਂ ਕਰਦੇ ਸਗੋਂ *ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥* ਦੇ ਗੁਰ ਉਪਦੇਸ਼ ਨੂੰ ਕਮਾਉਣ ਦੀ ਖਾਤਰ ਨਿਸ਼ਕਾਮ ਅਤੇ ਕੁਰਬਾਨੀ ਦੀ ਭਾਵਨਾ ਨਾਲ ਕਰਦੇ ਹਨ। ਇਸ ਨਿਸ਼ਾਕਮ ਸੇਵਾ ਦਾ ਪ੍ਰਬੰਧ ਪੱਖੋਂ ਵੀ ਭਾਰੀ ਫਾਇਦਾ ਹੁੰਦਾ ਹੈ। ਕਿਸੇ ਤਰ੍ਹਾਂ ਦੇ ਭ੍ਰਿਸ਼ਟਾਚਾਰ ਜਾਂ ਧਾਂਦਲੀਆਂ ਦਾ ਡਰ ਨਹੀਂ ਰਹਿੰਦਾ। ਡਿਊਟੀ ਨਾ ਸਮਝ ਕੇ ਤਨਦੇਹੀ ਨਾਲ ਕੀਤੀ ਇਸ ਸੇਵਾ ਦਾ ਆਤਮਕ ਫ਼ਲ ਵੀ ਹੈ ਅਤੇ ਪ੍ਰਬੰਧਕੀ ਕਾਮਯਾਬੀ ਵੀ ਪ੍ਰਾਪਤ ਹੁੰਦੀ ਹੈ।

ਬੱਚਿਆਂ ਵਿਚ ਸਿੱਖੀ ਦੀ ਲਗਨ, ਸੇਵਾ, ਸ਼ਰਧਾ, ਭਾਵਨਾ, ਸਿੱਖਿਆ, ਅਨੁਸ਼ਾਸਨ ਅਤੇ ਮਰਯਾਦਾ ਪਾਲਣ ਪੈਦਾ ਕਰਨ ਲਈ ਗੁਰਦੁਆਰਾ ਤੋਂ ਬਿਨਾਂ ਹੋਰ ਕੋਈ ਕਾਰਗਰ ਜ਼ਰੀਆ ਨਹੀਂ। ਬੱਚਿਆਂ ਦੀ ਇੱਥੇ ਰੋਜ਼ਾਨਾ ਹਾਜ਼ਰੀ ਨਾਲ ਉਨ੍ਹਾਂ ਵਿਚ ਜਿੱਥੇ ਗੁਰੂ ਪ੍ਰਤੀ ਸ਼ਰਧਾ ਪੈਦਾ ਹੁੰਦੀ ਹੈ, ਉੱਥੇ ਸਿਧਾਂਤਾਂ ਅਤੇ ਮਰਯਾਦਾ ਬਾਰੇ ਵੀ ਉੱਤਮ

ਸਿੱਖਿਆ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਜਾਂਦੀ ਹੈ। ਗੁਰਦੁਆਰਾ ਵਿਚ ਜਿੱਥੇ ਗੁਰਬਾਣੀ ਗਾਉਣ, ਸੁਣਨ ਅਤੇ ਪੜ੍ਹਨ ਦੀ ਚੇਟਕ ਲਗਦੀ ਹੈ, ਉੱਥੇ ਸਿੱਖੀ ਅਮਲ ਦਾ ਗੂੜ੍ਹਾ ਰੰਗ ਚੜ੍ਹਦਾ ਹੈ। ਲੰਗਰ ਦੀ ਸੇਵਾ ਅਤੇ ਜੋੜਿਆਂ ਦੀ ਸੇਵਾ ਵਿਚ ਬੱਚਿਆਂ ਦਾ ਚਾਅ ਇਸ ਰੰਗ ਦਾ ਪ੍ਰਮਾਣ ਹੈ।

ਇਸ ਤਰ੍ਹਾਂ 'ਗੁਰਦੁਆਰਾ' ਸਿੱਖ ਆਚਾਰ-ਵਿਵਹਾਰ ਲਈ ਇਕ ਪ੍ਰਯੋਗਸ਼ਾਲਾ ਹੈ। ਇਸ ਦਾ ਇਕ ਸਿੱਖ ਦੇ ਜੀਵਨ ਵਿਚ ਵੀ ਵਿਸ਼ੇਸ਼ ਲਾਭ ਹੈ ਅਤੇ ਇਹ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਵੀ ਇਕ ਉੱਤਮ ਕੇਂਦਰੀ ਸਥਾਨ ਹੈ।

ਗੁਰਦੁਆਰਾ : ਇਤਿਹਾਸਿਕ ਪੱਖ

ਗੁਰਦੁਆਰਿਆਂ ਦੀ ਇਤਿਹਾਸਿਕ ਮਹੱਤਤਾ ਦਾ ਵੀ ਹਰ ਸਿੱਖ ਕਾਇਲ ਹੈ ਅਤੇ ਇਨ੍ਹਾਂ ਦੇ ਦਰਸ਼ਨ ਕਰ ਕੇ ਪ੍ਰਾਣੀ ਸੰਬੰਧਿਤ ਗੁਰਧਾਮ ਦੇ ਇਤਿਹਾਸ ਤੋਂ ਜਾਣੂ ਹੁੰਦਾ ਹੈ ਅਤੇ ਸੰਬੰਧਿਤ ਇਤਿਹਾਸਿਕ ਪਲਾਂ ਨਾਲ ਇਕ ਸੁਰ ਹੋਣ ਦਾ ਯਤਨ ਕਰਦਾ ਹੈ। ਇਸ ਸੰਬੰਧੀ ਵਿਚਾਰਨਯੋਗ ਨੁਕਤਾ ਇਹ ਹੈ ਕਿ ਗੁਰਧਾਮਾਂ ਦੀ ਇਤਿਹਾਸਿਕ ਮਹੱਤਤਾ ਅਤੇ ਧਾਰਮਿਕ ਸਿਧਾਂਤਾਂ ਦੀ ਪਰਿਪਾਲਣਾ ਦੇ ਅਮਲ ਨੂੰ ਰਲਗੱਡ ਕਰਨ ਨਾਲ ਇਤਿਹਾਸਿਕ ਪੱਖ ਪੇਤਲਾ ਪੈਣ ਲੱਗ ਜਾਂਦਾ ਹੈ। ਦੂਸਰੇ ਸ਼ਬਦਾਂ ਇਤਿਹਾਸਿਕ ਮਹੱਤਤਾ ਸਮੇਂ ਅਤੇ ਸਥਾਨ ਦੇ ਚੱਕਰ ਤੋਂ ਮੁਕਤ ਨਹੀਂ ਹੋ ਸਕਦੀ। ਇਸ ਲਈ ਇਹ ਜ਼ਰੂਰੀ ਹੈ ਕਿ ਕਿਸੇ ਗੁਰਦੁਆਰੇ ਦੀ ਇਤਿਹਾਸਿਕ ਮਹੱਤਤਾ ਬਰਕਰਾਰ ਰੱਖਣ ਲਈ ਉਸ ਦੇ ਮੁਢਲੇ ਸਰੂਪ (ਸਿਧਾਂਤਕ) ਨੂੰ ਸੰਭਾਲ ਕੇ ਰੱਖਿਆ ਜਾਵੇ।

ਗੁਰਧਾਮਾਂ ਦੀ ਇਤਿਹਾਸਿਕ ਮਹੱਤਤਾ ਬਰਕਰਾਰ ਰੱਖਣ ਲਈ ਉਕਤ ਧਾਰਨਾ ਨੂੰ ਲੈ ਕੇ ਚੱਲਣਾ ਜ਼ਰੂਰੀ ਹੈ। ਗੁਰਦੁਆਰੇ ਦੀ ਇਮਾਰਤ ਅਤੇ ਸੰਬੰਧਿਤ ਵਸਤੂਆਂ ਕਿਤਨੀਆਂ ਵੀ ਪੁਰਾਣੀਆਂ ਹੋ ਜਾਣ, ਉਨ੍ਹਾਂ ਦੀ ਦਿਖ ਦਾ ਬਦਲ ਜਾਣਾ ਕੁਦਰਤੀ ਬਜ਼ੁਰਗੀ ਨੂੰ ਉਠਾਉਣ ਦੇ ਤੁਲ ਹੈ। ਪੰਜਾ ਸਾਹਿਬ ਵਿਚ ਇਕ ਪੱਥਰ 'ਤੇ ਉੱਕਰੇ ਪੰਜੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਇਤਿਹਾਸਿਕ ਵਾਕਿਆ ਜੁੜਿਆ ਹੋਇਆ ਹੈ। ਜਿੱਥੇ ਪੰਜੇ ਦਾ ਨਿਸ਼ਾਨ ਸੀ, ਉੱਥੋਂ ਪਹਾੜ ਨੂੰ ਤਿਰਛਾ ਕਰ ਕੇ ਛੋਟਾ ਕਰ ਦਿੱਤਾ ਗਿਆ। 'ਖ਼ਾਲਸਾ ਸਮਾਚਾਰ' ਅਨੁਸਾਰ ਮਨੁੱਖ ਦੀ ਇਸ ਕਾਰੀਗਰੀ ਨੇ ਇਸ ਦੀ ਇਤਿਹਾਸਿਕ ਬਜ਼ੁਰਗੀ ਖੋ ਦਿੱਤੀ ਹੈ। ਇਸ ਦੇ ਸੰਬੰਧ ਵਿਚ ਇਕ ਹੇਠ ਲਿਖਿਆ ਬੇਨਤੀਨੁਮਾ ਨੋਟ ਵੀ ਪ੍ਰਕਾਸ਼ਿਤ ਕੀਤਾ ਗਿਆ :

*"ਅਸੀਂ ਆਪਣੇ ਪੰਥ ਦੇ ਪਿਆਰਿਆਂ ਪ੍ਰਤੀ ਅਰੁ ਗੁਰਦਵਾਰਿਆਂ ਦੇ ਸਜਨਾਂ ਪ੍ਰਤੀ (ਅੱਗੇ) ਬੇਨਤੀ ਕਰਦੇ ਹਾਂ ਕਿ ਜਿੱਥੇ ਕਿਤੇ ਗੁਰੂ ਮਹਾਰਾਜ ਜੀ ਦੀ ਪਵਿੱਤ੍ਰ ਯਾਦ ਦੇ ਨਾਲ ਕੋਈ ਕੁਦਰਤੀ ਨਜ਼ਾਰਾ ਸਬੰਧ ਰੱਖਦਾ ਹੋਵੇ, ਉਸ ਨੂੰ ਕਦੇ ਬਦਲਨਾ ਨਹੀਂ ਚਾਹੀਦਾ, ਅਰ ਕਦੇ ਤ੍ਰਾਸ਼ ਖ੍ਰਾਸ਼ ਨਹੀਂ ਕਰਨੀ ਚਾਹੀਦੀ।"*[੧੨]

ਅੰਮ੍ਰਿਤਸਰ ਵਿਚ ਸੰਤੋਖਸਰ ਇਕ ਪ੍ਰਸਿੱਧ ਸਰੋਵਰ ਹੈ। ਪੁਰਾਤਨ ਸਮੇਂ ਵਿਚ ਪਾਣੀ ਦੀ ਘਾਟ ਹੋਣ ਕਾਰਨ ਸਰੋਵਰਾਂ ਦੀ ਜਨ-ਜੀਵਨ ਲਈ ਬੜੀ ਮਹੱਤਤਾ ਹੁੰਦੀ ਸੀ। ਸਮਕਾਲੀ ਅਖਬਾਰ 'ਖ਼ਾਲਸਾ ਸਮਾਚਾਰ' ਅਨੁਸਾਰ ਇਸ ਸਰੋਵਰ ਦੀ ਇਤਿਹਾਸਿਕ ਮਹੱਤਤਾ ਇਸ ਦੇ ਆਸੇ-ਪਾਸੇ ਮਕਾਨ ਬਣਨ ਨਾਲ ਉਹ ਨਾ ਰਹੀ ਅਤੇ ਕੇਵਲ ਕੱਪੜੇ ਧੋਣ ਦਾ ਇਕ ਸਾਧਨ ਬਣ ਗਿਆ ਸੀ। ਜੇ ਪ੍ਰਬੰਧਕ ਇਸ ਦੇ ਆਸ-ਪਾਸ ਮਕਾਨ ਨਾ ਬਣਨ ਦਿੰਦੇ ਤਾਂ ਇਸ ਦੀ ਇਤਿਹਾਸਿਕ ਮਹੱਤਤਾ ਉਤਨੀ ਹੀ ਰਹਿੰਦੀ ਅਤੇ ਪਾਣੀ ਵੀ ਸਾਫ਼ ਹੁੰਦਾ।[੧੩]

ਗੁਰਦੁਆਰੇ ਦੀ ਇਤਿਹਾਸਿਕ ਮਹੱਤਤਾ ਉਤਨੀ ਹੀ ਹੈ ਜਿਤਨਾ ਸਿਧਾਂਤਕ ਪੱਖ। ਜੇ ਇਹ ਕਹਿ ਲਿਆ ਜਾਵੇ ਕਿ ਗੁਰਦੁਆਰੇ ਦਾ ਇਤਿਹਾਸਿਕ ਪੱਖ ਇਸ ਦੇ ਸਿਧਾਂਤ ਦਾ ਵਿਵਹਾਰਕ ਰੂਪ ਹੈ ਤਾਂ ਕੋਈ ਅਤਿਕਥਨੀ ਨਹੀਂ।

ਗੁਰਦੁਆਰਾ : ਇਮਾਰਤੀ ਪੱਖ

ਅਨਮਤਾਂ ਦੇ ਧਰਮ ਸਥਾਨਾਂ ਅਤੇ ਧਰਮਸ਼ਾਲਾਵਾਂ ਨਾਲੋਂ ਗੁਰਧਾਮਾਂ ਦਾ ਇਮਾਰਤੀ ਅੰਤਰ ਸਿੱਖ ਧਰਮ ਦੀ ਵਿਲੱਖਣਤਾ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਗੁਰਧਾਮਾਂ ਦੇ ਘੱਟੋ-ਘੱਟ ਚਾਰ ਦਰਵਾਜ਼ੇ ਹੋਣੇ ਇਸ ਦੀ ਸਮਾਜਿਕ ਏਕਤਾ ਦੀ ਧਾਰਮਿਕ ਵਿਸ਼ੇਸ਼ਤਾ ਦਾ ਪ੍ਰਗਟਾਓ ਹਨ। ਇਸ ਪ੍ਰਸੰਗ ਵਿਚ 'ਖ਼ਾਲਸਾ ਸਮਾਚਾਰ' ਦੇ ਹੇਠਲੇ ਸ਼ਬਦ ਪੇਸ਼ ਹਨ :

*". . .ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਵਿਚ ਧਰਮਸ਼ਾਲਾ ਆਦਕਾਂ ਪਾਸੋਂ ਇਹ ਫਰਕ ਹੁੰਦਾ ਹੈ ਕਿ ਗੁਰਦੁਆਰਾ ਸਾਹਿਬ ਦੇ ਚਾਰ ਦਰਵਾਜ਼ੇ ਹੁੰਦੇ ਹਨ। ਮੁਸਲਾਮਾਨਾਂ ਦੀਆਂ ਮਸੀਤਾਂ ਦੀ ਤਰ੍ਹਾਂ ਇੱਕੇ ਪਾਸੇ ਹੀ ਦਰਵਾਜ਼ੇ ਨਹੀਂ ਹੁੰਦੇ, ਨਾ ਹੀ ਗਿਰਜਿਆਂ ਵਾਂਙ ਪਹਾੜੀ ਕੰਦਰਾਂ ਦੀਆਂ ਨਕਲਾਂ ਇਮਾਰਤ ਵਿਚ ਉਤਾਰੀਆਂ ਜਾਂਦੀਆਂ ਹਨ ਤੇ ਨਾ ਠਾਕਰ ਦੁਆਰੇ, ਸ਼ਿਵਦੁਆਲੇ ਆਦਕ ਹਿੰਦੂ ਮੰਦਰ ਦੀ ਸ਼ਕਲ ਸਿੱਖਾਂ ਦੇ ਮੰਦਰ (ਗੁਰਦੁਆਰੇ) ਵਿਚ ਹੁੰਦੀ ਹੈ। . . .ਗੁੰਬਜ ਅਤੇ ਕਲਸ ਅਤੇ ਬਾਹਰ ਦੇ ਗੁੰਬਜਾਂ ਦੇ ਵਿਚਕਾਰ ਛੋਟੇ-ਛੋਟੇ ਗੁੰਬਜਾਂ ਦੀਆਂ ਪਾਲਾਂ ਹੁੰਦੀਆਂ ਹਨ, . . .ਦੀਵਾਰਾਂ ਉੱਪਰ ਫੁੱਲ ਬੇਲ ਬੂਟਾ ਆਦਕ ਦੇ ਨਕਸੇ ਯਾ ਗੁਰਬਾਣੀ ਦੀਆਂ ਤੁਕਾਂ ਜ਼ਰੂਰ ਹੁੰਦੀਆਂ ਹਨ ਪਰ ਮੂਰਤਾਂ ਨਹੀਂ ਹੁੰਦੀਆਂ। ਗੁੰਬਜਾਂ ਦੇ ਉੱਪਰ ਕਲਸ ਹੁੰਦੇ ਹਨ ਪਰ ਗਿਰਜਿਆਂ ਦੀ ਸਲੀਬ ਦਾ ਨਕਸ਼ਾ ਨਹੀਂ ਹੁੰਦਾ ਤੇ ਨਾ ਸ਼ਿਵਾਲਿਆਂ ਦੀ ਤਰ੍ਹਾਂ ਤ੍ਰਿਸੂਲ ਹੁੰਦਾ ਹੈ ਤੇ ਨਾ ਦੇਵੀ ਮੰਦਰਾਂ ਦੀ ਤਰ੍ਹਾਂ ਛਤ੍ਰ ਹੁੰਦੇ ਹਨ, ਅਤੇ ਨਾ ਜੈਨ ਮੰਦਰਾਂ ਦੀ ਤਰ੍ਹਾਂ ਗੁਲਾਈਦਾਰ ਮਟੀਆਂ ਜਿਹੀਆਂ ਲੱਗੀਆਂ ਹੁੰਦੀਆਂ ਹਨ।......।"*[੧੪]

ਧਾਰਮਿਕ ਸਥਾਨਾਂ ਦੀ ਇਮਾਰਤਸਾਜ਼ੀ ਉਨ੍ਹਾਂ ਦੇ ਸਿਧਾਂਤਾਂ ਤੋਂ ਸੇਧਤ ਹੁੰਦੀ ਹੈ। ਮਿਸਾਲ ਵਜੋਂ ਹਿੰਦੂ ਮੰਦਰਾਂ ਉੱਤੇ ਛਤਰ, ਵੇਦਾਂਤ (Pantheism) ਦੀ ਨਿਸ਼ਾਨੀ ਹੈ ਅਤੇ ਸ੍ਰੀ ਦਰਬਾਰ ਸਾਹਿਬ ਉਪਰਲਾ ਕਲਸ ਇਕੀਸ਼ਵਰਵਾਦ[੧੫]

(Monotheism) ਦਾ ਪ੍ਰਤੀਕ ਹੈ। ਸਿੰਘ ਸਭਾ ਲਹਿਰ ਦੇ ਦੌਰ ਵਿਚ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਕਰਨੈਲ ਜੁਆਲਾ ਸਿੰਘ ਦੀ ਸਰਬਰਾਹੀ ਦੌਰਾਨ ਹਿੰਦੂਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਕਲਸ ਉੱਪਰ ਛਤਰ ਲਗਵਾ ਦਿੱਤਾ ਸੀ। ਇਸ ਕਾਰਵਾਈ ਨੂੰ 'ਖ਼ਾਲਸਾ ਸਮਾਚਾਰ' ਨੇ ਅਯੋਗ ਦੱਸਦਿਆਂ ਜਿੱਥੇ ਉਸ ਵੇਲੇ ਸਿੱਖਾਂ ਦੇ ਆਪਣੇ ਸਿਧਾਂਤਾਂ ਤੋਂ ਅਗਿਆਤ ਹੋਣ ਦੀ ਚਰਚਾ ਕੀਤੀ, ਉੱਥੇ ਸਪੱਸ਼ਟ ਕਿਹਾ ਕਿ ਇਹ ਵੇਦਾਂਤ ਦੀ ਨਿਸ਼ਾਨੀ ਛਤਰ, ਇਕ ਅਕਾਲ ਪੁਰਖ ਦੇ ਉਪਾਸ਼ਕ ਦੇ ਪ੍ਰਤੀਕ ਕਲਸ ਉੱਪਰ ਲਗਾਉਣੀ ਪੁਰਾਤਨ ਸਿੱਖਾਂ ਦੀ ਕਾਢ ਨਾ ਹੋ ਕੇ, ਅੱਜ-ਕਲ੍ਹ ਦੇ ਸਿੱਖਾਂ ਦੀ ਬਣਾਵਟ ਹੈ।

ਗੁਰਦੁਆਰਾ ਪ੍ਰਬੰਧ : ਇਤਿਹਾਸ ਅਤੇ ਵਰਤਮਾਨ

'ਗੁਰਦੁਆਰਾ ਪ੍ਰਬੰਧ' ਹਥਲੇ ਵਿਸ਼ੇ ਦਾ ਮਹੱਤਵਪੂਰਨ ਨੁਕਤਾ ਹੈ। ਗੁਰੂ ਸਾਹਿਬਾਨ ਦੇ ਦੇਹ ਸਰੂਪ ਸਮੇਂ ਉਨ੍ਹਾਂ ਵੱਲੋਂ ਆਪਣੇ ਯੋਗ ਗੁਰਸਿੱਖਾਂ ਨੂੰ ਸਿੱਖੀ ਦੇ ਕੇਂਦਰਾਂ ਦੀ ਸੇਵਾ ਸੌਂਪੀ ਜਾਂਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ ਦੀ ਸਥਾਪਨਾ ਕਰਕੇ 'ਸੰਗਤ ਤੇ ਧਰਮਸ਼ਾਲਾ' ਦਾ ਸੁਮੇਲ ਪੈਦਾ ਕੀਤਾ ਜਿਹੜਾ ਗੁਰਸਿੱਖਾਂ ਦੇ ਇਕੱਤਰ ਤੇ ਸੰਗਠਤ ਹੋਣ ਦਾ ਮੁਢਲਾ ਪੜਾਅ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ (ਪ੍ਰਚਾਰ ਕੇਂਦਰ) ਸਥਾਪਿਤ ਕਰ ਕੇ ਹਰ ਮੰਜੀ ਦਾ ਇਕ ਮੁਖੀ ਸਥਾਪਿਤ ਕੀਤਾ ਜਿਸ ਨੂੰ 'ਮੰਜੀਦਾਰ' ਕਿਹਾ ਗਿਆ। ਇਸ ਤਰ੍ਹਾਂ ਮੰਜੀਦਾਰ ਦੇਸ ਵਿਚ ਸਥਿਤ ਧਰਮਸ਼ਾਲਾ ਦੀਆਂ ਸੰਗਤਾਂ ਤੇ ਗੁਰੂ ਸਾਹਿਬਾਨ ਵਿਚਕਾਰ ਕੜੀ ਦਾ ਕੰਮ ਕਰਨ ਲੱਗੇ। ਸੰਗਤ ਅਤੇ ਧਰਮਸ਼ਾਲਾ ਦੇ ਯੋਗ ਪ੍ਰਬੰਧ ਲਈ ਮੰਜੀ ਪ੍ਰਥਾ ਨੂੰ ਅੱਗੇ ੫੪ ਪੀੜਿਆਂ ਵਿਚ ਜਥੇਬੰਦ ਕੀਤਾ ਗਿਆ। ਯੋਗ ਗੁਰਸਿੱਖ ਮੰਜੀਆਂ ਅਤੇ ਪੀੜ੍ਹਿਆਂ ਦੇ ਮੁਖੀ ਵਜੋਂ ਨਿਯਤ ਕੀਤੇ ਜਾਂਦੇ ਸਨ। ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਮਸੰਦ ਪ੍ਰਥਾ ਦਾ ਆਗਾਜ਼ ਵੀ ਇਨ੍ਹਾਂ ਸੰਸਥਾਵਾਂ ਦੇ ਪ੍ਰਬੰਧ ਨਾਲ ਹੀ ਜਾ ਜੁੜਦਾ ਸੀ। ਭਾਵੇਂ ਕਿ ਮਸੰਦਾਂ ਦੇ ਭ੍ਰਿਸ਼ਟ ਹੋਣ ਦੀ ਦੁਸ਼-ਬਿਰਤੀ ਦਾ ਸਾਹਮਣਾ ਵੀ ਕਰਨਾ ਪਿਆ। ਛੇਵੇਂ ਪਾਤਸ਼ਾਹ ਜੀ ਤੋਂ ਬਾਅਦ ਧਰਮਸ਼ਾਲਾ ਦਾ ਗੁਰਦੁਆਰਾ ਸਰੂਪ ਪ੍ਰਚਲਣ ਹੋ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ 'ਗੁਰ ਸੰਗਤਿ ਕੀਨੀ ਖਾਲਸਾ'[੧੬] ਦੇ ਵਚਨ ਮੁਜਬ ਸਿੱਖ ਸੰਗਤ ਦਾ ਸਿੱਧਾ ਸੰਬੰਧ ਗੁਰੂ ਦਰਬਾਰ ਨਾਲ ਜੋੜ ਦਿੱਤਾ। ਗੁਰੂ ਸਾਹਿਬਾਨ ਅਤੇ ਬੁੱਢਾ ਦਲ ਦੇ ਵੇਲੇ ਗੁਰਦੁਆਰਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਗੁਰਦੁਆਰੀਆ ਉਹ ਹੋਇਆ ਕਰਦਾ ਸੀ ਜੋ ਵਿਦਵਾਨ ਗੁਰਮਤਿ ਵਿਚ ਪੱਕਾ ਅਤੇ ਉੱਚੇ ਆਚਾਰ ਵਾਲਾ ਹੁੰਦਾ ਸੀ।[੧੭] ਅਠਾਰਵ੍ਹੀਂ ਸਦੀ ਦੌਰਾਨ ਗੁਰਦੁਆਰਿਆਂ ਦਾ ਪ੍ਰਬੰਧ ਪ੍ਰਮੁੱਖ ਤੌਰ 'ਤੇ ਉਦਾਸੀ ਅਤੇ ਨਿਰਮਲੇ ਸੰਤਾਂ ਦੇ ਹੱਥ ਰਿਹਾ। ਇਹ ਸਮਾਂ ਸੀ ਜਦ ਖਾਲਸਾ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਰੈਣ-ਬਸੇਰਾ ਕਰਦਾ

ਸੀ। ਇਸ ਸੰਕਟਮਈ ਦੌਰ ਵਿਚ ਇਨ੍ਹਾਂ ਸੰਤਾਂ ਨੇ ਹੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕੀਤੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਗੁਰੂ-ਸਥਾਨਾਂ ਪ੍ਰਤੀ ਆਪਣੀ ਸ਼ਰਧਾ ਵਜੋਂ ਮੁਢਲਾ ਫਰਜ਼ ਸਮਝਦਿਆਂ ਗੁਰਦੁਆਰਿਆਂ ਦੇ ਨਾਂ ਤਕੜੀਆਂ ਜਾਗੀਰਾਂ ਲੁਆਈਆਂ। ਇਸ ਵਿਵਸਥਾ ਨਾਲ ਮਹੰਤ ਐਸ਼ਪ੍ਰਸਤ ਹੋ ਗਏ ਅਤੇ ਗੁਰੂ-ਘਰ ਦੀ ਜਾਇਦਾਦ ਨੂੰ ਨਿੱਜੀ ਸਮਝਣ ਲੱਗੇ। ਗੁਰੂ-ਘਰਾਂ ਦੇ ਪ੍ਰਬੰਧ ਵਿਚ ਇਨ੍ਹਾਂ ਵਿਗਾੜਾਂ ਨੇ ਸਿੰਘ ਸਭਾ ਲਹਿਰ ਬਾਅਦ ਵਿਚ 'ਗੁਰਦੁਆਰਾ ਸੁਧਾਰ ਲਹਿਰ' ਨੂੰ ਜਨਮ ਦਿੱਤਾ।

ਗੁਰਦੁਆਰਾ ਸੁਧਾਰ ਲਹਿਰ ਦੇ ਆਗੂਆਂ ਨੇ ਪਹਿਲਾਂ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਹਵਾਲੇ ਲਿਆ ਫਿਰ ੧੯੨੦ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਨਾਲ ਗੁਰਦੁਆਰਾ ਪ੍ਰਬੰਧ ਲਈ ਪੰਥ ਦੀ ਇਕ ਪ੍ਰਤੀਨਿਧ ਸੰਸਥਾ ਹੋਂਦ ਵਿਚ ਲਿਆਂਦੀ। ੧੯੨੫ ਈ. ਵਿਚ ਗੁਰਦੁਆਰਾ ਐਕਟ ਪਾਸ ਹੋਣ ਨਾਲ ਗੁਰਦੁਆਰਾ ਪ੍ਰਬੰਧ ਇਕ ਵਿਧਾਨਕ ਪ੍ਰਕਿਰਿਆ ਨਾਲ ਹੋਣ ਲਗਿਆ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਇਤਿਹਾਸਿਕ ਗੁਰਦੁਆਰਿਆਂ ਨੂੰ ਦੋ ਭਾਗਾਂ ਸੈਕਸ਼ਨ ੮੫ ਅਤੇ ਸੈਕਸ਼ਨ ੮੭ ਵਿਚ ਵੰਡਿਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੁੱਚੇ ਪ੍ਰਬੰਧ ਲਈ ਪ੍ਰਧਾਨ ਅਤੇ ਬਾਕੀ ਅਹੁਦੇਦਾਰਾਂ ਤੋਂ ਲੈ ਕੇ ਸਕੱਤਰ, ਵਧੀਕ ਸਕੱਤਰ, ਮੀਤ ਸਕੱਤਰ, ਇੰਚਾਰਜ ਅਤੇ ਗੁਰਦੁਆਰਾ ਸਾਹਿਬਾਨ ਦੇ ਮੈਨੇਜਰ ਆਦਿ ਵਿਵਸਥਿਤ ਕੀਤੇ ਗਏ ਹਨ।

ਸੋ ਸਿੱਖੀ ਵਿਚ ਗੁਰਦੁਆਰਾ ਜਿੱਥੇ ਸਿੱਖੀ ਸਿਧਾਂਤ ਤੇ ਅਭਿਆਸ ਦਾ ਸੋਮਾ ਹੈ ਉੱਥੇ ਇਹ ਸਦੀਵੀ ਸਤਿ ਆਧਾਰਿਤ ਸਿੱਖੀ ਦਾ ਵੱਡਾ ਥੰਮ੍ਹ ਵੀ ਹੈ। 'ਗੁਰਦੁਆਰਾ' ਸੰਸਥਾ ਸਿੱਖੀ ਦੀ ਪ੍ਰਯੋਗਸ਼ਾਲਾ ਹੈ, 'ਗੁਰੂ ਘਰ' ਹੈ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਵਿਚ ਗੁਰਬਾਣੀ ਦਾ ਪਾਠ/ਅਭਿਆਸ ਤੇ ਅਮਲ ਨਿਤਾਪ੍ਰਤੀ ਨਿਰੰਤਰ ਜਾਰੀ ਰਹਿੰਦਾ ਹੈ। ਗੁਰਦੁਆਰਾ ਸਿੱਖੀ ਦਾ ਕੇਂਦਰ ਹੈ, ਜਿੱਥੇ ਹਰ ਕੋਈ ਬਿਨਾਂ ਕਿਸੇ ਜਾਤ-ਪਾਤ, ਰੰਗ, ਨਸਲ, ਲਿੰਗ ਅਤੇ ਉਮਰ ਦੇ ਭੇਦ-ਭਾਵ ਬਿਨਾਂ ਆਤਮਿਕ ਤ੍ਰਿਪਤੀ ਅਤੇ ਮੁਢਲੀਆਂ ਮਨੁੱਖੀ ਲੋੜਾਂ ਹਾਸਿਲ ਕਰ ਸਕਦਾ ਹੈ। ਸਿੱਖੀ ਦੇ ਪ੍ਰਚਾਰ ਦਾ ਹਰ ਪਹਿਲੂ ਗੁਰਦੁਆਰਾ ਤੋਂ ਹੀ ਪ੍ਰਚਲਿਤ ਹੁੰਦਾ ਹੈ। ਆਦਰਸ਼ ਅਤੇ ਸਾਧਨਾਂ ਪੱਖੋਂ ਗੁਰਦੁਆਰਾ ਹੀ ਸਿੱਖੀ ਨੂੰ ਪ੍ਰਫੁਲਿਤ ਕਰਨ ਦੀ ਬਾਖੂਬ ਭੂਮਿਕਾ ਨਿਭਾਉਂਦਾ ਹੈ। ਇਹ 'ਗੁਰਦੁਆਰਾ' ਦੇ ਸੰਸਥਾਤਮਕ ਸਰੂਪ ਦੀ ਉੱਤਮ ਪ੍ਰਾਪਤੀ ਹੈ, ਜਿਹੜੀ ਇਸ ਦੀ ਸਦੀਵੀ ਹੋਂਦ ਅਤੇ ਲੋੜ ਨੂੰ ਦਰਸਾਉਂਦੀ ਅਤੇ ਉਤਸ਼ਾਹਿਤ ਕਰਦੀ ਹੈ।

ਹਵਾਲੇ :

੧. *ਮਹਾਨ ਕੋਸ਼,* ਭਾਸ਼ਾ ਵਿਭਾਗ-੨੦੧੯, ਪੰਨਾ-੪੧੬,੧੭

੨. *ਸ੍ਰੀ ਗੁਰੂ ਗ੍ਰੰਥ ਸਾਹਿਬ ;* ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ॥ (੬੪੯) ; ਕੁਰਬਾਣੁ

ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ॥ (੭੪੯)

੩. *ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੦*

੪. *ਭਾਈ ਗੁਰਦਾਸ ਜੀ,* ਵਾਰ ੧:੨੭ ; ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ। ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ। ਸਿਧਆਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ। ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ। ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ। ਗੁਰਮਖਿ ਕਲਿ ਵਿਚਿ ਪਰਗਟੁ ਹੋਆ॥

੫. *ਸ੍ਰੀ ਗੁਰੂ ਗ੍ਰੰਥ ਸਾਹਿਬ, ੭* ; ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥

੬. *ਭਾਈ ਗੁਰਦਾਸ ਜੀ,* ੧:੩੮ ; ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ। ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ। ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ। ਪੁਤਰੀ ਕਉਲੁ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ। ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ। ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ। ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ। ਗੁਰਮੁਖਿ ਭਾਰਿ ਅਥਰਬਣਿ ਤਾਰਾ॥

੭. *ਖ਼ਾਲਸਾ ਸਮਾਚਾਰ,* ਦਸੰਬਰ ੧੯੦੦, ਪੰਨੇ-੬,੭

੮. -*ਉਹੀ*-, ੨੮ ਮਾਰਚ ੧੯੦੬, ਪੰਨਾ-੩

੯. -*ਉਹੀ*-, ੨੮ ਮਾਰਚ ੧੯੦੬, ਪੰਨਾ-੩ .੦੦

੧੦. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ੧੦੭

੧੧. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ੭੪* ; ਸੁਣਿ ਗਲਾ ਗੁਰ ਪਹਿ ਆਇਆ॥ ਨਾਮੁ ਦਾਨੁ ਇਸਨਾਨੁ ਦਿੜਾਇਆ॥

੧੨. *ਖ਼ਾਲਸਾ ਸਮਾਚਾਰ,* ੪ ਜੂਨ ੧੯੦੦, ਪੰਨਾ-੪

੧੩. *ਖ਼ਾਲਸਾ ਸਮਾਚਾਰ,* ੧੦ ਜੂਨ ੧੯੦੩, ਪੰਨਾ-੩

੧੪. -*ਉਹੀ*-, ੧੩ ਜੂਨ ੧੯੦੬, ਪੰਨਾ-੭

੧੫. *ਖ਼ਾਲਸਾ ਸਮਾਚਾਰ,* ੧੩ ਜੂਨ ੧੯੦੬, ਪੰਨਾ-੭ ; ਇਸ ਪ੍ਰਸੰਗ ਵਿਚ ਅਕਾਲ ਪੁਰਖੀ ਧਰਮ ਕਹਿਣਾ ਵਧੇਰੇ ਉੱਚਿਤ ਹੈ ਕਿਉਂਕਿ ਈਸ਼ਵਰ ਕੇਵਲ ਪਰਮਾਤਮਾ ਦੇ ਸਰਗੁਣ ਸਰੂਪ ਦਾ ਲਖਾਇਕ ਹੈ। ਜਦ ਕਿ ਸਿੱਖ ਧਰਮ ਵਿਚ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਨੂੰ ਦਰਸਾਉਣ ਲਈ ਅਕਾਲ ਪੁਰਖ ਨਾਮ ਹੀ ਯੋਗ ਹੈ।

੧੬. ਡਾ. ਗੰਡਾ ਸਿੰਘ (ਸੰਪਾ.), ਸ੍ਰੀ *ਗੁਰ ਸੋਭਾ,* ਪੰਨਾ-੨੧

੧੭. *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪੰਨਾ- ੪੧੭ ■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੦੦-ਸਾਲਾ ਸਥਾਪਨਾ ਸਮਾਗਮਾਂ ਦੀ ਰੂਪ-ਰੇਖਾ ਕੀ ਹੋਵੇ?

*-ਭਾਈ ਅਜੈਬ ਸਿੰਘ ਅਭਿਆਸੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਸਥਾਪਨਾ ਦੇ ੧੦੦ ਵਰ੍ਹੇ ਪੂਰੇ ਹੋਣ 'ਤੇ ਇਸ ਦੀ ਸ਼ਤਾਬਦੀ ਵਿਸ਼ਾਲ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਹੈ। ਜਿਸ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਸਾਲ ੧੫ ਨਵੰਬਰ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮਾਗਮਾਂ ਦੀ ਸ਼ੁਰੂਆਤ ਕਰਦਿਆਂ ਅਗਲਾ ਪੂਰਾ ਸਾਲ ਇਸ ਸ਼ਤਾਬਦੀ ਨੂੰ ਸਮਰਪਿਤ ਵੱਖ-ਵੱਖ ਸਮਾਗਮਾਂ ਲਈ ਖ਼ਾਕਾ ਤਿਆਰ ਕੀਤਾ ਜਾ ਰਿਹਾ ਹੈ। ਇਸ ਮੌਕੇ ਅਜਿਹੀ ਵਿਸਥਾਰ-ਪੂਰਵਕ ਰੂਪ-ਰੇਖਾ ਤਿਆਰ ਕਰਨ ਦੀ ਲੋੜ ਹੈ ਜੋ ਕੌਮ ਦੀ ਵਰਤਮਾਨ ਅਤੇ ਭਵਿੱਖ ਦੀ ਉਸਾਰੀ ਵਿਚ ਸਹਾਈ ਹੋ ਸਕੇ ਅਤੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਲਈ ਸਿੱਖ ਸੰਗਤ ਅਤੇ ਲੀਡਰਸ਼ਿਪ ਵੱਲੋਂ ਕੁਰਬਾਨੀਆਂ ਰਾਹੀਂ ਪਾਏ ਗਏ ਸ਼ਾਨਾਂਮੱਤੇ ਇਤਿਹਾਸਿਕ ਯੋਗਦਾਨ ਦਾ ਚਾਨਣ ਨਵੀਂ ਪੀੜੀ 'ਚ ਫੈਲਾਇਆ ਜਾ ਸਕੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੁਝ ਖ਼ਾਮੀਆਂ ਦੇ ਬਾਵਜੂਦ ਸਿੱਖਾਂ ਦੀ ਪਾਰਲੀਮੈਂਟ ਵਜੋਂ ੨੦ਵੀਂ ਸਦੀ ਦਾ ਇਕ ਹਾਸਲ ਹੈ। ਜਿਸ ਦਾ ਦਾਇਰਾ ਕੇਵਲ ਗੁਰਧਾਮਾਂ ਦੀ ਸੇਵਾ-ਸੰਭਾਲ ਤਕ ਹੀ ਸੀਮਤ ਨਹੀਂ ਸਗੋਂ ਵਿਸ਼ਵ ਪੱਧਰ 'ਤੇ ਫੈਲੀ ਸਿੱਖ ਕੌਮ ਦੇ ਬਾਸ਼ਿੰਦਿਆਂ ਦੀਆਂ ਲੋੜਾਂ ਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਜੱਦੋ-ਜਹਿਦ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਧਾਰਮਿਕ-ਸਮਾਜਿਕ ਅਤੇ ਰਾਜਨੀਤਿਕ ਸੇਧ ਪ੍ਰਦਾਨ ਕਰਦਿਆਂ ਉਨ੍ਹਾਂ ਨੂੰ ਆਪਣੇ ਮੂਲ ਨਾਲ ਜੋੜੀ ਰੱਖਣ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਨਾਲ ਵੀ ਹੈ।

ਗੁਰੂ-ਕਾਲ ਤੋਂ ਬਾਅਦ ੧੮ਵੀਂ ਸਦੀ ਸਿੱਖ ਕੌਮ ਲਈ ਆਪਣੀ ਹੋਂਦ ਬਚਾਉਣ ਤੋਂ ਇਲਾਵਾ ਆਪਣੀ ਸਵੈ-ਪਛਾਣ ਲਈ ਰਾਜਸੀ ਪਿੜ ਨੂੰ ਪਕੇਰਿਆਂ ਕਰਨ ਅਤੇ ਇਸ ਨੂੰ ਵਿਸਥਾਰ ਦੇਣ ਲਈ ਸੰਘਰਸ਼ ਦਾ ਦੌਰ ਰਿਹਾ। ਦਿੱਲੀ, ਜਮਰੌਦ, ਲੇਹ ਲੱਦਾਖ ਆਦਿ ਨੂੰ ਫਤਿਹ ਕਰਨ ਦੇ ਦੌਰਾਨ ਜਦ ਵੀ ਮੌਕਾ ਮਿਲਿਆ ਜਾਂ ਵੱਸ ਚੱਲਿਆ ਸਿੱਖਾਂ ਨੇ ਗੁਰਧਾਮਾਂ ਦੀ ਉਸਾਰੀ ਅਤੇ ਇਸ ਦੀ ਮਹੱਤਤਾ ਨੂੰ ਵਧਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ, ਜੋ ਕਿ ਗੁਰਧਾਮਾਂ ਪ੍ਰਤੀ ਸਿੱਖਾਂ ਦੀ ਸ਼ਰਧਾ-ਸਤਿਕਾਰ ਤੇ ਪਿਆਰ ਦਾ ਲਖਾਇਕ ਰਿਹਾ। ਮਿਸਾਲ ਵਜੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ ਦਿੱਲੀ ਨੂੰ ਫਤਿਹ ਕਰਨ ਉਪਰੰਤ ਸਰਦਾਰ ਬਘੇਲ ਸਿੰਘ ਦੀ ਅਗਵਾਈ 'ਚ ਦਿੱਲੀ ਵਿਖੇ ਗੁਰਧਾਮਾਂ ਦੀ ਉਸਾਰੀ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ

*ਮੈਂਬਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ। ਮੋ. ੯੮੧੪੨-੯੯੧੬੫

ਸਾਹਿਬ 'ਤੇ ਸੋਨੇ ਦੀ ਚੜ੍ਹਤ ਚੜ੍ਹਾਉਣ ਦੀ ਸੇਵਾ ਆਦਿ। ਸਿੱਖ ਸ਼ਾਸਨ-ਕਾਲ ਦੌਰਾਨ ਸਿੱਖ ਸ਼ਾਸਕਾਂ ਨੂੰ ਗੁਰਧਾਮਾਂ ਦੀ ਅੰਦਰੂਨੀ ਪ੍ਰਬੰਧ ਵਿਚ ਖ਼ਾਸ ਦਖ਼ਲ-ਅੰਦਾਜ਼ੀ ਕਰਨ ਦੀ ਲੋੜ ਨਹੀਂ ਪਈ ਪਰ ਸ਼ੇਰ-ਏ-ਪੰਜਾਬ ਦੀ ਰੁਖਸਤੀ ਉਪਰੰਤ ਡੋਗਰਿਆਂ ਵੱਲੋਂ ਰਾਜਸੀ ਸ਼ਕਤੀ ਹਥਿਆਉਂਦਿਆਂ ਮਹੰਤਾਂ ਤੇ ਪੁਜਾਰੀਆਂ ਨੂੰ ਦਿੱਤੀ ਗਈ ਸ਼ਹਿ ਨਾਲ ਗੁਰਧਾਮਾਂ ਦੇ ਪ੍ਰਬੰਧ 'ਚ ਵੀ ਵਿਗਾੜ ਪੈਣ ਦੀ ਸ਼ੁਰੂਆਤ ਹੋ ਗਈ। ਇਸ ਦੇ ਬਾਵਜੂਦ ਸਿੱਖਾਂ ਦੀ ਗੁਰਧਾਮਾਂ ਪ੍ਰਤੀ ਸ਼ਰਧਾ ਅਤੇ ਅਕੀਦੇ ਨੇ ਖ਼ਾਲਸਾ ਰਾਜ ਦੇ ਖ਼ਾਤਮੇ ਤੋਂ ਬਾਅਦ ਅੰਗਰੇਜ਼ ਹਕੂਮਤ ਨੂੰ ਇਹ ਅਭਾਸ ਕਰਾ ਦਿੱਤਾ ਕਿ ਗੁਰਧਾਮ ਸਿੱਖਾਂ ਲਈ ਕੇਵਲ ਪੂਜਾ ਪਾਠ ਜਾਂ ਕਰਮਕਾਂਡ ਲਈ ਬਣਿਆ ਕੋਈ ਮੰਦਰ ਨਹੀਂ ਬਲਕਿ ਇਹ ਸਿੱਖਾਂ ਲਈ ਧਾਰਮਿਕ ਆਸਥਾ, ਸਮਾਜਿਕ ਅਤੇ ਰਾਜਨੀਤਿਕ ਪਹਿਲੂਆਂ ਉੱਤੇ ਵਿਚਾਰ ਕਰਨ ਲਈ ਸੰਗਤੀ ਰੂਪ ਵਿਚ ਜੁੜ ਬੈਠਣ ਦਾ ਸਥਾਨ ਹੈ ਜਿੱਥੋਂ ਸਿੱਖ ਜਥੇਬੰਦਕ ਸਰੂਪ ਅਤੇ ਰਾਜਸੀ ਸ਼ਕਤੀ ਗ੍ਰਹਿਣ ਕਰਦੇ ਹਨ। ਅੰਗਰੇਜ਼ ਹਕੂਮਤ ਨੇ ਗੁਰਧਾਮਾਂ ਖ਼ਾਸਕਰ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਆਪਣਾ ਧਿਆਨ ਵਿਸ਼ੇਸ਼ ਕਰਕੇ ਕੇਂਦਰਿਤ ਕੀਤਾ। ਸਿੱਖਾਂ 'ਚ ਇਨ੍ਹਾਂ ਦੀ ਅਹਿਮੀਅਤ ਨੂੰ ਜਾਣਦਿਆਂ ਸਮਝਦਿਆਂ ਇਨ੍ਹਾਂ ਨੂੰ ਆਪਣੇ ਅਧੀਨ ਕਰਨ ਲਈ ਸਰਕਾਰ ਨੇ ਇਨ੍ਹਾਂ ਦੇ ਪ੍ਰਬੰਧ ਲਈ ਇਕ ਕਮੇਟੀ ਅਤੇ ਸਰਬਰਾਹ ਨਿਯੁਕਤ ਕੀਤਾ। ਸਰਕਾਰ ਦੀ ਗੁਰਧਾਮਾਂ ਨੂੰ ਆਪਣੇ ਪ੍ਰਭਾਵ ਹੇਠ ਰੱਖਣ ਦੀ ਉਕਤ ਨੀਤੀ ਅਤੇ ਗੁਰੂ ਕੀ ਸੰਪਤੀ ਨੂੰ ਆਪਣੀ ਮਲਕੀਅਤ ਸਮਝਣ ਵਾਲੇ ਮਹੰਤਾਂ ਅਤੇ ਪੁਜਾਰੀਆਂ ਨੂੰ ਦਿੱਤੀ ਗਈ ਸ਼ਹਿ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਇਸ ਦੌਰ 'ਚ ਮਹੰਤ ਅਤੇ ਪੁਜਾਰੀ ਲਾਣੇ ਦਾ ਗੁਰਮਤਿ ਵਿਰੋਧੀ ਕੰਮ ਵਿਹਾਰ ਸਿਖ਼ਰਾਂ 'ਤੇ ਸੀ ਤਾਂ ਸਰਬ-ਸਾਂਝੀਵਾਲਤਾ ਦੇ ਅਸਥਾਨਾਂ 'ਤੇ ਛੂਤਛਾਤ ਭਾਰੂ ਹੋਣ ਲੱਗਾ। ਧਾਰਮਿਕ ਨਿਜ਼ਾਮ ਦੀ ਵਿਗੜੀ ਹਾਲਤ ਦੇਖ ਸਿੱਖ ਹਿਰਦਿਆਂ ਨੂੰ ਠੇਸ ਪਹੁੰਚੀ ਤੇ ਉਨ੍ਹਾਂ 'ਚ ਫ਼ਿਕਰਮੰਦੀ ਵਧੀ। ਉਸ ਵਕਤ ਸਿੱਖਾਂ 'ਚ ਆਈ ਜਾਗ੍ਰਿਤੀ ਕਾਰਨ ਸਿੰਘ ਸਭਾ ਲਹਿਰ ਅਤੇ ਚੀਫ਼ ਖ਼ਾਲਸਾ ਦੀਵਾਨ ਨੂੰ ਜਨਮ ਦਿੱਤਾ। ਅਛੂਤ ਸਮਝੀਆਂ ਜਾਂਦੀਆਂ ਜਾਤੀਆਂ ਵਿੱਚੋਂ ਅੰਮ੍ਰਿਤਪਾਨ ਕਰਨ ਵਾਲੇ ਸਿੰਘਾਂ ਦੇ ਸ੍ਰੀ ਦਰਬਾਰ ਸਾਹਿਬ ਜਾਣ ਜਾਂ ਉੱਥੇ ਪ੍ਰਸ਼ਾਦ ਭੇਟ ਕਰਨ ਦੀ ਮਨਾਹੀ ਦੇ ਰੋਸ ਵਜੋਂ ਮੁਸਲਮਾਨ ਤੋਂ ਸਿੰਘ ਸਜੇ ਭਾਈ ਮਹਿਤਾਬ ਸਿੰਘ ਬੀਰ ਦੀ ਅਗਵਾਈ 'ਚ ੧੨ ਅਕਤੂਬਰ, ੧੯੨੦ ਨੂੰ ਸੰਗਤੀ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਭੇਟਾ ਕਰਨ ਦੇ ਵਰਤਾਰਿਆਂ ਅਤੇ ਉਸ ਵਕਤ ਪੁਜਾਰੀਆਂ ਵੱਲੋਂ ਖ਼ਾਲੀ ਛੱਡ ਕੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਸਿੱਖਾਂ ਵੱਲੋਂ ੧੭-ਮੈਂਬਰੀ ਕਮੇਟੀ ਦੀ ਚੋਣ ਦੇ ਵਰਤਾਰਿਆਂ ਉਪਰੰਤ ਪ੍ਰਸ਼ਾਸਨ ਨਾਲ ਮੀਟਿੰਗ ਬਾਅਦ ੯-ਮੈਂਬਰੀ ਕਮੇਟੀ ਬਣਾਈ ਗਈ।

ਉਪਰੋਕਤ ਵਰਤਾਰਿਆਂ ਤੋਂ ਬਾਅਦ ਕੌਮ ਦੇ ਆਗੂਆਂ ਨੇ ਮਹਿਸੂਸ ਕੀਤਾ ਕਿ ਗੁਰਦੁਆਰਾ ਸਾਹਿਬ ਦੇ ਇੰਤਜ਼ਾਮ ਲਈ ਇਕ ਪੰਥਕ ਕਮੇਟੀ ਚੁਣੀ ਜਾਵੇ ਜਿਸ ਲਈ ਸਰਬੱਤ ਖ਼ਾਲਸਾ ਇਕੱਠ ਬੁਲਾਇਆ ਜਾਵੇ। ਭਾਵੇਂ ਕਿ ਸਰਬੱਤ ਖ਼ਾਲਸਾ ਇਕੱਠ ਤੋਂ

ਪਹਿਲਾਂ ਸ੍ਰੀ ਦਰਬਾਰ ਸਾਹਿਬ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਰਕਾਰ ਵੱਲੋਂ ੩੬-ਮੈਂਬਰੀ ਕਮੇਟੀ ਦਾ ਐਲਾਨ ਕੀਤਾ ਜਾ ਚੁੱਕਿਆ ਸੀ ਫਿਰ ਵੀ ਸਿੱਖ ਕੌਮ ਵੱਲੋਂ ੧੫ ਨਵੰਬਰ, ੧੯੨੦ ਨੂੰ ਸਰਬੱਤ ਖ਼ਾਲਸਾ ਇਕੱਠ ਹੋਇਆ ਤੇ ੧੫੦-ਮੈਂਬਰੀ ਕਮੇਟੀ ਚੁਣੀ ਗਈ। ਇਸ ਕਮੇਟੀ ਵਿਚ ਉਹ ਮੈਂਬਰ ਜੋ ਸਰਕਾਰ ਵੱਲੋਂ ਪਹਿਲਾਂ ਤੋਂ ਐਲਾਨ ਕੀਤੇ ਗਏ ਸਨ ਅਤੇ ਜੋ ਉਸ ਦਿਨ ਨਹੀਂ ਚੁਣੇ ਗਏ, ਉਨ੍ਹਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਅਤੇ ਸਮੂਹ ਮੈਂਬਰਾਂ ਦੀ ਗਿਣਤੀ ੧੭੫ ਕੀਤੀ ਗਈ। ਅਗਲੇ ਦਿਨ ਪ੍ਰਧਾਨ ਦੀ ਚੋਣ ਮੌਕੇ ਸ. ਸੁੰਦਰ ਸਿੰਘ ਮਜੀਠੀਆ ਨੂੰ ਚੁਣਿਆ ਗਿਆ। ਉਕਤ ਚੋਣ ਉਪਰੰਤ ਅੰਗਰੇਜ਼ ਸਰਕਾਰ ਸਿੱਖਾਂ ਨਾਲ ਫਿਰ ਵਿਟਰ ਗਈ। ਇਸੇ ਦੌਰਾਨ ਸੁਹਿਰਦ ਅਤੇ ਸੰਜੀਦਾ ਸਿੱਖਾਂ ਵੱਲੋਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਅੰਮ੍ਰਿਤ-ਸੰਚਾਰ ਤੇ ਪ੍ਰਚਾਰ ਦੀ ਲਹਿਰ ਚਲਾਈ ਗਈ। ਮਹੰਤਾਂ ਤੋਂ ਗੁਰਧਾਮਾਂ ਨੂੰ ਅਜ਼ਾਦ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਦੀ ਅਰੰਭਤਾ ਹੋਈ। ਸਿੱਖ ਸੰਗਤ ਨੂੰ ਇਕ-ਦੂਜੇ ਨਾਲ ਜੋੜਨ ਲਈ 'ਅਕਾਲੀ ਅਖ਼ਬਾਰ' ਕੱਢਿਆ ਗਿਆ। ਜੋ ਕਿ ਸਿੱਖਾਂ 'ਚ ਹਰਦਿਲ ਅਜ਼ੀਜ਼ ਬਣ ਗਿਆ। ਇਸ ਲਹਿਰ ਦੇ ਹਮਸਫ਼ਰ ਅਕਾਲੀ ਅਖਵਾਉਣ ਲੱਗੇ ਅਤੇ ਅਣ-ਐਲਾਨੀ ਅਕਾਲੀ ਲਹਿਰ ਚੱਲ ਪਈ। ਇਸੇ ਦੌਰਾਨ ਸਿੱਖ ਆਗੂਆਂ ਨੇ ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਖ਼ੂਨ ਡੋਲਵਾਂ ਸੰਘਰਸ਼ ਕੀਤਾ। ਮੋਰਚੇ ਲਾਏ, ਸਾਕੇ ਵਰਤੇ, ਡਾਂਗਾਂ ਵਰ੍ਹੀਆਂ, ਗੋਲੀਆਂ ਚੱਲੀਆਂ, ੫੦੦ ਤੋਂ ਵੱਧ ਸ਼ਹੀਦੀਆਂ, ਹਜ਼ਾਰਾਂ ਅੰਗਹੀਣ, ਤੀਹ ਹਜ਼ਾਰ ਗ੍ਰਿਫ਼ਤਾਰੀਆਂ ਅਤੇ ਲੱਖਾਂ ਦਾ ਨੁਕਸਾਨ ਉਠਾਉਣਾ ਪਿਆ। ਇਸ ਤਰ੍ਹਾਂ ਜ਼ਬਰਦਸਤ ਜਦੋ-ਜਹਿਦ ਦੇ ਕਾਰਨ ੧ ਨਵੰਬਰ, ੧੯੨੫ ਈ. ਨੂੰ 'ਗੁਰਦੁਆਰਾ ਐਕਟ' ਬਣ ਕੇ ਲਾਗੂ ਕੀਤਾ ਗਿਆ, ਜਿਸ ਤਹਿਤ ਗੁਰਦੁਆਰਿਆਂ ਦਾ ਪ੍ਰਬੰਧ ਚੁਣੇ ਹੋਏ ਨੁਮਾਇੰਦਿਆਂ ਨੂੰ ਸੌਂਪਿਆ ਗਿਆ। ਇਸ ਕਮੇਟੀ ਦਾ ਨਾਮ ਪਹਿਲਾਂ 'ਸੈਂਟਰਲ ਬੋਰਡ' ਸੀ ਜੋ ਕਿ ਬਾਅਦ ਵਿਚ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ।'

ਇਸ ਸੰਘਰਸ਼ ਦੀ ਸ਼ੁਰੂਆਤ ੧੯੧੪ ਵਿਚ ਗੁਰਦੁਆਰਾ ਰਕਾਬ ਗੰਜ ਦੀ ਢਾਹੀ ਗਈ ਦੀਵਾਰ ਦੀ ਮੁੜ ਉਸਾਰੀ ਲਈ ਲਾਏ ਗਏ ਮੋਰਚੇ ਨਾਲ ਹੋ ਚੁੱਕੀ ਸੀ, ਭਾਵੇਂ ਕਿ ਇਹ ਜੁਲਾਈ- ਅਗਸਤ ੧੯੨੦ ਦੌਰਾਨ ਸਿਖ਼ਰਾਂ ਨੂੰ ਜਾ ਪੁੱਜਾ। ਢੱਠੀ ਕੰਧ ਨੂੰ ਉਸਾਰਨ ਲਈ ੧੦੦ ਸਿੱਖਾਂ ਦਾ ਸ਼ਹੀਦੀ ਜਥਾ ਬਣਾਉਣ ਦੀ ਮੰਗ ਉੱਠੀ ਤਾਂ ੮੦੦ ਸਿੱਖਾਂ ਨੇ ਆਪਣਾ ਨਾਮ ਲਿਖਵਾਇਆ, ਜਿਸ ਨਾਲ ਭਾਰਤ ਦੀ ਬਰਤਾਨਵੀ ਸਰਕਾਰ ਨੂੰ ਵਖਤ ਪੈ ਗਿਆ। ਸਰਕਾਰੀ ਸਾਜ਼ਿਸ਼ਾਂ ਦੇ ਬਾਵਜੂਦ ਸਿੱਖਾਂ ਦੇ ਸਿਦਕ ਅੱਗੇ ਸਰਕਾਰ ਨੂੰ ਝੁਕਣਾ ਪਿਆ ਤੇ ਦੀਵਾਰ ਦੀ ਮੁੜ ਉਸਾਰੀ ਕਰਵਾਈ ਗਈ। ਇਸੇ ਤਰ੍ਹਾਂ ਗੁਰਦੁਆਰਾ ਚੁਮਾਲਾ ਸਾਹਿਬ, ਪਾਤਸ਼ਾਹੀ ਛੇਵੀਂ, ਲਾਹੌਰ 'ਤੇ ਕਾਬਜ਼ ਗ੍ਰੰਥੀ ਦੀਆਂ ਮਨਮਤੀ ਵਰਤਾਰਿਆਂ ਨੂੰ ਠੱਲ੍ਹ ਪਾਉਂਦਿਆਂ ਸਿੱਖ ਸੰਗਤ ਨੇ ੨੭ ਸਤੰਬਰ, ੧੯੨੦ ਈ. ਨੂੰ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਜਮਾ ਲਿਆ ਜੋ ਕਿ ਗੁਰਦੁਆਰਾ ਸੁਧਾਰ ਲਹਿਰ ਦਾ ਪਹਿਲਾ ਕਬਜ਼ਾ ਸੀ। ਇਸੇ ਤਰ੍ਹਾਂ ਗੁਰਦੁਆਰਾ ਬਾਬੇ ਦੀ ਬੇਰ,

ਸਿਆਲਕੋਟ ਨੂੰ ਹਾਸਲ ਕਰਨ ਲਈ ਸਿੱਖ ਸੰਗਤ ਮੋਰਚੇ 'ਤੇ ਆਣ ਪੁੱਜੀ। ਭਾਰੀ ਸੰਘਰਸ਼ ਉਪਰੰਤ ੬ ਅਕਤੂਬਰ, ੧੯੨੦ ਈ. ਨੂੰ ਇਸ ਗੁਰਦੁਆਰੇ 'ਤੇ ਸਿੱਖਾਂ ਦਾ ਪੱਕਾ ਕਬਜ਼ਾ ਹੋ ਗਿਆ। ਗੁਰਦੁਆਰਾ ਪੰਜਾ ਸਾਹਿਬ ਨੂੰ ੧੯ ਨਵੰਬਰ, ੧੯੨੦ ਈ. ਨੂੰ ਸ. ਕਰਤਾਰ ਸਿੰਘ ਝੱਬਰ ਦੀ ਅਗਵਾਈ 'ਚ ਪੂਰੀ ਜਦੋ-ਜਹਿਦ ਨਾਲ ਅਜ਼ਾਦ ਕਰਵਾਇਆ ਗਿਆ ਅਤੇ ਇਸ ਦੇ ਪ੍ਰਬੰਧ ਲਈ ੨੬ ਨਵੰਬਰ, ੧੯੨੦ ਈ. ਨੂੰ ਇਕ ਪ੍ਰਬੰਧਕ ਕਮੇਟੀ ਕਾਇਮ ਕੀਤੀ ਗਈ। ਇਸ ਲਹਿਰ ਦੌਰਾਨ ਗੁਰਦੁਆਰਾ ਤਰਨ ਤਾਰਨ ਦੇ ਕਬਜ਼ੇ ਨੂੰ ਲੈ ਕੇ ਕੀਤੇ ਗਏ ਸੰਘਰਸ਼ ਵਿਚ ਪਹਿਲੀਆਂ ਸ਼ਹੀਦੀਆਂ ਦਾ ਯੋਗਦਾਨ ਪਿਆ। ਇਸ ਗੁਰਦੁਆਰਾ ਸਾਹਿਬ 'ਤੇ ਕਾਬਜ਼ ਮਹੰਤਾਂ ਦੀਆਂ ਕਰਤੂਤਾਂ ਤੋਂ ਛੁਟਕਾਰਾ ਦਿਵਾਉਣ ਲਈ ਜਥੇਦਾਰ ਤੇਜਾ ਸਿੰਘ ਭੁੱਚਰ ੨੫ ਜਨਵਰੀ, ੧੯੨੧ ਈ. ਵਾਲੇ ਦਿਨ ਜਥੇ ਸਮੇਤ ਤਰਨ ਤਾਰਨ ਸਾਹਿਬ ਗਏ। ਸਮਝੌਤੇ ਲਈ ਗੱਲਬਾਤ ਕਰਨ ਗਏ ਤਾਂ ਮਹੰਤਾਂ ਨੇ ਸਿੰਘਾਂ ਨੂੰ ਸਾਜ਼ਿਸ਼ ਤਹਿਤ ਕਮਰੇ ਵਿਚ ਛੱਡ ਕੇ ਕਮਰਾ ਬੰਦ ਕਰ ਦਿੱਤਾ ਅਤੇ ਉੱਪਰੋਂ ਬੰਬ ਸੁੱਟਣੇ ਸ਼ੁਰੂ ਕਰ ਦਿੱਤੇ, ਜਿਸ ਨਾਲ ਕਈ ਸਿੰਘ ਜ਼ਖ਼ਮੀ ਹੋ ਗਏ। ਉੱਥੇ ਹੀ ਗੁਰੂ ਸਾਹਿਬ ਅੱਗੇ ਮੱਥਾ ਟੇਕ ਰਹੇ ਸ. ਬਲਵੰਤ ਸਿੰਘ ਦੇ ਮੋਢਿਆਂ 'ਤੇ ਤਲਵਾਰ ਦਾ ਵਾਰ ਹੋਇਆ ਅਤੇ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਦੇ ਢਿੱਡ ਵਿਚ ਤਲਵਾਰ ਮਾਰੀ ਗਈ। ਹੁਕਮ ਸਿੰਘ ਵਸਾਊ ਕੋਟ ਦੇ ਸਿਰ 'ਤੇ ਵੀ ਵਾਰ ਹੋਏ ਜਿਸ ਨਾਲ ਉਹ ਵੀ ਜ਼ਖ਼ਮੀ ਹੋ ਗਿਆ। ਮਹੰਤਾਂ ਨੇ ਕੁਝ ਆਪਣੇ ਬੰਦੇ ਜ਼ਖ਼ਮੀ ਕਰਦਿਆਂ ਬਰਾਬਰ ਦਾ ਕੇਸ ਤਿਆਰ ਕੀਤਾ। ਕੇਸ ਚੱਲਦਾ ਰਿਹਾ ਅਤੇ ੯ ਜੁਲਾਈ, ੧੯੨੧ ਈ. ਨੂੰ ਕੇਸ ਖ਼ਾਰਜ ਕਰਦਿਆਂ ਪ੍ਰਬੰਧ ਸ਼੍ਰੋਮਣੀ ਕਮੇਟੀ ਹਵਾਲੇ ਕੀਤਾ ਗਿਆ।

ਤਰਨ ਤਾਰਨ ਸਾਹਿਬ ਦੇ ਕਬਜ਼ੇ ਨੂੰ ਲੈ ਕੇ ਮਹੰਤਾਂ ਦੇ ਹਮਲੇ ਨਾਲ ਜ਼ਖ਼ਮਾਂ ਦੀ ਤਾਅਬ ਨਾ ਸਹਾਰਦਿਆਂ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ੨੭ ਜਨਵਰੀ, ੧੯੨੧ ਈ. ਨੂੰ ਅਤੇ ਭਾਈ ਹੁਕਮ ਸਿੰਘ ਵਸਾਊ ਕੋਟ ੪ ਫਰਵਰੀ ਨੂੰ ਚੜ੍ਹਾਈ ਕਰ ਗਏ। ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਨੂੰ ਅਜ਼ਾਦ ਕਰਾਉਣ ਲਈ ਦਿੱਤੀਆਂ ਗਈਆਂ ਲਾਸਾਨੀ ਸ਼ਹਾਦਤਾਂ ਨੇ ਪੂਰੇ ਵਿਸ਼ਵ ਦਾ ਧਿਆਨ ਆਪਣੇ ਵੱਲ ਖਿੱਚਿਆ।

ਗੁਰਦੁਆਰਾ ਨਨਕਾਣਾ ਸਾਹਿਬ ਦਾ ਮਹੰਤ ਨਰੈਣ ਦਾਸ ਵਿਭਚਾਰੀ ਹੋ ਚੁੱਕਾ ਸੀ। ਜਥੇਦਾਰ ਲਛਮਣ ਸਿੰਘ ਧਾਰੋਵਾਲੀ ਨੇ ਨਨਕਾਣਾ ਸਾਹਿਬ ਦੇ ਸੁਧਾਰ ਲਈ ਸ਼ਹੀਦੀ ਜਥਾ ਬਣਾਉਣ ਦਾ ਐਲਾਨ ਕੀਤਾ। ਮਹੰਤ ਨੇ ਵੀ ਗੁਰਦੁਆਰਾ ਕਬਜ਼ੇ ਦੇ ਖਦਸ਼ੇ ਨੂੰ ਲੈ ਕੇ ੪੦੦ ਬੰਦੇ ਇਕੱਠੇ ਕਰ ਲਏ। ੨੦ ਫਰਵਰੀ, ੧੯੨੦ ਈ. ਵਾਲੇ ਦਿਨ ਜਥੇਦਾਰ ਧਾਰੋਵਾਲੀ ਦਾ ਸ਼ਹੀਦੀ ਜਥਾ ਸਵੇਰ ਸਮੇਂ ਨਨਕਾਣਾ ਸਾਹਿਬ ਪੁੱਜਾ ਤਾਂ ਮਹੰਤ ਨੇ ਦਰਵਾਜ਼ਾ ਬੰਦ ਕਰਦਿਆਂ ਕਤਲ-ਏ-ਆਮ ਦਾ ਹੁਕਮ ਜਾਰੀ ਕਰ ਦਿੱਤਾ। ਪਲਾਂ 'ਚ ਹੀ ੨੫-੨੬ ਸਿੰਘ ਸ਼ਹੀਦ ਹੋ ਗਏ। ਕਤਲ-ਏ-ਆਮ ਉਪਰੰਤ ਸ਼ਹੀਦ ਸਿੰਘਾਂ ਦਾ ਸਸਕਾਰ ਕਰਨ ਲਈ ਲਾਸ਼ਾਂ ਇਕੱਠੀਆਂ ਕੀਤੀਆਂ ਗਈਆਂ ਤਾਂ ਇਹ ੬੦ ਤੋਂ ਵਧੇਰੇ ਸਨ। ਜੋ ਸਿੰਘ ਗੁਰਦੁਆਰੇ ਤੋਂ ਬਾਹਰ ਕਤਲ ਕੀਤੇ ਗਏ ਉਨ੍ਹਾਂ ਨੂੰ ਨੇੜੇ ਦੇ

ਇਕ ਘੁਮਿਆਰ ਦੀ ਭੱਠੀ ਵਿਚ ਸੁੱਟ ਕੇ ਸਾੜ ਦਿੱਤਾ ਗਿਆ। ਇਕ ਰਿਪੋਰਟ ਮੁਤਾਬਿਕ ਸ਼ਹੀਦਾਂ ਦੀ ਗਿਣਤੀ ੧੬੮ ਸੀ। ੨੧ ਫਰਵਰੀ ਨੂੰ ਸਰਕਾਰ ਨੇ ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਗੁਰਦੁਆਰੇ ਦੀਆਂ ਚਾਬੀਆਂ ਸਿੱਖਾਂ ਦੀ ਕਮੇਟੀ ਨੂੰ ਸੌਂਪ ਦਿੱਤੀਆਂ। ੨੩ ਫਰਵਰੀ ਨੂੰ ਸ਼ਹੀਦਾਂ ਦਾ ਸਮੂਹਿਕ ਸਸਕਾਰ ਕਰ ਦਿੱਤਾ ਗਿਆ।

ਚਾਬੀਆਂ ਦਾ ਮੋਰਚਾ ਜਿਸ ਪ੍ਰਤੀ ਮਹਾਤਮਾ ਗਾਂਧੀ ਨੂੰ ਵੀ ਕਹਿਣਾ ਪਿਆ ਕਿ— "ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ", ਇਹ ਕਿ ੭ ਨਵੰਬਰ, ੧੯੨੧ ਈ. ਨੂੰ ਸਰਕਾਰ ਨੇ ਦਰਬਾਰ ਸਾਹਿਬ ਤੋਸ਼ੇਖਾਨੇ ਦੀਆਂ ਚਾਬੀਆਂ ਇਹ ਕਹਿੰਦਿਆਂ ਲੈ ਲਈਆਂ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਮਾਤ ਨਹੀਂ ਹੈ। ਜਿਸ ਕਾਰਨ ਸਿੱਖਾਂ ਵਿਚ ਰੋਸ ਵਧਿਆ ਤੇ ਉਨ੍ਹਾਂ ਮੋਰਚਾ ਲਾ ਦਿੱਤਾ। ਸੰਘਰਸ਼ ਉਪਰੰਤ ੧੯ ਜਨਵਰੀ, ੧੯੨੨ ਈ. ਨੂੰ ਡਿਸਟ੍ਰਿਕਟ ਜੱਜ ਦੇ ਨੁਮਾਇੰਦੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚਾਬੀਆਂ ਦੀ ਥੈਲੀ ਬਾਬਾ ਖੜਕ ਸਿੰਘ ਨੂੰ ਭੇਟ ਕੀਤੀ ਜਿਸ ਨੂੰ ਸੰਗਤ ਦੀ ਮਨਜ਼ੂਰੀ ਨਾਲ ਹਾਸਲ ਕੀਤਾ ਗਿਆ।

ਸ਼ਾਂਤਮਈ ਸੰਘਰਸ਼ ਦੀਆਂ ਕਦਰਾਂ-ਕੀਮਤਾਂ ਜੇ ਕਿਸੇ ਕੌਮ ਨੇ ਵਿਸ਼ਵ ਦੇ ਸਾਹਮਣੇ ਰੱਖੀਆਂ ਤਾਂ ਉਹ ਸਿੱਖ ਕੌਮ ਹੀ ਹੈ, ਜਿਸ ਨੇ ਗੁਰੂ ਕਾ ਬਾਗ਼ ਦਾ ਮੋਰਚੇ ਦੌਰਾਨ ਸ਼ਾਂਤਮਈ ਸੰਘਰਸ਼ ਦੀ ਇਕ ਮਿਸਾਲ ਕਾਇਮ ਕੀਤੀ। ਅੰਮ੍ਰਿਤਸਰ ਤੋਂ ਕਰੀਬ ੨੦ ਕਿਲੋਮੀਟਰ ਦੂਰ ਪਿੰਡ ਘੁਕੇਵਾਲੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ 'ਚ ਗੁਰਦੁਆਰਾ ਸਾਹਿਬਾਨ ਉਸਾਰੇ ਹੋਏ ਹਨ, ਉਨ੍ਹਾਂ ਨਾਲ ਕਾਫੀ ਜ਼ਮੀਨ ਵੀ ਸੀ ਜੋ ਕਿ ਗੁਰੂ ਕਾ ਬਾਗ਼ ਹੈ। ਇਨ੍ਹਾਂ ਗੁਰਦੁਆਰਾ ਸਾਹਿਬਾਨ ਨੂੰ ਮਹੰਤ ਤੋਂ ਅਜ਼ਾਦ ਕਰਾਉਣ ਲਈ ਮੋਰਚਾ ਲਾਇਆ ਗਿਆ ਜੋ ਕਿ ਸ਼ਾਂਤਮਈ ਪ੍ਰਦਰਸ਼ਨ ਦਾ ਸਿਖਰ ਸੀ। ੩੧ ਅਗਸਤ ਤੋਂ ਰੋਜ਼ਾਨਾ ੧੦੦ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੁੰਦਾ। ਜਿਨ੍ਹਾਂ ਨੂੰ ਪੁਲਿਸ ਵੱਲੋਂ ਰੋਕਿਆ ਜਾਂਦਾ ਅਤੇ ਲਾਠੀਆਂ ਮਾਰ-ਮਾਰ ਕੇ ਬੇਹੋਸ਼ ਕਰ ਦਿੱਤਾ ਜਾਂਦਾ। ਪੁਲਿਸ ਦੀ ਕੁੱਟਮਾਰ ਤੇ ਜ਼ੁਲਮ ਦੀ ਰਿਪੋਰਟ ਦੁਨੀਆ ਭਰ ਦੀਆਂ ਅਖ਼ਬਾਰਾਂ ਵਿਚ ਛਪ ਰਹੀਆਂ ਸਨ। ਜਿਸ ਨਾਲ ਜ਼ੁਲਮ ਦੀ ਚਰਚਾ ਦੁਨੀਆ ਭਰ 'ਚ ਹੋਈ। ਇਕ ਪੜਤਾਲੀਆ ਕਮੇਟੀ ਰਿਪੋਰਟ ਮੁਤਾਬਿਕ ੧੬੫੬ ਸਿੱਖ ਜ਼ਖ਼ਮੀ ਹੋਏ। ਭਗਤ ਸਿੰਘ ਤੇ ਤਾਰਾ ਸਿੰਘ ਸ਼ਹੀਦ ਹੋਏ। ਅਖੀਰ 'ਚ ਸਿੱਖਾਂ ਨੇ ਮੋਰਚਾ ਫ਼ਤਿਹ ਕੀਤਾ।

ਸਾਕਾ ਪੰਜਾ ਸਾਹਿਬ ਦੀ ਗੱਲ ਕਰੀਏ ਤਾਂ ਜਿਸ ਵਕਤ ਗੁਰੂ ਕੇ ਬਾਗ਼ ਦਾ ਮੋਰਚਾ ਚੱਲ ਰਿਹਾ ਸੀ, ਉਸ ਵਕਤ ਗ੍ਰਿਫ਼ਤਾਰ ਸਿੰਘਾਂ ਨੂੰ ਦੂਰ ਜੇਲ੍ਹਾਂ ਵਿਚ ਭੇਜਿਆ ਜਾਣ ਲੱਗਾ, ਉਨ੍ਹਾਂ 'ਚੋਂ ਇਕ ਜਥੇ ਨੂੰ ਰਾਵਲਪਿੰਡੀ ਤੋਂ ਅਟਕ ਜੇਲ੍ਹ ਭੇਜਿਆ ਜਾ ਰਿਹਾ ਸੀ ਕਿ ਸਿੰਘਾਂ ਨੂੰ ਖ਼ਬਰ ਮਿਲੀ ਤਾਂ ਫ਼ੈਸਲਾ ਹੋਇਆ ਕਿ ਹਸਨ ਅਬਦਾਲ ਪੰਜਾ ਸਾਹਿਬ ਗੱਡੀ ਰੋਕ ਕੇ ਕੈਦੀਆਂ ਨੂੰ ਲੰਗਰ ਛਕਾਇਆ ਜਾਵੇ। ੩੦ ਅਕਤੂਬਰ, ੧੯੨੨ ਈ. ਨੂੰ ਗੱਡੀ ਰੋਕਣ ਲਈ ਸਿੰਘ ਰੇਲਵੇ ਲਾਈਨ 'ਤੇ ਲੇਟ ਗਏ। ਰੇਲ ਕੁਝ ਸੰਗਤ 'ਤੋਂ ਲੰਘ ਕੇ ਰੁਕ ਗਈ। ਇਸ ਮੌਕੇ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਸ਼ਹੀਦ

ਹੋਏ ਤੇ ਕਈਆਂ ਦੇ ਅੰਗ ਕੱਟੇ ਗਏ।

ਨਾਭਾ ਐਜੀਟੇਸ਼ਨ ਤੋਂ ਜੈਤੋ ਦਾ ਮੋਰਚਾ ਅਕਾਲੀ ਸਿੰਘਾਂ ਦਾ ਸਾਥ ਦੇਣ ਲਈ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਸਰਕਾਰ ਦੀਆਂ ਅੱਖਾਂ ਨੂੰ ਚੁਭਦਾ ਰਿਹਾ। ਸਰਕਾਰ ਸਾਜ਼ਿਸ਼ ਤਹਿਤ ਉਸ ਨੂੰ ਸੱਤਾ ਛੱਡਣ ਲਈ ਮਜਬੂਰ ਕਰ ਰਹੀ ਸੀ ਜਿਸ ਬਾਰੇ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਜਾਣੂ ਕਰਾਇਆ। ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਨੇ ਮਹਾਰਾਜੇ ਨੂੰ ਅਸਤੀਫਾ ਦੇਣ ਤੋਂ ਰੋਕਿਆ, ਪਰ ਕਿਸੇ ਤਰ੍ਹਾਂ ਅੰਗਰੇਜ਼ ਨਾਭਾ ਦੇ ਮਹਾਰਾਜੇ ਨੂੰ ਸੱਤਾ ਛੱਡਣ ਲਈ ਮਜਬੂਰ ਕਰ ਦਿੱਤਾ ਤੇ ਦੇਹਰਾਦੂਨ ਭੇਜ ਦਿੱਤਾ। ਸ਼੍ਰੋਮਣੀ ਕਮੇਟੀ ਨੇ ਇਸ ਕਾਰਜ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਮਹਾਰਾਜੇ ਦੀ ਬਹਾਲੀ ਅਤੇ ਨਾਭਾ ਰਿਆਸਤ ਵਿਚ ਦਾਖ਼ਲੇ ਲਈ ਸ਼੍ਰੋਮਣੀ ਕਮੇਟੀ ਨੇ ਮੋਰਚਾ ਲਾ ਦਿੱਤਾ। ਚਾਰ ਮਹੀਨੇ ਤੋਂ ਵੱਧ ਸਮੇਂ ਤਕ ਮੋਰਚਾ ਲਾਈ ਰੱਖਣ ਦੇ ਬਾਵਜੂਦ ਕੋਈ ਨਤੀਜਾ ਨਾ ਨਿਕਲਿਆ। ਜੱਦੋ-ਜਹਿਦ ਨੂੰ ਤੇਜ਼ ਕਰਨ ਲਈ ਸ਼ਹੀਦੀ ਜਥਾ ਭੇਜਣ ਦਾ ਫ਼ੈਸਲਾ ਕੀਤਾ ਗਿਆ। ੯ ਫਰਵਰੀ, ੧੯੨੪ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥਾ ਜੈਤੋ ਲਈ ਰਵਾਨਾ ਹੋਇਆ। ੨੧ ਫਰਵਰੀ ਨੂੰ ਜਥੇ ਜੈਤੋ ਪਹੁੰਚਿਆ ਤਾਂ ਸਰਕਾਰ ਨੇ ਫ਼ੌਜ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ ਜਿਸ ਨਾਲ ਦਰਜਨਾਂ ਸਿੰਘ ਸ਼ਹੀਦ ਹੋ ਗਏ ਕਈ ਜ਼ਖ਼ਮੀ। ਬਾਕੀਆਂ 'ਤੇ ਪੁਲਿਸ ਡਾਂਗਾਂ ਵਰ੍ਹਾਉਂਦੀ ਰਹੀ। ਇਸ ਮੋਰਚੇ 'ਚ ਪੰਜਾਬ ਹੀ ਨਹੀਂ ਬੰਗਾਲ ਤੋਂ ਵੀ ਸਿੰਘਾਂ ਨੇ ਹਿੱਸਾ ਲਿਆ। ਜੈਤੋ ਵਿਖੇ ਪਾਠ ਕਰਨ 'ਤੇ ਸਰਕਾਰ ਨੇ ਪਾਬੰਦੀ ਲਾ ਦਿੱਤੀ ਗਈ। ਅਖੀਰ ੨੧ ਜੁਲਾਈ, ੧੯੨੫ ਈ. ਨੂੰ ਸਰਕਾਰ ਨੇ ਹਥਿਆਰ ਸੁੱਟ ਦਿੱਤੇ। ਭਾਵੇਂ ਕਿ ਮੋਰਚਾ ਜਿੱਤਿਆ ਗਿਆ ਪਰ ਮਹਾਰਾਜੇ ਦੀ ਬਹਾਲੀ ਦਾ ਸਵਾਲ ਛੱਡ ਦਿੱਤਾ ਗਿਆ। ਇਸ ਮੋਰਚੇ ਦੌਰਾਨ ਸੈਂਕੜੇ ਸ਼ਹੀਦ ਤੇ ਹਜ਼ਾਰਾਂ ਫੱਟੜ ਹੋਏ ਕਈ ਉਮਰ ਭਰ ਲਈ ਨਕਾਰੇ ਗਏ। ਅਨੇਕਾਂ ਦੀਆਂ ਜਾਇਦਾਦਾਂ ਜਬਤ ਹੋਈਆਂ ਰਿਆਸਤਾਂ ਤੋਂ ਦੇਸ਼ ਨਿਕਾਲੇ ਦਿੱਤੇ ਗਏ। ਇਸੇ ਪ੍ਰਕਾਰ ਇਸ ਲਹਿਰ 'ਚ ਭਾਈ ਜੋਗਾ ਸਿੰਘ ਦਾ ਗੁਰਦੁਆਰਾ, ਗੁਰਦੁਆਰਾ ਬਾਬਾ ਅਵਿਨਾਸ਼ਾ ਸਿੰਘ, ਤੇਜੇ ਜ਼ਿਲ੍ਹਾ ਵਜੀਰਾਬਾਦ, ਗੁਰਦੁਆਰਾ ਸ੍ਰੀ ਗੁਰੂ ਅਰਜਨ ਸਾਹਿਬ ਹੋਠੀਆਂ, ਗੁਰਦਾਸਪੁਰ, ਗੁਰਦੁਆਰਾ ਬਾਬੇ ਕੀ ਬੇਰ ਸੁਲਤਾਨਪੁਰ, ਫ਼ਰੀਦਕੋਟ ਰਿਆਸਤ ਦੇ ਗੁਰਦੁਆਰੇ, ਗੁਰਦੁਆਰਾ ਕਮਲੀਆ, ਗੁਰੂਸਰ ਸਤਲਾਣੀ, ਗੁਰਦੁਆਰਾ ਕੇਰ ਸਾਹਿਬ, ਮਾਛੀ ਕੇ, ਸ਼ੇਖ਼ੂਪੁਰਾ ਤੇ ਖਡੂਰ ਸਾਹਿਬ, ਮੁਕਤਸਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਅਜ਼ਾਦ ਕਰਾਉਂਦਿਆਂ ਪ੍ਰਬੰਧ ਹਾਸਲ ਕਰ ਲਏ ਗਏ।

ਉਪਰੋਕਤ ਵਿਸਥਾਰ ਦੇਣ ਦਾ ਮਕਸਦ ਪੰਥਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਲਈ ਸਿੰਘ ਸੰਗਤ ਅਤੇ ਲੀਡਰਸ਼ਿਪ ਵੱਲੋਂ ਸਮੇਂ-ਸਮੇਂ ਕੀਤੀਆਂ ਗਈਆਂ ਕੁਰਬਾਨੀਆਂ ਦਾ ਲੇਖਾ-ਜੋਖਾ ਪੇਸ਼ ਕਰਨਾ ਹੈ। ਸ਼ਤਾਬਦੀ ਸਮਾਗਮਾਂ ਸਮੇਂ ਉਕਤ ਸੰਘਰਸ਼ ਨਾਲ ਸੰਬੰਧਿਤ ਅਸਥਾਨ, ਸੰਘਰਸ਼ ਵਿਚ ਪਾਏ ਗਏ ਯੋਗਦਾਨ ਦੇ ਮੱਦੇਨਜ਼ਰ ਸੰਘਰਸ਼ਸ਼ੀਲ ਯੋਧਿਆਂ ਦੇ ਪਿੰਡਾਂ-ਕਸਬਿਆਂ ਵਿਚ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸਮਾਗਮ ਕਰਵਾਏ ਜਾਣੇ ਚਾਹੀਦੇ ਹਨ।

ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਵਿਚ ਵੀ ਇਸ ਸਥਾਪਨਾ ਦਿਵਸ ਨੂੰ ਘਟਨਾ-ਕ੍ਰਮ ਅਨੁਸਾਰ ਲੜੀਵਾਰ ਮਨਾਉਣ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ 'ਚ ਸ਼ਮੂਲੀਅਤ ਅਤੇ ਪ੍ਰਬੰਧ ਲਈ ਜਥੇ ਭੇਜ ਜਾਣੇ ਚਾਹੀਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ੪੦੦-ਸਾਲਾ ਪ੍ਰਕਾਸ਼ ਦਿਵਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੧੦੦-ਸਾਲਾ ਸਥਾਪਨਾ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਂਦ ਵਿਚ ਲਿਆਉਣ ਅਤੇ ਪਛਾਣ ਕਾਇਮ ਕਰਨ ਲਈ ਯੋਗਦਾਨ ਪਾਉਣ ਵਾਲੀ ਲੀਡਰਸ਼ਿਪ ਤੇ ਸ਼ਹੀਦਾਂ ਬਾਰੇ ਬਹੁਤ ਕੁਝ ਖੋਜ ਕਰਨ ਦੀ ਲੋੜ ਹੈ। ਇਸ ਇਤਿਹਾਸਿਕ ਖੋਜ ਲਈ ਉਨ੍ਹਾਂ ਦੀ ਯਾਦ ਵਿਚ ਇਕ ਸ਼ਾਨਦਾਰ ਇਮਾਰਤ ਉਸਾਰੀ ਜਾਣੀ ਚਾਹੀਦੀ ਹੈ। ਜਿਵੇਂ ਸਾਕਾ ਨਨਕਾਣਾ ਸਾਹਿਬ ਦੀ ਯਾਦ 'ਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸਥਾਪਨਾ ਕੀਤੀ ਗਈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ੪੦੦-ਸਾਲਾ ਪ੍ਰਕਾਸ਼ ਦਿਵਸ ਇੱਕ ਸਾਲ ਲਈ ਮਨਾਇਆ ਜਾਣਾ ਸੀ ਪਰ ਕੋਰੋਨਾ ਦੀ ਮਹਾਂਮਾਰੀ ਕਾਰਨ ਇਹ ਸੰਕੇਤਕ ਰਿਹਾ। ਇਸ ਨੂੰ ਗੁਰੂ ਸਾਹਿਬ ਦੀ ਸ਼ਹੀਦੀ ਦਿਵਸ ਮੌਕੇ ਮੁੜ ਸ਼ੁਰੂ ਕਰਨ ਦੀ ਲੋੜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਰੂਪ-ਮਾਨ ਕਰਦੀ ਚਿੱਤਰ-ਪ੍ਰਦਰਸ਼ਨੀ ਦਾ ਜਿੱਥੇ ਪ੍ਰਬੰਧ ਕੀਤਾ ਜਾ ਰਿਹਾ ਹੈ, ਉੱਥੇ ਸ. ਸ਼ਮਸ਼ੇਰ ਸਿੰਘ ਅਸ਼ੋਕ ਵੱਲੋਂ 'ਸ਼੍ਰੋਮਣੀ ਕਮੇਟੀ ਦਾ ੫੦ ਸਾਲਾ ਇਤਿਹਾਸ' ਦੀ ਤਰਜ਼ 'ਤੇ ਹੁਣ ੧੦੦ ਸਾਲਾ ਇਤਿਹਾਸ ਲਿਖਿਆ/ਲਿਖਵਾਇਆ ਜਾਣਾ ਚਾਹੀਦਾ ਹੈ। ਨੌਜਵਾਨੀ ਨੂੰ ਪ੍ਰੇਰਿਤ ਕਰਨ ਲਈ ਸੰਖੇਪ ਵਿਚ ਇਤਿਹਾਸਿਕ ਡਾਕੂਮੈਂਟਰੀ ਫਿਲਮਾਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸ਼ਹੀਦਾਂ ਦੀਆਂ ਜੀਵਨੀਆਂ ਤੇ ਯੋਗਦਾਨ ਨੂੰ ਕਿਤਾਬੀ ਰੂਪ ਦਿੱਤਾ ਜਾਵੇ ਅਤੇ ਭੇਟਾ ਰਹਿਤ ਵੰਡਿਆ ਜਾਵੇ।

ਸਕੂਲਾਂ-ਕਾਲਜਾਂ ਵਿਚ ਸੈਮੀਨਾਰ ਕਰਵਾਏ ਜਾਣ। ਜਿਸ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੇ ਇਤਿਹਾਸ, ਪਰੰਪਰਾਵਾਂ ਅਤੇ ਯੋਗਦਾਨ ਸਬੰਧੀ ਇਕ ਵਿਸ਼ੇਸ਼ 'ਸੋਵੀਨਰ' ਤਿਆਰ ਕੀਤਾ ਜਾਵੇ, ਜਿਸ ਤੋਂ ਸੰਗਤ ਸਿੱਖ ਸੰਸਥਾ ਸਬੰਧੀ ਬਹੁਪੱਖੀ ਜਾਣਕਾਰੀ ਹਾਸਲ ਕਰ ਸਕੇ। ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਰਪੇਸ਼ ਸਮੱਸਿਆਵਾਂ, ਚੁਣੌਤੀਆਂ, ਪ੍ਰਾਪਤੀਆਂ ਤੋਂ ਇਲਾਵਾ ਭਵਿੱਖ ਦੀਆਂ ਯੋਜਨਾਵਾਂ ਨੂੰ ਦਰਜ ਕੀਤਾ ਜਾਣਾ ਚਾਹੀਦਾ ਹੈ।

ਤਖ਼ਤ ਸਾਹਿਬਾਨ ਦੇ ਜਥੇਦਾਰਾਂ, ਵੱਖ-ਵੱਖ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਟਕਸਾਲਾਂ ਦੇ ਨੁਮਾਇੰਦਿਆਂ, ਪੰਥਕ ਆਗੂਆਂ, ਨਿਹੰਗ ਸਿੰਘ ਦਲਾਂ ਦੇ ਮੁਖੀਆਂ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਨਾ ਕੇਵਲ ਸ਼ਤਾਬਦੀ ਸਮਾਗਮ ਵਿਚ ਸ਼ਾਮਲ ਹੋਣ ਲਈ ਸੱਦਾ ਭੇਜਿਆ ਜਾਵੇ ਸਗੋਂ ਉਨ੍ਹਾਂ ਨੂੰ ਸ਼ਤਾਬਦੀ ਸਮਾਗਮ ਨੂੰ ਪ੍ਰਭਾਵਸ਼ਾਲੀ ਅਸਰਦਾਇਕ ਰੂਪ-ਰੇਖਾ ਪ੍ਰਦਾਨ ਕਰਨ ਅਤੇ ਵਡਮੁੱਲੇ ਸੁਝਾਅ ਹਾਸਲ ਕਰਨ ਲਈ ਤਿਆਰੀ ਬਾਰੇ ਮੀਟਿੰਗਾਂ ਵਿਚ ਵੀ ਸ਼ਮੂਲੀਅਤ ਯਕੀਨੀ ਕਰਾਈ ਜਾਵੇ। ਸੰਭਵ ਹੋ ਸਕੇ ਤਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਪ੍ਰਬੰਧਾਂ ਸਬੰਧੀ

ਵੱਖ-ਵੱਖ ਸਬ-ਕਮੇਟੀਆਂ ਵਿਚ ਜਗ੍ਹਾ ਵੀ ਦਿੱਤੀ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਿਚ ੧੯੯੫ ਵਿਚ ਜਿਵੇਂ ਵਿਸ਼ਵ ਸਿੱਖ ਸੰਮੇਲਨ ਦਾ ਆਯੋਜਨ ਕੀਤਾ ਪਰ ਹੁਣ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਅਜੇ ਤਕ ਦੂਸਰਾ ਸੰਮੇਲਨ ਨਹੀਂ ਕਰਵਾਇਆ ਗਿਆ। ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ 'ਤੇ ਨਿਜਾਤ ਪਾਉਣ, ਸਿੱਖ ਮੁੱਦਿਆਂ ਨੂੰ ਵਿਚਾਰਨ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਹਿਲੂਆਂ ਬਾਰੇ ਵਿਚਾਰਨ ਅਤੇ ਧਰਮ ਪ੍ਰਚਾਰ ਨੂੰ ਨਵੀਂ ਸੇਧ ਦਿੰਦਿਆਂ ਕੌਮ ਲਈ ੨੧ਵੀਂ ਸਦੀ ਲਈ ਭਵਿੱਖੀ ਰੂਪ-ਰੇਖਾ ਅਤੇ ਯੋਜਨਾਵਾਂ ਸਿਰਜਣ ਲਈ ਹੁਣ ਜ਼ਰੂਰੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤੁਰੰਤ ਦੂਸਰਾ ਵਿਸ਼ਵ ਸਿੱਖ ਸੰਮੇਲਨ ਦਾ ਆਯੋਜਨ ਕੀਤਾ ਜਾਵੇ। ਜਿਸ ਵਿਚ ਪੰਥ ਦੀ ਚੜ੍ਹਦੀ ਕਲਾ ਲਈ ਸਮੁੱਚੇ ਸੰਸਾਰ ਵਿਚ ਕੰਮ ਕਰ ਰਹੀਆਂ ਸਿੱਖ ਜਥੇਬੰਦੀਆਂ, ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ, ਸਮੂਹ ਸਿੱਖ ਸੰਪਰਦਾਵਾਂ, ਫੈਡਰੇਸ਼ਨਾਂ, ਪ੍ਰਚਾਰਕਾਂ, ਕਥਾਵਾਚਕਾਂ, ਸਿੱਖ ਮਿਸ਼ਨਰੀ ਕਾਲਜਾਂ, ਇਸਤਰੀ ਸਭਾਵਾਂ, ਨੌਜੁਆਨ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਚੀਫ਼ ਖ਼ਾਲਸਾ ਦੀਵਾਨ, ਸਿੰਘ ਸਭਾਵਾਂ, ਅਕਾਲੀ ਜਥਿਆਂ, ਪੰਥਕ ਐਮ.ਪੀਜ਼ ਅਤੇ ਐਮ.ਐਲ.ਏਜ਼., ਸਿੱਖ ਡਾਕਟਰਾਂ, ਵਕੀਲਾਂ, ਮਿਊਂਸੀਪਲ ਕਮਿਸ਼ਨਰਾਂ, ਇੰਜੀਨੀਅਰਾਂ, ਵਿਉਪਾਰੀਆਂ, ਬੁੱਧੀਜੀਵੀਆਂ, ਪ੍ਰਿੰਸੀਪਲਾਂ, ਪ੍ਰੋਫੈਸਰ ਸਾਹਿਬਾਨ ਅਤੇ ਸਿੱਖ ਅਧਿਆਪਕਾਂ ਆਦਿ ਨੂੰ ਬਕਾਇਦਾ ਸੱਦੇ-ਪੱਤਰ ਭੇਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ 'ਚ ਇਕੱਤਰ ਕਰਦਿਆਂ ਖ਼ਾਲਸਾ ਪੰਥ ਦੀ ਸ਼ਕਤੀ ਵਿਚ ਵਾਧਾ ਕਰਨ ਅਤੇ ਭਵਿੱਖ ਦੇ ਉਦੇਸ਼ਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਲਈ ਪੰਥਕ ਚਿੰਤਨ ਦਾ ਅਵਸਰ ਪ੍ਰਦਾਨ ਕੀਤਾ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਵਾਰ ਵਿਵਾਦਾਂ ਵਿੱਚੋਂ ਲੰਘਦੀ ਰਹੀ ਹੈ। ਅੱਜ ਇਸ ਦੀ ਕਾਰਜ ਪ੍ਰਣਾਲੀ ਵਿਚ ਵਧੇਰੇ ਸੁਧਾਰ ਲਿਆਉਣ ਲਈ ਗੰਭੀਰ ਚਿੰਤਨ ਮੰਥਨ ਦੀ ਲੋੜ ਹੈ। ਭਾਵੇਂ ਕਿ ਅੱਜ ਕਲ੍ਹ ਸਾਰੇ ਸੰਸਾਰ ਵਿੱਚ ਸਿੱਖ ਫ਼ੈਲੇ ਹੋਏ ਹਨ ਅਤੇ ਲੱਖਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਦੀਆਂ ਧਾਰਮਿਕ, ਵਿੱਦਿਅਕ ਤੇ ਰਾਜਸੀ ਜਥੇਬੰਦੀਆਂ ਬਹੁਤ ਸ਼ਾਨਦਾਰ ਸੇਵਾ ਨਿਭਾ ਰਹੀਆਂ ਹਨ। ਫਿਰ ਵੀ ਨਕਾਬਪੋਸ਼ ਕੁਝ ਅਜਿਹੀਆਂ ਸ਼ਕਤੀਆਂ ਵੀ ਹਨ ਜੋ ਭਰਾ-ਮਾਰੂ ਜੰਗ ਰਾਹੀਂ ਪੰਥ ਨੂੰ ਢਾਹ ਲਾਉਣ 'ਚ ਲੱਗੀਆਂ ਹੋਈਆਂ ਹਨ। ਪੰਥ ਦੀ ਚੜ੍ਹਦੀ ਕਲਾ ਲਈ ਇਨ੍ਹਾਂ ਸ਼ਕਤੀਆਂ ਨੂੰ ਬੇਨਕਾਬ ਕੀਤਾ ਜਾਣਾ ਚਾਹੀਦਾ ਹੈ।

ਮੈਂ ਇਹ ਸਭ ਨੁਕਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਵਿਦਵਾਨਾਂ, ਧਾਰਮਿਕ ਹਸਤੀਆਂ ਤੇ ਸੰਪਰਦਾਵਾਂ ਦੇ ਵਿਚਾਰ-ਅਧੀਨ ਲਿਆਉਣ ਦਾ ਹੀਲਾ ਇਸ ਲਈ ਕੀਤਾ ਹੈ ਤਾਂ ਜੋ ਪੰਥ ਦੇ ਹਿੱਤ 'ਚ ਕਿਸੇ ਸਾਰਥਿਕ ਨਤੀਜੇ 'ਤੇ ਪਹੁੰਚਿਆ ਜਾ ਸਕੇ। ਜੇ ਤਜਵੀਜ਼ ਵਿਚ ਕਿਸੇ ਪ੍ਰਕਾਰ ਦੀ ਤਰੁੱਟੀ ਪੈ ਜਾਵੇ ਤਾਂ ਉਸ ਲਈ ਮੈਂ ਪਹਿਲਾਂ ਹੀ ਸਿੱਖ ਸੰਗਤ ਪਾਸੋਂ ਖਿਮਾ ਦੀ ਜਾਚਨਾ ਕਰਦਾ ਹਾਂ। ■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਿਛੋਕੜ

*-ਡਾ. ਪਰਮਵੀਰ ਸਿੰਘ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਤਿਹਾਸਿਕ ਗੁਰਧਾਮਾਂ ਦਾ ਪ੍ਰਬੰਧ ਕਰਨ ਵਾਲੀ ਸਿੱਖਾਂ ਦੀ ਇਕ ਸ਼੍ਰੋਮਣੀ ਅਤੇ ਮਹੱਤਵਪੂਰਨ ਸੰਸਥਾ ਹੈ ਜਿਸ ਨੇ ਆਪਣੇ ਮੁਢਲੇ ਸਮੇਂ ਤੋਂ ਹੀ ਅਨੇਕਾਂ ਉਤਰਾਅ-ਚੜ੍ਹਾਅ ਦੇਖੇ ਹਨ। ਸਿੱਖਾਂ ਦੀ ਚੜ੍ਹਦੀ ਕਲਾ ਅਤੇ ਕੁਰਬਾਨੀਆਂ ਨੇ ਇਸ ਨੂੰ ਹਮੇਸ਼ਾਂ ਸਜੀਵ ਰੂਪ ਪ੍ਰਦਾਨ ਕਰਨ ਵਾਲੀ ਭੂਮਿਕਾ ਨਿਭਾਈ ਹੈ। ਸੰਸਾਰ ਦੇ ਧਰਮਾਂ ਵਿਚ ਇਹ ਇੱਕੋ ਅਜਿਹੀ ਨਿਵੇਕਲੀ ਸੰਸਥਾ ਹੈ ਜਿਹੜੀ ਲੋਕਤੰਤਰਿਕ ਢੰਗ ਨਾਲ ਚੁਣੀ ਜਾਂਦੀ ਹੈ। ਇਸ ਲਈ ਇਸ 'ਤੇ ਉਹ ਸਮੂਹ ਨਿਯਮ ਲਾਗੂ ਕਰ ਲਏ ਜਾਂਦੇ ਹਨ ਜਿਹੜੇ ਇਕ ਲੋਕਤੰਤਰੀ ਪ੍ਰਣਾਲੀ ਵਿਚ ਜ਼ਰੂਰੀ ਸਮਝੇ ਜਾਂਦੇ ਹਨ। ਲੰਗਰ, ਵਿੱਦਿਆ ਅਤੇ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੀ ਸਿੱਖਾਂ ਦੀ ਇਹ ਸਿਰਮੌਰ ਸੰਸਥਾ ਜਿੱਥੇ ਲੋਕ-ਭਲਾਈ ਅਤੇ ਪਰਉਪਕਾਰ ਦੇ ਕਾਰਜਾਂ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੀ ਹੈ, ਉੱਥੇ ਇਸ 'ਤੇ ਕਿੰਤੂ-ਪਰੰਤੂ ਕਰਨ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਹੈ। ਲੋਕਤੰਤਰਿਕ ਪ੍ਰਣਾਲੀ ਨਾਲ ਹੋਂਦ ਵਿਚ ਆਈ ਇਹ ਸੰਸਥਾ ਆਮ ਲੋਕਾਂ ਦੇ ਨੇੜੇ ਅਤੇ ਸਿੱਧੇ ਸੰਪਰਕ ਵਿਚ ਹੈ ਜਿਸ ਕਰਕੇ ਇਸ ਦੀ ਕਾਰਜ-ਪ੍ਰਣਾਲੀ ਵਿਚ ਪ੍ਰਵੇਸ਼ ਕਰਨ ਵਾਲੀ ਛੋਟੀ ਤੋਂ ਛੋਟੀ ਖਾਮੀ ਵੀ ਦਿਖਾਈ ਦੇਣ ਲੱਗ ਪੈਂਦੀ ਹੈ। ਆਮ ਲੋਕਾਂ ਦੇ ਨੇੜੇ ਹੋ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਨੀ ਅਤੇ ਉਨ੍ਹਾਂ ਦੇ ਸਮਾਧਾਨ ਲਈ ਆਪਣੇ ਸਰੋਤਾਂ ਦੀ ਵਰਤੋਂ ਕਰਨ ਵਿਚ ਇਹ ਸੰਸਥਾ ਹਮੇਸ਼ਾਂ ਮਾਣ ਮਹਿਸੂਸ ਕਰਦੀ ਰਹੀ ਹੈ। ਮੌਜੂਦਾ ਸਮੇਂ ਵਿਚ ਕਰੋਨਾ ਦੀ ਮਹਾਂਮਾਰੀ ਦੌਰਾਨ ਇਸ ਸੰਸਥਾ ਨੇ ਆਪਣੇ ਸੀਮਿਤ ਸਾਧਨਾਂ ਰਾਹੀਂ ਜਿਹੜੀ ਖੁਲਦਿਲ੍ਹੀ ਪ੍ਰਗਟ ਕੀਤੀ ਹੈ, ਉਸ ਦੀ ਚੁਫੇਰਿਉਂ ਸ਼ਲਾਘਾ ਹੋ ਰਹੀ ਹੈ। ਇਕ ਸਦੀ ਪਹਿਲਾਂ ਹੋਂਦ ਵਿਚ ਆਈ ਇਸ ਸੰਸਥਾ ਦਾ ਪਿਛੋਕੜ ਨਵੀਂ ਪੀੜ੍ਹੀ ਲਈ ਪ੍ਰੇਰਨਾ-ਸਰੋਤ ਹੈ। ਪਿਛੋਕੜ ਦੀਆਂ ਘਟਨਾਵਾਂ ਹੀ ਨਵੀਂ ਪੀੜ੍ਹੀ ਵਿਚ ਇਸ ਸੰਸਥਾ ਪ੍ਰਤੀ ਸਤਿਕਾਰ ਅਤੇ ਸਵੈਮਾਣ ਪੈਦਾ ਕਰਨ ਵਿਚ ਸਹਾਈ ਸਿੱਧ ਹੋ ਸਕਦੀਆਂ ਹਨ। ਨਵੇਂ ਯੁੱਗ ਦੇ ਸਨਮੁਖ ਨਵੀਂ ਪੀੜ੍ਹੀ ਵਿਚ ਆਪਣੀਆਂ ਸੰਸਥਾਵਾਂ ਪ੍ਰਤੀ ਸ਼ਰਧਾ, ਦ੍ਰਿੜ੍ਹਤਾ ਅਤੇ ਵਿਸ਼ਵਾਸ ਕਿਵੇਂ ਪੈਦਾ ਹੋਵੇ? ਭਾਵੇਂ ਕਿ ਇਹ ਇਕ ਮਹੱਤਵਪੂਰਨ ਪ੍ਰਸ਼ਨ ਹੈ ਅਤੇ ਇਸ ਦਾ ਸੁਚਾਰੂ ਹੱਲ ਲੱਭੇ ਜਾਣ ਦੀ ਲੋੜ ਹੈ। ਪਰ ਸ੍ਰੀ ਗੁਰੂ ਅਮਰਦਾਸ ਜੀ ਦਾ ਇਹ ਬਚਨ ਸਮੂਹ ਨਾਨਕ ਨਾਮ-ਲੇਵਾ ਵਾਲਿਆਂ ਵਾਸਤੇ ਸਕਾਰਾਤਮਕ ਦ੍ਰਿਸ਼ਟੀ ਤੋਂ ਹਮੇਸ਼ਾਂ ਪ੍ਰੇਰਨਾ-

*ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨

ਸਰੋਤ ਬਣਿਆ ਰਹਿੰਦਾ ਹੈ:

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥*[੧]

ਇਸ ਸੰਸਥਾ ਨੂੰ ਬਣਾਉਣ, ਬਚਾਉਣ ਅਤੇ ਸੁਚਾਰੂ ਰੂਪ ਵਿਚ ਚਲਾਉਣ ਵਾਸਤੇ ਸਾਡੇ ਬਜ਼ੁਰਗਾਂ ਨੇ ਜਿਹੜੀਆਂ ਮੁਸੀਬਤਾਂ ਝੱਲੀਆਂ ਹਨ, ਉਹ ਬਿਆਨ ਤੋਂ ਬਾਹਰ ਹਨ। ਸਮੂਹ ਗੁਰਸਿੱਖਾਂ ਦਾ ਇੱਕੋ ਆਸ਼ਾ ਸੀ ਕਿ ਗੁਰਧਾਮਾਂ ਦਾ ਪ੍ਰਬੰਧ ਇਕ ਅਜਿਹੀ ਸੰਸਥਾ ਦੁਆਰਾ ਹੋਣਾ ਚਾਹੀਦਾ ਹੈ ਜਿਹੜੀ ਗੁਰੂ-ਆਸ਼ੇ ਅਤੇ ਆਦਰਸ਼ਾਂ ਦੀ ਧਾਰਨੀ ਹੋਵੇ। ਇਸੇ ਵੇਦਨਾ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਹੋਇਆ ਹੈ। ਇਸ ਦੇ ਪਿਛੋਕੜ ਵਿਚ ਉਹ ਸਮੂਹ ਘਟਨਾਵਾਂ ਮੌਜੂਦ ਹਨ ਜਿਨ੍ਹਾਂ ਨੇ ਸਿੱਖ ਮਨਾਂ ਵਿਚ ਉਦਾਸੀ ਦੀ ਭਾਵਨਾ ਪੈਦਾ ਹੋ ਜਾਣ ਦੇ ਬਾਵਜੂਦ ਵੀ ਚੜ੍ਹਦੀ ਕਲਾ ਵਾਲੀ ਪ੍ਰੇਰਨਾ ਪੈਦਾ ਕੀਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛੋਕੜ ਵਿਚ ਉਨ੍ਹਾਂ ਹਾਲਾਤਾਂ ਅਤੇ ਘਟਨਾਵਾਂ ਦੇ ਦਰਸ਼ਨ ਹੁੰਦੇ ਹਨ ਜਿਹੜੇ ਕਿਸੇ ਕੌਮ ਨੂੰ ਹਰਾਉਣ ਜਾਂ ਦਬਾਉਣ ਕਾਰਨ ਪੈਦਾ ਹੁੰਦੀਆਂ ਹਨ। ਇਨ੍ਹਾਂ ਘਟਨਾਵਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਸਤਲੁਜ ਦੀ ਹੱਦਬੰਦੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸਤਲੁਜ-ਉਰਾਰ ਦੀਆਂ ਸਮੂਹ ਰਿਆਸਤਾਂ ਅੰਗਰੇਜ਼ਾਂ ਦੇ ਅਧੀਨ ਸਨ ਅਤੇ ਸਮੂਹ ਰਿਆਸਤਾਂ ਦੇ ਰਾਜਿਆਂ ਦਾ ਇਹ ਪ੍ਰਮੁੱਖ ਉਦੇਸ਼ ਸੀ ਕਿ ਉਹ ਆਪਣੇ ਅਧੀਨ ਜਨਤਾ ਨੂੰ ਅੰਗਰੇਜ਼ਾਂ ਦੇ ਹਿੱਤ ਵਿਚ ਵਰਤਣ ਅਤੇ ਜੇਕਰ ਕੋਈ ਅਵੱਗਿਆ ਕਰਦਾ ਹੈ ਤਾਂ ਉਸ ਨੂੰ ਦਬਾਉਣ ਵਿਚ ਸਹਾਈ ਸਿੱਧ ਹੋਣ। ਅੰਗਰੇਜ਼ਾਂ ਦੀ ਵਫ਼ਾਦਾਰੀ ਦੇ ਅਨੇਕਾਂ ਤਮਗੇ ਅਤੇ ਖ਼ਿਤਾਬ ਹਾਸਲ ਕਰਨ ਵਾਲੇ ਸਿੱਖ ਸਰਦਾਰ, ਰਾਜ-ਘਰਾਣੇ ਅਤੇ ਫ਼ੌਜੀ ਜਵਾਨ ਮੌਜੂਦ ਸਨ ਜਿਨ੍ਹਾਂ ਦੀ ਸੂਰਮਗਤੀ ਦਾ ਲੋਹਾ ਅੰਗਰੇਜ਼ ਖ਼ੁਦ ਵੀ ਮੰਨਦੇ ਰਹੇ। ਦੂਜੇ ਪਾਸੇ ਸ਼ੁੱਕਰਚਕੀਆ ਮਿਸਲ ਅਧੀਨ ਸਤਲੁਜ-ਪਾਰ ਇਕ ਅਜਿਹੀ ਸ਼ਕਤੀਸ਼ਾਲੀ ਰਿਆਸਤ ਕਾਇਮ ਹੋ ਗਈ ਸੀ ਜਿਸ ਨਾਲ ਅੰਗਰੇਜ਼ਾਂ ਨੂੰ ਵੀ ਸੰਧੀ ਕਰਨ ਲਈ ਮਜਬੂਰ ਹੋਣਾ ਪਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਸਨ ਕਿ ਜਿਹੜੇ ਹਮਲਾਵਰ ਅਫ਼ਗ਼ਾਨਿਸਤਾਨ ਵੱਲੋਂ ਆਉਂਦੇ ਸਨ, ਹੁਣ ਉਹ ਕਾਬੁਲ ਦੀ ਗੱਦੀ 'ਤੇ ਬੈਠਣ ਤੋਂ ਪਹਿਲਾਂ ਮਹਾਰਾਜੇ ਦੀ ਮਨਜ਼ੂਰੀ ਲੈਣ ਲੱਗੇ ਸਨ। ਮਹਾਰਾਜਾ ਰਣਜੀਤ ਸਿੰਘ ਦਾ ਹੀ ਰਾਜ ਸੀ ਜਿੱਥੇ ਵਿਦੇਸ਼ੀ ਅਫ਼ਸਰ ਵੀ ਨੌਕਰੀ ਲੈਣ ਵਿਚ ਖ਼ੁਸ਼ੀ ਮਹਿਸੂਸ ਕਰਦੇ ਸਨ। ਮਹਾਰਾਜੇ ਅਧੀਨ ਪੰਜਾਬ ਦੀ ਆਰਥਿਕਤਾ ਨੇ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਲੋਕਾਂ ਵਿਚ ਪੰਜਾਬੀਅਤ ਦੀ ਭਾਵਨਾ ਪੈਦਾ ਕੀਤੀ ਸੀ ਅਤੇ ਸਮੂਹ ਧਰਮਾਂ ਨੂੰ ਬਰਾਬਰ ਦਾ ਸਤਿਕਾਰ ਦੇ ਕੇ ਰਾਜ ਦੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ।

ਬਹੁਤ ਸਾਰੇ ਗੁਰਧਾਮ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਮੌਜੂਦ ਸਨ ਜਿਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਅਸਥਾਨ ਸ੍ਰੀ ਨਨਕਾਣਾ ਸਾਹਿਬ, ਜੋਤੀ-ਜੋਤ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਆਦਿ ਪ੍ਰਮੁੱਖ ਸਨ। ਗੁਰਧਾਮਾਂ ਵਿਖੇ ਨਿਰੰਤਰ ਚੱਲਣ ਵਾਲੇ ਲੰਗਰ ਦਾ ਪ੍ਰਬੰਧ ਪੱਕੇ ਪੈਰੀਂ ਕਰਨ ਲਈ ਉਸ ਨੇ ਜਗੀਰਾਂ ਲਗਵਾਈਆਂ ਜਿਨ੍ਹਾਂ ਦਾ ਪ੍ਰਬੰਧ ਪ੍ਰਮੁੱਖ ਤੌਰ 'ਤੇ ਉਦਾਸੀ ਜਾਂ ਨਿਰਮਲੇ ਸੰਤਾਂ ਦੇ ਹੱਥ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਲੈ ਕੇ ਅੰਗਰੇਜ਼ਾਂ ਨੂੰ ਪੰਜਾਬ 'ਤੇ ਕਾਬਜ਼ ਹੋਣ ਵਿਚ ਲੱਗਭਗ ੧੦ ਸਾਲ ਲੱਗੇ। ੧੮੪੯ ਈ. ਵਿਚ ਪੰਜਾਬ 'ਤੇ ਕਬਜ਼ਾ ਕਰਨ ਉਪਰੰਤ ਇੱਥੋਂ ਦੀ ਹਰ ਇਕ ਸੰਸਥਾ ਦਾ ਪ੍ਰਬੰਧ ਅੰਗਰੇਜ਼ਾਂ ਅਧੀਨ ਆ ਗਿਆ ਜਿਨ੍ਹਾਂ ਵਿਚ ਗੁਰਧਾਮਾਂ ਦਾ ਪ੍ਰਬੰਧ ਵੀ ਸ਼ਾਮਲ ਸੀ। ਅੰਗਰੇਜ਼ਾਂ ਨੇ ਗੁਰਧਾਮਾਂ ਦੇ ਪ੍ਰਬੰਧ ਵੱਲ ਵਿਸ਼ੇਸ਼ ਧਿਆਨ ਦਿੱਤਾ ਕਿਉਂਕਿ ਇਹ ਉਨ੍ਹਾਂ ਦੀ ਪ੍ਰਮੁੱਖ ਵਿਰੋਧੀ ਧਿਰ ਸਿੱਖਾਂ ਦੀ ਸ਼ਕਤੀ ਦਾ ਕੇਂਦਰ ਸਨ। ਅੰਗਰੇਜ਼ ਨੇ ਸਿੱਧੇ ਤੌਰ 'ਤੇ ਗੁਰਧਾਮਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦੀ ਬਜਾਏ ਅਸਿੱਧੇ ਤੌਰ 'ਤੇ ਇਨ੍ਹਾਂ ਵਿਚ ਦਖ਼ਲ-ਅੰਦਾਜ਼ੀ ਸ਼ੁਰੂ ਕਰ ਦਿੱਤੀ।

ਜਦੋਂ ਤੋਂ ਅੰਗਰੇਜ਼ ਭਾਰਤ ਵਿਚ ਦਾਖ਼ਲ ਹੋਏ ਸਨ, ਉਸ ਸਮੇਂ ਤੋਂ ਹੀ ਉਨ੍ਹਾਂ ਨੂੰ ਭਾਰਤ ਦੀਆਂ ਧਾਰਮਿਕ ਸੰਸਥਾਵਾਂ ਦੇ ਪ੍ਰਬੰਧ ਵਿਚ ਰੁਚੀ ਪੈਦਾ ਹੋ ਗਈ ਸੀ। ਅੰਗਰੇਜ਼ਾਂ ਨੇ ਭਾਰਤ ਦੇ ਲੋਕਾਂ ਦੀ ਧਾਰਮਿਕ ਆਸਥਾ ਦਾ ਗਹਿਰ-ਗੰਭੀਰ ਅਧਿਐਨ ਕਰ ਕੇ ਇਹ ਸਿੱਟਾ ਕੱਢਿਆ ਕਿ ਜੇਕਰ ਭਾਰਤ 'ਤੇ ਰਾਜ ਕਰਨਾ ਹੈ ਤਾਂ ਇੱਥੋਂ ਦੇ ਧਾਰਮਿਕ ਪ੍ਰਬੰਧ ਦੀ ਦਿਸ਼ਾ ਸਰਕਾਰ ਦੇ ਹਿੱਤ ਵਿਚ ਕਰਨ ਲਈ ਯਤਨ ਕਰਨਾ ਪਵੇਗਾ। ਇਸ ਕਾਰਜ ਲਈ ਉਨ੍ਹਾਂ ਨੇ ਇਕ ਐਕਟ ਤਿਆਰ ਕੀਤਾ। ਇਸ ਐਕਟ ਦਾ ਨਾਂ ਰੱਖਿਆ ਗਿਆ Religious Endownment Act, 1863. ਪਹਿਲਾਂ ਇਹ ਕੰਮ Board of Revenue, Regulation XIX, 1810 ਦੇ ਅਧੀਨ ਸੀ। ੧੮੬੩ ਦੇ ਐਕਟ XX ਅਧੀਨ ਇਹ ਇਹ ਸੁਝਾਅ ਦਿੱਤਾ ਗਿਆ ਕਿ ਮੰਦਿਰ, ਮਸਜਿਦ ਆਦਿ ਹਰ ਇਕ ਧਾਰਮਿਕ ਅਦਾਰੇ ਦਾ ਪ੍ਰਬੰਧ ਇਸ ਐਕਟ ਅਨੁਸਾਰ ਕੀਤਾ ਜਾਵੇਗਾ। ਚੜ੍ਹਾਵੇ ਵਿਚ ਆਈਆਂ ਵਸਤਾਂ, ਮਾਇਆ ਅਤੇ ਜਾਗੀਰਾਂ ਦੀ ਸੁਯੋਗ ਵਰਤੋਂ ਹਿੱਤ ਇਹ ਐਕਟ ਹੋਂਦ ਵਿਚ ਆਇਆ ਸੀ। ਇਹ ਐਕਟ ਧਰਮ-ਅਸਥਾਨਾਂ ਦੇ ਪ੍ਰਬੰਧ ਵਿਚ ਆ ਰਹੀਆਂ ਬੇਨਿਯਮੀਆਂ ਨੂੰ ਦੂਰ ਕਰਨ ਲਈ ਤਿਆਰ ਕੀਤਾ ਗਿਆ ਸੀ। ਇਸ ਐਕਟ ਅਧੀਨ ਸਮੂਹ ਸ਼ਕਤੀਆਂ ਜ਼ਿਲ੍ਹਾ ਜੱਜ ਜਾਂ ਡਿਪਟੀ ਕਮਿਸ਼ਨਰ ਕੋਲ ਸਨ ਜਿਹੜੇ ਕਿ ਨਿਰਧਾਰਿਤ ਨਿਯਮਾਂ ਅਨੁਸਾਰ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਰਨ ਦੇ ਪਾਬੰਦ ਸਨ।

ਪੰਜਾਬ ਵਿਚ ਸਿੱਖਾਂ ਦੇ ਧਰਮ ਅਸਥਾਨਾਂ ਦਾ ਪ੍ਰਬੰਧ ਕਰਨ ਲਈ ਵੱਖਰਾ ਕਾਨੂੰਨ

ਬਣਾਇਆ ਗਿਆ। ਇਹ ਭਾਰਤ ਵਿਚ ਚੱਲ ਰਹੇ ੧੮੬੩ ਦੇ ਐਕਟ XX ਤੋਂ ਵੱਖਰਾ ਸੀ। ਅੰਗਰੇਜ਼ਾਂ ਦੀ ਇਸ ਨੀਤੀ 'ਤੇ ਟਿੱਪਣੀ ਕਰਦੇ ਹੋਏ Ian J. Kerr ਕਹਿੰਦਾ ਹੈ:

Why, we must ask, did the British in the Punjab perceive the Sikhs as such a special group that, quite contrary to the practice throughout the remainder of British India, they felt that the Provincial Government had to remain involved in the affairs of a Sikh religious institution, the Darbar Sahab? We must also ask how this continuing involvement of Government affected the Sikh community in their struggle to maintain and strengthen their identity.[੨]

ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਅੰਗਰੇਜ਼ਾਂ ਨੇ ਦਸਤੂਰ-ਅਲ-ਅਮਲ ਤਿਆਰ ਕਰਵਾਇਆ ਜਿਸ ਵਿਚ ਇੱਥੇ ਸੇਵਾ ਕਰਨ ਵਾਲੇ ਸਮੂਹ ਰਾਗੀਆਂ, ਗ੍ਰੰਥੀਆਂ, ਪੁਜਾਰੀਆਂ, ਮਹੰਤਾਂ ਆਦਿ ਦੀਆਂ ਜ਼ਿੰਮੇਵਾਰੀਆਂ ਨਿਰਧਾਰਿਤ ਕਰਨ ਦੇ ਨਾਲ-ਨਾਲ ਜੇਕਰ ਇਨ੍ਹਾਂ ਵਿਚ ਕੋਈ ਵਿਰੋਧ ਪੈਦਾ ਹੋ ਜਾਵੇ ਤਾਂ ਉਸ ਨਾਲ ਨਜਿੱਠਣ ਲਈ ਨਿਯਮ ਤਿਆਰ ਕੀਤੇ ਗਏ। ਇਹ ਇਕ ਅਜਿਹਾ ਦਸਤਾਵੇਜ਼ ਸੀ ਜਿਸ ਨੂੰ ਤਿਆਰ ਕਰਨ ਲਈ ਉਸ ਸਮੇਂ ਦੇ ਰਾਜਿਆਂ, ਸਰਦਾਰਾਂ, ਸੂਝਵਾਨਾਂ ਅਤੇ ਸੰਸਥਾਵਾਂ ਦੀ ਸਹਾਇਤਾ ਲਈ ਗਈ ਸੀ। ਇਹ ਇਕ ਅਜਿਹਾ ਦਸਤਾਵੇਜ਼ ਤਿਆਰ ਕੀਤਾ ਗਿਆ ਸੀ ਜਿਸ ਦੀ ਉਲੰਘਣਾ ਕਰਨ 'ਤੇ ਅਦਾਲਤ ਵਿਚ ਅਪੀਲ ਹੋ ਸਕਦੀ ਸੀ। ਇਸ ਸਮੇਂ ਇਕ ਹੋਰ ਮਹੱਤਵਪੂਰਨ ਫ਼ੈਸਲਾ ਲੈਂਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਅੰਮ੍ਰਿਤਧਾਰੀ ਸਿੰਘਾਂ ਦੀ ਇਕ ਨੌਂ ਮੈਂਬਰੀ ਕਮੇਟੀ ਬਣਾਈ ਗਈ ਜਿਨ੍ਹਾਂ ਉੱਤੇ ਸਰਕਾਰ ਵੱਲੋਂ ਇਕ ਸਰਬਰਾਹ ਨਿਯੁਕਤ ਕੀਤਾ ਗਿਆ। ਸਰਬਰਾਹ ਦਾ ਕੰਮ ਕਮੇਟੀ ਦੇ ਕੰਮਾਂ ਦੀ ਕੇਵਲ ਨਿਗਰਾਨੀ ਕਰਨਾ ਸੀ। ਸਮੁੱਚੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣਾ ਅਤੇ ਮਾਇਆ-ਭੇਟਾ ਦਾ ਹਿਸਾਬ-ਕਿਤਾਬ ਰੱਖ ਕੇ ਉਸ ਨੂੰ ਲੋੜ ਅਨੁਸਾਰ ਖਰਚ ਕਰਨਾ ਕਮੇਟੀ ਦੀ ਜ਼ਿੰਮੇਵਾਰੀ ਸੀ। ਸਰਕਾਰ ਦੁਆਰਾ ਗੁਰਧਾਮਾਂ ਦੇ ਪ੍ਰਬੰਧ ਲਈ ਬਣਾਈ ਗਈ ਨੀਤੀ ਕਾਰਗਾਰ ਸਾਬਤ ਹੋ ਰਹੀ ਸੀ ਜਿਸ ਦੀ ਪੁਸ਼ਟੀ ਲੈ. ਗਵਰਨਰ ਦੁਆਰਾ ਵਾਇਸਰਾਇ ਨੂੰ ੮ ਅਗਸਤ, ੧੮੮੧ ਨੂੰ ਲਿਖੀ ਇਕ ਚਿੱਠੀ ਤੋਂ ਹੁੰਦੀ ਹੈ[੩]:

Simla<br>8 August 1881

My dear Lord Rippon,

I think it would be politically dangerous to allow the ar-

rangement of Sikh temples to fall into the hands of a committee emancipated from Govt. control, and I trust your Excellency will assist to pass such orders in the case as will enable to continue the system which has worked our succesfully for more than thirty years.

Believe me,

Yours Sincerely
R.E. Egerton
Lt. Governor, Punjab

੧੯ਵੀਂ ਸਦੀ ਦੇ ਚੌਥੇ ਦਹਾਕੇ ਵਿਚ ਕਮੇਟੀ ਨੂੰ ਭੰਗ ਕਰ ਕੇ ਸਾਰੀਆਂ ਸ਼ਕਤੀਆਂ ਸਰਬਰਾਹ ਨੂੰ ਸੌਂਪ ਦਿੱਤੀਆਂ ਗਈਆਂ:

About 1883, however, the committee was quietly dropped and the whole control came to be vested in the Sarbrah, who received his instructions from the Deputy Commissioner.[੪]

ਕਮੇਟੀ ਦੀਆਂ ਸ਼ਕਤੀਆਂ ਸਰਬਰਾਹ ਕੋਲ ਆਉਣ ਨਾਲ ਗੁਰਦੁਆਰਾ ਪ੍ਰਬੰਧ ਵਿਚ ਉਹ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਹਸਤੀ ਵਜੋਂ ਉੱਭਰ ਕੇ ਸਾਹਮਣੇ ਆਇਆ। ਗੁਰਧਾਮ ਵਿਖੇ ਕਾਰਜਸ਼ੀਲ ਸਮੂਹ ਸੇਵਾਦਾਰਾਂ ਦੀ ਨਿਯੁਕਤੀ ਅਤੇ ਉਨ੍ਹਾਂ ਨੂੰ ਬਰਖ਼ਾਸਤ ਕਰਨ ਦੀ ਸ਼ਕਤੀ ਇਸ ਕੋਲ ਆ ਗਈ ਸੀ ਜਿਸ ਕਰ ਕੇ ਸਮੁੱਚਾ ਸਟਾਫ਼ ਇਸ ਦੇ ਆਦੇਸ਼ ਅਨੁਸਾਰ ਕਾਰਜ ਕਰਦਾ ਸੀ। ਸ਼ਕਤੀਸ਼ਾਲੀ ਹੋਣ ਕਰਕੇ ਸਰਬਰਾਹ ਵਿਚ ਬਹੁਤ ਸਾਰੀਆਂ ਕੁਰੀਤੀਆਂ ਪ੍ਰਵੇਸ਼ ਕਰ ਗਈਆਂ। ਗੁਰਧਾਮਾਂ ਦਾ ਪ੍ਰਬੰਧ ਦਿਨੋਂ-ਦਿਨ ਵਿਗੜਨ ਲੱਗਾ ਜਿਸ ਨਾਲ ਆਮ ਲੋਕਾਂ ਦੀ ਸ਼ਰਧਾ ਅਤੇ ਵਿਸ਼ਵਾਸ ਨੂੰ ਸੱਟ ਵੱਜਦੀ ਸੀ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਸੀ ਅਤੇ ਸ਼ਰਧਾਲੂ ਇੱਥੋਂ ਦੇ ਸਰਬਰਾਹ ਦੀਆਂ ਵਧੀਕੀਆਂ ਤੋਂ ਤੰਗ ਆਉਣ ਲੱਗੇ ਸਨ। ਗੁਰਧਾਮ ਦਾ ਪ੍ਰਬੰਧ ਢਿੱਲਾ ਹੋਣ ਕਰ ਕੇ ਇੱਥੇ ਬਹੁਤ ਸਾਰੀਆਂ ਕੁਰੀਤੀਆਂ ਪ੍ਰਵੇਸ਼ ਕਰ ਗਈਆਂ ਸਨ ਜਿਸ ਦਾ ਅਸਰ ਸਿੱਖ ਸਮਾਜ ਵਿਚ ਦਿਖਾਈ ਦੇਣ ਲੱਗਾ ਸੀ।

ਸਿੱਖਾਂ ਵਿਚ ਸਿੱਖੀ ਪ੍ਰਤੀ ਪ੍ਰੇਮ, ਦ੍ਰਿੜ੍ਹਤਾ ਅਤੇ ਵਿਸ਼ਵਾਸ ਵਿਚ ਨਿਰੰਤਰ ਨਿਘਾਰ ਆ ਰਿਹਾ ਸੀ ਜਿਸ ਦੇ ਸਿੱਟੇ ਵੱਜੋਂ ਸਿੱਖ ਨੌਜਵਾਨਾਂ ਦਾ ਝੁਕਾਅ ਅੰਗਰੇਜ਼ਾਂ ਵੱਲ ਹੋਣ ਲੱਗਿਆ। ਧਨ ਅਤੇ ਤਾਕਤ ਦੇ ਸੁਮੇਲ ਨਾਲ ਅੰਗਰੇਜ਼ ਸਮੁੱਚੇ ਸਮਾਜ ਵਿਚ ਆਦਰਸ਼ ਬਣਦੇ ਜਾ ਰਹੇ ਸਨ। ਨੌਜਵਾਨਾਂ ਦੇ ਮਨ ਵਿਚ ਇਹ ਗੱਲ ਪ੍ਰਪੱਕ ਹੋਣ ਲੱਗੀ ਸੀ ਕਿ ਅੰਗਰੇਜ਼ਾਂ ਦੀ ਸਹਾਇਤਾ ਨਾਲ ਹੀ ਉਨ੍ਹਾਂ ਦੇ ਅੱਗੇ ਵੱਧਣ ਦੇ

ਸੁਪਨੇ ਸਾਕਾਰ ਹੋ ਸਕਦੇ ਹਨ। ਅੰਗਰੇਜ਼ੀ ਜੀਵਨ-ਜਾਚ ਨੇ ਸਿੱਖ ਨੌਜਵਾਨਾਂ ਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਸਭ ਤੋਂ ਪਹਿਲੀ ਘਟਨਾ, ਜਿਸ ਨੇ ਸਮੁੱਚੀ ਸਿੱਖ ਕੌਮ ਨੂੰ ਜਗਾ ਦਿੱਤਾ ਸੀ, ਅੰਮ੍ਰਿਤਸਰ ਵਿਖੇ ਦੇਖਣ ਨੂੰ ਮਿਲੀ। ੧੮੭੩ ਈ. ਵਿਚ ਅੰਮ੍ਰਿਤਸਰ ਸਿੱਖ ਮਿਸ਼ਨ ਦੇ ਚਾਰ ਸਿੱਖ ਵਿਦਿਆਰਥੀਆਂ - ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ - ਦੁਆਰਾ ਸਿੱਖ ਧਰਮ ਨੂੰ ਛੱਡ ਕੇ ਈਸਾਈ ਧਰਮ ਵਿਚ ਪ੍ਰਵੇਸ਼ ਕਰ ਜਾਣ ਦੇ ਐਲਾਨ ਨੇ ਸਮੁੱਚੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਇਸ ਤੋਂ ਪਹਿਲਾਂ ਅੰਗਰੇਜ਼ਾਂ ਨੇ ਪੰਜਾਬ ਦੇ ਆਖ਼ਰੀ ਮਹਾਰਾਜੇ ਦਲੀਪ ਸਿੰਘ ਨੂੰ ਈਸਾਈ ਧਰਮ ਵਿਚ ਤਬਦੀਲ ਕਰ ਕੇ ਇੰਗਲੈਂਡ ਭੇਜ ਦਿੱਤਾ ਸੀ ਅਤੇ ਇਸ ਤੋਂ ਬਾਅਦ ੧੮੬੨ ਈ. ਵਿਚ ਕਪੂਰਥਲੇ ਦੇ ਰਾਜੇ ਦੇ ਭਤੀਜੇ ਕੰਵਰ ਹਰਨਾਮ ਸਿੰਘ ਈਸਾਈ ਧਰਮ ਵਿਚ ਪ੍ਰਵੇਸ਼ ਕਰ ਗਿਆ ਸੀ। ਪਰ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਸਿੱਖ ਵਿਦਿਆਰਥੀਆਂ ਦੀ ਸਵੈ-ਇੱਛਾ ਨਾਲ ਈਸਾਈ ਧਰਮ ਵਿਚ ਪ੍ਰਵੇਸ਼ ਕਰਨ ਦੇ ਐਲਾਨ ਨੇ ਸੂਝਵਾਨ ਸਿੱਖਾਂ ਦੇ ਮਨ ਵਿਚ ਇਹ ਭਾਵਨਾ ਪ੍ਰਗਟ ਕੀਤੀ ਕਿ ਸਿੱਖ ਕੌਮ ਵਿਚ ਗੁਰਮਤਿ ਭਾਵਨਾਵਾਂ ਦਾ ਸੰਚਾਰ ਕਰਨ ਲਈ ਤੁਰੰਤ ਯਤਨਸ਼ੀਲ ਹੋਣ ਦੀ ਲੋੜ ਹੈ। ਇਸੇ ਪ੍ਰਭਾਵ ਅਧੀਨ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਦੀ ਅਗਵਾਈ ਵਿਚ 'ਸਿੰਘ ਸਭਾ' ਦੀ ਸਥਾਪਨਾ ਹੋਈ। ਭਾਵੇਂ ਕਿ ਸਿੰਘ ਸਭਾ ਤੋਂ ਪਹਿਲਾਂ ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਨੇ ਵੀ ਸਿੱਖਾਂ ਵਿਚ ਧਾਰਮਿਕ ਜਾਗਰਤੀ ਪੈਦਾ ਕਰਨ ਦਾ ਕਾਰਜ ਕੀਤਾ ਸੀ ਪਰ ਸਿੰਘ ਸਭਾ ਦੀ ਵਿਸ਼ੇਸ਼ਤਾ ਸੀ ਇਕ ਇਨ੍ਹਾਂ ਦੀ ਪ੍ਰਮੁੱਖ ਸੁਰ ਵਿੱਦਿਅਕ ਸੀ। ਇਹ ਚਾਹੁੰਦੇ ਸਨ ਕਿ ਆਧੁਨਿਕ ਵਿੱਦਿਆ ਰਾਹੀਂ ਸਿੱਖ ਵਿਦਿਆਰਥੀਆਂ ਵਿਚ ਦੁਨਿਆਵੀ ਅਤੇ ਵਿੱਦਿਅਕ ਚੇਤਨਾ ਪੈਦਾ ਕਰਨ ਦੇ ਸਾਰਥਕ ਸਿੱਟੇ ਸਾਹਮਣੇ ਆ ਸਕਦੇ ਹਨ। ਇਹ ਅੰਗਰੇਜ਼ ਸਰਕਾਰ ਨਾਲ ਕਿਸੇ ਤਰ੍ਹਾਂ ਦਾ ਵੀ ਵਿਰੋਧ ਪੈਦਾ ਕੀਤੇ ਬਗ਼ੈਰ ਸਿੱਖ ਬੱਚਿਆਂ ਨੂੰ ਸਿੱਖੀ ਅਤੇ ਪੰਜਾਬੀ ਨਾਲ ਜੋੜਨ ਦੇ ਇੱਛੁਕ ਸਨ। ਇਹ ਚਾਹੁੰਦੇ ਸਨ ਕਿ ਅੰਗਰੇਜ਼ ਅਫ਼ਸਰਾਂ ਨੂੰ ਵੀ ਸਿੱਖ ਧਰਮ ਦੀ ਮਰਯਾਦਾ ਅਤੇ ਪਰੰਪਰਾ ਦਾ ਗਿਆਨ ਹੋਣਾ ਚਾਹੀਦਾ ਹੈ। ਸਿੰਘ ਸਭਾ ਦੇ ਪ੍ਰਮੁੱਖ ਉਦੇਸ਼ਾਂ ਦਾ ਵਰਣਨ ਕਰਦੇ ਹੋਏ ਗੋਬਿੰਦ ਸਿੰਘ ਮਨਸੁਖਾਨੀ ਲਿਖਦੇ ਹਨ:

The main aim of the founders of the Singh Sabha Movement was to discover the glorious heritage of Sikh faith and tradition by imparting the necessary knowledge to the younger generation and inspiring them with high moral standards of conduct so that they may become the best models of the community. Education of the community was necessary and there-

fore. the establishment of schools and the production of religious literature were undertaken in a big way. The leaders were also aware of evils that had crept in the social customs and religious practices of the Sikhs and by setting personal examples weaned the masses of the corrupting practices.[੫]

ਸਿੰਘ ਸਭਾ ਨੇ ਸਿੱਖਾਂ ਵਿਚ ਧਾਰਮਿਕ ਜਾਗਰਤੀ ਦੀ ਜਿਹੜੀ ਲਹਿਰ ਅਰੰਭ ਕੀਤੀ ਸੀ, ਉਸ ਦੇ ਸਾਰਥਕ ਸਿੱਟੇ ਸਾਹਮਣੇ ਆਉਣੇ ਅਰੰਭ ਹੋ ਗਏ। ਸਿੱਖ ਵੱਸੋਂ ਵਾਲੇ ਨਗਰਾਂ ਵਿਚ ਸਿੰਘ ਸਭਾਵਾਂ ਦੀ ਸਥਾਪਨਾ ਦਾ ਕਾਰਜ ਅਰੰਭ ਹੋ ਗਿਆ। ਸਿੰਘ ਸਭਾਵਾਂ ਵਿਚ ਤਾਲਮੇਲ ਪੈਦਾ ਕਰਨ ਲਈ ਖ਼ਾਲਸਾ ਦੀਵਾਨ ਹੋਂਦ ਵਿਚ ਆਏ। ੧੮੮੩ ਈ. ਵਿਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਸਾਹਮਣੇ ਆਇਆ ਜਿਸ ਨਾਲ ੩੬ ਸਿੰਘ ਸਭਾਵਾਂ ਸੰਬੰਧਿਤ ਹੋਈਆਂ। ੧੮੮੬ ਵਿਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਵਿਚ ਕੁਝ ਸਿਧਾਂਤਕ ਮਤਭੇਦ ਪੈਦਾ ਹੋ ਗਏ ਅਤੇ ਇਨ੍ਹਾਂ ਵਿੱਚੋਂ ਖ਼ਾਲਸਾ ਦੀਵਾਨ ਲਾਹੌਰ ਪੈਦਾ ਹੋ ਗਿਆ। ਸਿੱਖੀ ਦੇ ਗੌਰਵ ਨੂੰ ਸਥਾਪਿਤ ਕਰਨ ਲਈ ਖ਼ਾਲਸਾ ਦੀਵਾਨ ਲਾਹੌਰ ਨੇ ਬਹੁਤ ਹੀ ਮਹੱਤਵਪੂਰਨ ਕਾਰਜ ਕੀਤੇ। ਇਨ੍ਹਾਂ ਵਿੱਚੋਂ ਗਿਆਨੀ ਦਿੱਤ ਸਿੰਘ ਦੁਆਰਾ ਅਰੰਭ ਕੀਤਾ ਗਿਆ ਖ਼ਾਲਸਾ ਅਖ਼ਬਾਰ ਪ੍ਰਮੁੱਖ ਸੀ। ੧੮੮੬ ਵਿਚ ਅਰੰਭ ਹੋਏ ਇਸ ਅਖ਼ਬਾਰ ਨੇ ਸਿੱਖਾਂ ਵਿਚ ਗੁਰਮਤਿ ਚੇਤਨਾ ਪੈਦਾ ਕਰਨ ਦਾ ਮਹੱਤਵਪੂਰਨ ਕਾਰਜ ਕੀਤਾ। ਖ਼ਾਲਸਾ ਦੀਵਾਨ ਲਾਹੌਰ ਦੀ ਪ੍ਰਸਿੱਧੀ ਦੂਰ-ਦੂਰ ਤਕ ਫੈਲ ਗਈ ਅਤੇ ਇਹ ਸਿੱਖਾਂ ਵਿਚ ਧਾਰਮਿਕ ਜੋਸ਼ ਅਤੇ ਵਿਸ਼ਵਾਸ ਪੈਦਾ ਕਰਨ ਵਿਚ ਕਾਫ਼ੀ ਹੱਦ ਤਕ ਸਫ਼ਲ ਵੀ ਹੋਏ।

ਉਨੀਵੀਂ ਸਦੀ ਦੇ ਅੰਤ ਤਕ ਇਸ ਦੀਵਾਨ ਦੇ ਦੋ ਪ੍ਰਮੁੱਖ ਆਗੂ-ਸਰ ਅਤਰ ਸਿੰਘ ਅਤੇ ਸਰਦਾਰ ਗੁਰਮੁੱਖ ਸਿੰਘ ਅਕਾਲ ਚਲਾਣਾ ਕਰ ਗਏ ਸਨ। ੧੯੦੧ ਈ. ਵਿਚ ਗਿਆਨੀ ਦਿੱਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਨਾਲ ਇਹ ਦੀਵਾਨ ਬਹੁਤ ਕਮਜ਼ੋਰ ਪੈ ਗਿਆ ਸੀ। ੧੯੦੨ ਈ. ਵਿਚ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਅਤੇ ਖ਼ਾਲਸਾ ਦੀਵਾਨ ਲਾਹੌਰ ਨੂੰ ਇਕੱਠੇ ਕਰ ਕੇ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਕੀਤੀ ਗਈ। ਭਾਈ ਅਰਜਨ ਸਿੰਘ ਬਾਗੜੀਆਂ ਇਸ ਦੇ ਪ੍ਰਧਾਨ ਚੁਣੇ ਗਏ। ਸਕੂਲ ਖੋਲਣੇ, ਗੁਰਬਾਣੀ ਅਤੇ ਗੁਰ-ਇਤਿਹਾਸ ਦੀਆਂ ਕਿਤਾਬਾਂ ਛਪਵਾਉਣੀਆਂ, ਪੰਜਾਬੀ ਭਾਸ਼ਾ ਦਾ ਪ੍ਰਚਾਰ, ਧਾਰਮਿਕ ਚੇਤਨਾ ਪੈਦਾ ਕਰਨਾ ਆਦਿ ਇਸ ਦੇ ਪ੍ਰਮੁੱਖ ਕਾਰਜ ਸਨ। ਇਨ੍ਹਾਂ ਦੀਆਂ ਮੀਟਿੰਗਾਂ ਵਿਚ ਹੋਏ ਫ਼ੈਸਲਿਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਤੋਂ ਬਾਹਰ ਗੁਰਧਾਮਾਂ ਦੇ ਪ੍ਰਬੰਧ ਲਈ ਵੀ ਇਹ ਸਹਾਇਤਾ ਪ੍ਰਦਾਨ ਕਰਦੇ ਰਹੇ ਹਨ। ੧੯੩੪ ਵਿਚ ਆਏ ਭੁਚਾਲ ਉਪਰੰਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪੁੱਜਾ ਸੀ, ਮੁਢਲੇ ਰੂਪ ਵਿਚ ਉਸ ਦੀ ਮੁਰੰਮਤ ਅਤੇ

ਫਿਰ ਉਸ ਦੀ ਪੁਨਰ-ਉਸਾਰੀ ਵਿਚ ਵੀ ਚੀਫ਼ ਖ਼ਾਲਸਾ ਦੀਵਾਨ ਦਾ ਮਹੱਤਵਪੂਰਨ ਯੋਗਦਾਨ ਹੈ।

ਹਫ਼ਤਾਵਰੀ 'ਖ਼ਾਲਸਾ ਐਡਵੋਕੇਟ' ਇਨ੍ਹਾਂ ਦੀ ਮਹੱਤਵਪੂਰਨ ਪ੍ਰਕਾਸ਼ਨਾ ਹੈ ਜਿਸ ਰਾਹੀਂ ਇਨ੍ਹਾਂ ਨੇ ਗੁਰਮਤਿ ਦਾ ਸੰਦੇਸ਼ ਅਤੇ ਸਿਧਾਂਤ ਆਮ ਲੋਕਾਂ ਤਕ ਲਿਜਾਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਸਿੱਖ ਵਿੱਦਿਅਕ ਕਾਨਫ਼ਰੰਸ ਰਾਹੀਂ ਇਸ ਸੰਸਥਾ ਨੇ ਸਿੱਖ ਬੱਚਿਆਂ ਅਤੇ ਨੌਜਵਾਨਾਂ ਵਿਚ ਸਿੱਖੀ ਪ੍ਰੇਰਨਾ ਪੈਦਾ ਕਰਨ ਦਾ ਕਾਰਜ ਕਰਨ ਦੇ ਨਾਲ-ਨਾਲ ਸੂਝਵਾਨ ਗੁਰਸਿੱਖਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਸੰਵਾਦ ਰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਜਿਸ 'ਤੇ ਟਿੱਪਣੀ ਕਰਦੇ ਹੋਏ ਪ੍ਰੋ. ਗੁਰਬਚਨ ਸਿੰਘ ਤਾਲਿਬ ਦੱਸਦੇ ਹਨ:-

"ਸਿੱਖ ਵਿੱਦਿਅਕ ਕਾਨਫ਼ਰੰਸ ਵਿਚ ਕੌਮ ਦੇ ਸ਼ਰੋਮਣੀ ਨੇਤਾ, ਧਾਰਮਿਕ ਪ੍ਰਚਾਰਕ, ਵਿੱਦਿਆ ਮਾਰਤੰਡ, ਗਿਆਨਵਾਨ ਅਤੇ ਅਧਿਆਪਕ ਸ਼ਰੀਕ ਹੁੰਦੇ ਰਹੇ ਹਨ, ਵਿਚਾਰਾਂ ਵਿਚ ਕੌਮ ਦੀਆਂ ਵਿੱਦਿਅਕ ਅਤੇ ਸੰਸਕ੍ਰਿਤਕ ਸਮੱਸਿਆਵਾਂ ਵੱਲ ਆਕਰਖਣ ਕੀਤਾ ਗਿਆ ਹੈ, ਜਿਸ ਨਾਲ ਸਮੇਂ-ਸਮੇਂ ਸਿਰ ਕੌਮ ਦੀ ਸੋਝੀ ਪ੍ਰਪੱਕ ਹੁੰਦੀ ਰਹੀ ਹੈ।"[੬]

ਇਹ ਸੰਸਥਾ ਅੰਗਰੇਜ਼ ਸਰਕਾਰ ਨਾਲ ਮਿਲ ਕੇ ਕਾਰਜ ਕਰ ਰਹੀ ਸੀ। ਭਾਵੇਂ ਕਿ ਇਸ ਸੰਸਥਾ ਰਾਹੀ ਸਿੱਖਾਂ ਵਿਚ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਨੂੰ ਭਾਰੀ ਹੁੰਗਾਰਾ ਪ੍ਰਾਪਤ ਹੋਇਆ ਅਤੇ ਇਸ ਨੇ ਸਿੱਖਾਂ ਦੀ ਹਿੰਦੂਆਂ ਨਾਲੋਂ ਵੱਖਰੀ ਪਛਾਣ ਸਥਾਪਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਪਰ ਇਹ ਸੰਸਥਾ ਗੁਰਧਾਮਾਂ ਦੇ ਪ੍ਰਬੰਧ ਨੂੰ ਸੁਧਾਰਨ ਵਿਚ ਕੋਈ ਠੋਸ ਕਾਰਜ ਨਾ ਕਰ ਸਕੀ ਅਤੇ ਨਾ ਹੀ ਇਹ ਸੰਸਥਾ ਸਿੱਖਾਂ ਦੇ ਰਾਜਸੀ ਹਿੱਤਾਂ ਨੂੰ ਪੂਰਾ ਕਰਦੀ ਸੀ।

ਸਿੰਘ ਸਭਾ ਦੇ ਪ੍ਰਭਾਵ ਅਧੀਨ ਸਿੱਖਾਂ ਵਿਚ ਆਪਣੇ ਧਰਮ ਦੇ ਸਿਧਾਂਤਾਂ ਪ੍ਰਤੀ ਜਿਹੜੀ ਚੇਤਨਾ ਪੈਦਾ ਹੋਈ ਸੀ, ਉਸੇ ਵਿੱਚੋਂ ਗੁਰਧਾਮਾਂ ਦੇ ਪ੍ਰਬੰਧ ਦੇ ਸੁਧਾਰ ਲਈ ਫੁਰਨੇ ਪੈਦਾ ਹੋਣ ਲੱਗੇ ਸਨ। ਗੁਰਧਾਮਾਂ ਦੇ ਪ੍ਰਬੰਧ ਵਿਚ ਜਿਹੜੇ ਵਿਕਾਰ ਉਨ੍ਹਾਂ ਦੀ ਨਜ਼ਰ ਪੈਂਦੇ ਸਨ, ਉਨ੍ਹਾਂ ਪ੍ਰਤੀ ਸਿੱਖ ਸੰਗਤ ਵਿਚ ਜਾਗਰੂਕਤਾ ਪੈਦਾ ਕਰਨ ਲਈ ਅਖ਼ਬਾਰਾਂ ਅਤੇ ਰਸਾਲਿਆਂ ਦਾ ਸਹਾਰਾ ਲਿਆ ਜਾਣ ਲੱਗਾ ਸੀ। ਗੁਰਦੁਆਰਾ ਪ੍ਰਬੰਧ ਦੇ ਵਿਗਾੜ ਦੀ ਜਿਹੜੀ ਗੱਲ ਸਮੁੱਚੀ ਸੰਗਤ ਦੇ ਹਿਰਦੇ ਨੂੰ ਠੇਸ ਪਹੁੰਚਾ ਰਹੀ ਸੀ, ਉਸ ਦੀ ਵੇਦਨਾ ਦਾ ਪ੍ਰਗਟਾਵਾ ਗਿਆਨ ਸਿੰਘ ਵਜ਼ੀਰਾਬਾਦ ਨੇ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ:

*ਸਾਧ ਸੰਗਤ ਨੂੰ ਧੱਕੇ ਮਿਲਦੇ,*
*ਚੋਰਾਂ ਨਾਲ ਪਿਆਰਾ, ਖੇਲ ਨਿਆਰਾ।*
*ਪਰ ਤ੍ਰਿਯ ਗਾਮੀ ਹੋਇ ਮਹੰਤਨ,*

*ਕਰਦੇ ਖੁਸ਼ੀ ਅਪਾਰਾ, ਰਾਤ ਕਿਨਾਰਾ।*
*ਜਾਇਦਾਦ ਬਨਾਈ ਜੱਦੀ,*
*ਖੌਫ਼ ਸੰਗਤ ਦਾ ਟਾਰਾ, ਖੁਦ ਮੁਖਤਿਆਰਾ।*[੭]

ਜਿਹੜੇ ਗੁਰਸਿੱਖਾਂ ਦੇ ਮਨ ਵਿਚ ਗੁਰਧਾਮਾਂ ਦੀ ਪਵਿੱਤਰਤਾ ਦਾ ਦਰਦ ਮੌਜੂਦ ਸੀ, ਉਨ੍ਹਾਂ ਨੂੰ ਦੋਹਰੀ ਲੜਾਈ ਲੜਨੀ ਪੈ ਰਹੀ ਸੀ। ਇਕ ਪਾਸੇ ਉਹ ਆਪਣੇ ਧਰਮ ਵਿਚ ਪ੍ਰਵੇਸ਼ ਕਰ ਗਈਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਯਤਨਸ਼ੀਲ ਸਨ ਅਤੇ ਦੂਜੇ ਪਾਸੇ ਉਹ ਬਾਹਰੀ ਹਮਲਿਆਂ ਤੋਂ ਆਪਣੇ ਗੁਰਧਾਮਾਂ ਨੂੰ ਬਚਾਉਣ ਲਈ ਨਿਰੰਤਰ ਕਾਰਜ ਕਰ ਰਹੇ ਸਨ। ਸਿੱਖਾਂ ਦੇ ਮਨ ਵਿਚ ਸ੍ਰੀ ਹਰਿਮੰਦਰ ਸਾਹਿਬ ਅਤੇ ਇਸ ਦੇ ਚੁਗਿਰਦੇ ਪ੍ਰਤੀ ਸ਼ਰਧਾ-ਭਾਵਨਾ ਮੌਜੂਦ ਹੋਣ ਕਰਕੇ ਜਦੋਂ ਕੋਈ ਇਸ ਦੀ ਬੇਅਦਬੀ ਕਰਨ ਦਾ ਯਤਨ ਕਰਦਾ ਹੈ ਤਾਂ ਆਪਾ ਕੁਰਬਾਨ ਕਰਨ ਲਈ ਵੀ ਤਿਆਰ ਹੋ ਜਾਂਦੇ ਹਨ। ਅਜਿਹੀ ਇਕ ਘਟਨਾ ਉਸ ਸਮੇਂ ਦੇਖਣ ਨੂੰ ਮਿਲਦੀ ਹੈ ਜਦੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਸੰਤੋਖਸਰ ਸਾਹਿਬ ਦੇ ਸਰੋਵਰ ਵਿਚ ਬੇੜੀਆਂ ਚਲਾਉਣ ਦੀ ਸਰਕਾਰੀ ਤਜਵੀਜ ਸਾਹਮਣੇ ਆਈ। ਇਸ ਘਟਨਾ ਦਾ ਜਿਹੜਾ ਵੇਰਵਾ ਅਖ਼ਬਾਰਾਂ ਵਿਚ ਛਪਿਆ ਉਹ ਇਸ ਤਰ੍ਹਾਂ ਹੈ:-

"ਸਿੱਖ ਕੌਮ ਦਾ ਆਪਣੇ ਧਾਰਮਿਕ ਅਸਥਾਨਾਂ ਵੱਲੋਂ ਲਾਪਰਵਾਹ ਹੋਣ ਦਾ ਨਤੀਜਾ ਹੈ ਕਿ ਮਿਉਂਸਪਲ ਕਮੇਟੀਆਂ ਦੇ ਦਿਲ ਵਿਚ ਵੀ ਸਿੱਖ ਧਾਰਮਿਕ ਅਸਥਾਨਾਂ ਦੀ ਬੇਅਦਬੀ ਦਾ ਹੌਂਸਲਾ ਵੱਧਦਾ ਜਾ ਰਿਹਾ ਹੈ, ਹੁਣੇ ਹੀ ਮਿਉਂਸਪਲ ਕਮੇਟੀ ਅੰਮ੍ਰਿਤਸਰ ਵਿਚ ਇਹ ਤਜਵੀਜ਼ ਪੇਸ਼ ਹੋ ਰਹੀ ਹੈ ਕਿ 'ਸੰਤੋਖਸਰ' ਵਿਖੇ ਬੇੜੀ ਚਲਾਉਣ ਦਾ ਪਰਬੰਧ ਕੀਤਾ ਜਾਵੇ, ਉਹ ਕਿਉਂ? ਇਸ ਲਈ ਕਿ ਇਕ ਧਾਰਮਕ ਸ਼ੈਹਰ ਦੇ ਗੁੰਡਿਆਂ ਤੇ ਲੰਡੋਰਾਂ ਲਈ ਬੇੜੀ ਵਿਚ ਬੈਠ ਕੇ ਸੈਰ ਕਰਨ ਦੀ ਥਾਂ ਬਨ ਜਾਵੇ, ਅਸੀਂ ਅੰਮ੍ਰਿਤਸਰ ਦੀ ਮਿਉਂਸਪਲ ਕਮੇਟੀ ਤੋਂ ਪੁੱਛਦੇ ਹਾਂ ਕਿ ਕੀ ਉਸ ਨੂੰ ਐਸਾ ਕਰਨ ਦਾ ਹੱਕ ਹਾਸਲ ਹੈ? ਉਹ ਦਿਮਾਗ ਜਿਸ ਵਿਚ ਇਹ ਫ਼ਜ਼ੂਲ ਤੇ ਨਿਕੰਮੀ ਤਜਵੀਜ਼ ਪੈਦਾ ਹੋਈ ਸੀ, ਇਸ ਸੱਚਾਈ ਤੋਂ ਜਾਣੂ ਨਹੀਂ ਕਿ ਸਰਕਾਰ ਦੀ ਪਾਲਿਸੀ ਕਿਸੇ ਧਰਮ ਵਿਚ ਦਖਲ ਦੇਨ ਦੀ ਨਹੀਂ, ਅਤੇ ਕੀ ਧਾਰਮਿਕ ਸਰੋਵਰ ਨੂੰ ਸੈਰਗਾਹ ਬਨਾਉਣ ਦੀ ਤਜਵੀਜ਼ ਸਰਕਾਰ ਦੀ ਪਾਲਿਸੀ ਦੇ ਵਿਰੁੱਧ ਨਹੀਂ? ਜਿਸ ਦਿਨ ਇਹ ਤਜਵੀਜ਼ ਕਮੇਟੀ ਦੇ ਅਜਲਾਸ ਵਿਚ ਪੇਸ਼ ਹੋਈ, ਉਸ ਦਿਨ ਸਿੱਖ ਤੇ ਹੋਰ ਪਰੇਮੀ ਮੈਂਬਰਾਂ ਨੇ ਇਸ ਦੀ ਸਖ਼ਤ ਵਿਰੋਧਤਾ ਕੀਤੀ ਅਤੇ ਆਖਰ ਇਹ ਫੈਸਲਾ ਹੋਇਆ ਕਿ ਡਾਕਟਰ ਸਤਯਪਾਲ ਅਤੇ ਚੌਧਰੀ ਦੈਆ ਸਿੰਘ ਜੀ ਨੂੰ ਇਹ ਫ਼ਰਜ਼ ਸੌਂਪਿਆ ਗਿਆ ਕਿ ਉਹ ਇਸ ਮਾਮਲੇ ਸੰਬੰਧੀ ਪੜਤਾਲ ਰਿਪੋਰਟ ਪੇਸ਼ ਕਰਨ।"[੮]

ਇਹ ਸਥਿਤੀ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਗੁਰਮਤਿ ਆਦਰਸ਼ ਵਾਲਾ ਕੌਮੀ

ਜੀਵਨ ਕਮਜ਼ੋਰ ਹੋ ਜਾਵੇ, ਗੁਰੂ ਦਾ ਹੁਕਮ ਕੇਵਲ ਸੁਨਹਿਰੀ ਅੱਖਰਾਂ ਵਿਚ ਤਾਂ ਲਿਖਿਆ ਮਿਲੇ ਪਰ ਸਿੱਖ ਹਿਰਦਿਆਂ ਵਿਚ ਉਸ ਦਾ ਨਿਵਾਸ ਨਾ ਹੋ ਸਕੇ, ਅਮੀਰੀ ਦਾ ਹੰਕਾਰ ਗ਼ਰੀਬ ਭਰਾਵਾਂ 'ਤੇ ਭਾਰੂ ਪੈਣ ਲੱਗ ਜਾਵੇ। ਪੰਜਾਬ ਵਿਚ ਅਜਿਹੀ ਸਥਿਤੀ ਪੈਦਾ ਹੋ ਗਈ ਸੀ ਕਿ ਰਿਆਸਤੀ ਅਮੀਰਾਂ, ਵਜ਼ੀਰਾਂ, ਜਗੀਰਦਾਰਾਂ ਅਤੇ ਰਾਜਿਆਂ-ਮਹਾਰਾਜਿਆਂ ਨੇ ਅਨ-ਧਰਮੀਆਂ ਨੂੰ ਆਪਣੇ ਘਰ ਵਿਚ ਸਥਾਨ ਦੇਣ ਲਈ ਗੁਰੂ ਜੀ ਦੁਆਰਾ ਦੱਸੇ ਸਿਧਾਂਤਾਂ ਦਾ ਤਿਆਗ ਕਰਨਾ ਅਰੰਭ ਕਰ ਦਿੱਤਾ ਸੀ। ਜੰਗ ਦੇ ਮੈਦਾਨ ਵਿਚ ਜਿਹੜੇ ਖ਼ਾਲਸਾ ਪੰਥ ਨੂੰ ਹਰਾ ਨਾ ਸਕੇ, ਧਰਮ ਦੇ ਮਾਰਗ 'ਤੇ ਉਹ ਸੰਨ੍ਹ ਲਾਉਣ ਵਿਚ ਸਫ਼ਲ ਹੋ ਗਏ ਸਨ। ਇਸ ਸੰਬੰਧੀ ੧੯੦੨ ਈ. ਦੇ 'ਖਾਲਸਾ ਸਮਾਚਾਰ' ਵਿਚ ਛਪੀ ਇਹ ਮਹੱਤਵਪੂਰਨ ਖ਼ਬਰ ਪੰਥ ਦੀ ਦਸ਼ਾ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ:-

"ਸਨੰਮ੍ਰ ਬੇਨਤੀ ਹੈ ਕਿ ਕਿਰਾਨੀਆਂ ਤੇ ਮੁਹੰਮਦੀਆਂ ਦਾ ਜ਼ੋਰ ਸਿੰਘ ਪੁਰ ਪਿੰਡ ਦੇ ਆਲੇ ਦੁਆਲੇ ਵਡਾ ਹੀ ਹੋ ਗਿਆ ਹੈ, ਕਿਉਂ ਜੋ ਉਨ੍ਹਾਂ ਦੀਆਂ ਏਥੇ ਮਸੀਤਾਂ ਤੇ ਦੋ ਅਮੈਰੀਕਨ ਮਿਸ਼ਨ ਹੈਨ ਜੋ ਲੋਕਾਂ ਨੂੰ ਪ੍ਰੇਰ ਰਹੇ ਹਨ। ਏਸ ਦਾ ਏਹ ਕਾਰਨ ਹੈ ਕਿ ਏਸ ਇਲਾਕੇ ਵਿਚ ਕੋਈ ਧਰਮਸਾਲਾ ਨਹੀਂ ਹੈ ਅਰ ਪੇਂਡੂ ਖ਼ਾਲਸਾ ਜੀ ਨੂੰ ਅਪਨੇ ਧਰਮ ਦਾ ਜ਼ਰਾ ਘੱਟ ਖ਼ਿਆਲ ਹੈ।"[੯]

ਪੰਜਾਬ ਵਿਚ ਈਸਾਈ ਮਿਸ਼ਨ ਦਾ ਅਰੰਭ ੧੯੫੨ ਈ. ਵਿਚ ਹੋਇਆ। ਇੰਗਲੈਂਡ ਦੇ ਦੋ ਪਾਦਰੀ ਟੀ.ਐਚ. ਫਿਟਜ਼ਪੈਟਰਿਕ ਅਤੇ ਰਾਬਰਟ ਕਲਾਰਕ ਨੇ ਅੰਮ੍ਰਿਤਸਰ ਵਿਖੇ ਇਹ ਮਿਸ਼ਨ ਅਰੰਭ ਕੀਤਾ ਸੀ। ਅੰਗਰੇਜ਼ ਕਹਿੰਦੇ ਸਨ ਕਿ ਲਾਹੌਰ ਪੰਜਾਬ ਦਾ ਸਿਰ ਅਤੇ ਅੰਮ੍ਰਿਤਸਰ ਇਸ ਦਾ ਦਿਲ ਹੈ। ਇਨ੍ਹਾਂ ਦੋਵਾਂ ਥਾਵਾਂ 'ਤੇ ਉਨ੍ਹਾਂ ਨੇ ਆਪਣੇ ਮਿਸ਼ਨ ਸਥਾਪਿਤ ਕੀਤੇ ਪਰ ਮੁੱਖ ਕੇਂਦਰ ਅੰਮ੍ਰਿਤਸਰ ਨੂੰ ਬਣਾਇਆ।[੧੦]

ਇਕ ਪਾਸੇ ਅੰਗਰੇਜ਼ ਮਿਸ਼ਨਰੀਆਂ ਦਾ ਜ਼ੋਰ ਲੱਗਾ ਹੋਇਆ ਸੀ, ਦੂਜੇ ਪਾਸੇ ਆਰੀਆ ਸਮਾਜ ਵਾਲੇ ਗੁਰੂ ਸਾਹਿਬਾਨ ਪ੍ਰਤੀ ਨਕਾਰਾਤਮਕ ਟਿੱਪਣੀਆਂ ਕਰ ਕੇ ਪੰਥ ਵਿਚ ਦੁਬਿਧਾ ਪੈਦਾ ਕਰ ਰਹੇ ਸਨ। ਇਕ ਅਕਾਲ ਪੁਰਖ ਦੇ ਪੁਜਾਰੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਚੌਗਿਰਦੇ ਵਿਚ ਮੂਰਤੀਆਂ ਦੀ ਪੂਜਾ ਵੱਲ ਲਾਇਆ ਜਾ ਰਿਹਾ ਸੀ। ਸਰਬਰਾਹ ਦੇ ਕਾਰਜਾਂ ਵਿੱਚੋਂ ਪੰਥਕ ਸੁਰ ਕਿਤੇ ਵੀ ਨਜ਼ਰ ਨਹੀਂ ਆ ਰਹੀ ਸੀ। ਚੁਫ਼ੇਰਿਉਂ ਹੋ ਰਹੇ ਹਮਲਿਆਂ ਦਾ ਮੁਕਾਬਲਾ ਕਰਨ ਦੀ ਬਜਾਏ ਸਾਰਾ ਧਿਆਨ ਅੰਗਰੇਜ਼ਾਂ ਪ੍ਰਤੀ ਵਫ਼ਾਦਾਰੀ ਦਿਖਾ ਕੇ ਉਨ੍ਹਾਂ ਨੂੰ ਖ਼ੁਸ਼ ਰੱਖਣ ਲਈ ਹੀ ਲਗਾਇਆ ਜਾ ਰਿਹਾ ਸੀ। ੧੯੧੪ ਈ. ਵਿਚ ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਨੇ ਅੰਤਰ-ਰਾਸ਼ਟਰੀ ਪੱਧਰ 'ਤੇ ਅੰਗਰੇਜ਼ ਸਰਕਾਰ ਦੀਆਂ ਭਾਰਤੀਆਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਇਸ ਸਮੇਂ ਸ੍ਰੀ

ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦਾ ਸਰਬਰਾਹ ਅਰੂੜ ਸਿੰਘ ਸੀ। ਇਸ ਘਟਨਾ ਵਿਚ ਅੰਗਰੇਜ਼ ਸਰਕਾਰ ਦਾ ਦੋਗਲਾ ਚਿਹਰਾ ਬੇਨਕਾਬ ਹੋ ਗਿਆ ਸੀ। ਬਾਬਾ ਗੁਰਦਿੱਤ ਸਿੰਘ ਅੰਗਰੇਜ਼ਾਂ ਦੀ ਭਾਰਤ-ਵਿਰੋਧੀ ਨੀਤੀ ਨੂੰ ਸੰਸਾਰ ਸਾਹਮਣੇ ਪ੍ਰਗਟ ਕਰਨ ਲਈ ਕਾਮਾਗਾਟਾਮਾਰੂ ਜਹਾਜ਼ ਲੈ ਕੇ ਪਹਿਲਾਂ ਹਾਂਗਕਾਂਗ ਤੋਂ ਕੈਨੇਡਾ ਗਿਆ ਸੀ ਅਤੇ ਲੱਗਭਗ ਦੋ ਮਹੀਨੇ ਕੈਨੇਡਾ ਦੀ ਬੰਦਰਗਾਹ 'ਤੇ ਰੁਕਣ ਉਪਰੰਤ ਵਾਪਸ ਭੇਜ ਦਿੱਤਾ ਗਿਆ। ਇਸ ਜਹਾਜ਼ ਵਿਚ ੩੭੬ ਮੁਸਾਫ਼ਰ ਸਵਾਰ ਸਨ ਜਿਨ੍ਹਾਂ ਵਿੱਚੋਂ ੯੦ ਪ੍ਰਤੀਸ਼ਤ ਤੋਂ ਵਧੇਰੇ ਸਿੱਖ ਸਨ ਅਤੇ ਜਹਾਜ਼ ਵਿਚ ਹੀ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ।

ਜਦੋਂ ਇਹ ਜਹਾਜ਼ ਵਾਪਸ ਕਲਕੱਤੇ ਪੁੱਜਿਆ ਤਾਂ ਅੰਗਰੇਜ਼ ਸਿਪਾਹੀਆਂ ਨੇ ਮੁਸਾਫ਼ਰਾਂ 'ਤੇ ਗੋਲੀ ਚਲਾ ਕੇ ਲੱਗਭਗ ੨੦ ਮੁਸਾਫ਼ਰਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਇਸ ਹਮਲੇ ਵਿਚ ਕਈ ਜ਼ਖ਼ਮੀ ਹੋ ਗਏ ਸਨ। ਅੰਗਰੇਜ਼ ਸਰਕਾਰ ਆਪਣੀਆਂ ਗ਼ਲਤੀਆਂ 'ਤੇ ਪਰਦਾ ਪਾ ਕੇ ਸਾਰੀ ਗੱਲ ਮੁਸਾਫ਼ਰਾਂ 'ਤੇ ਸੁੱਟਣੀ ਚਾਹੁੰਦੀ ਸੀ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਨੇ ਇਸ ਕੰਮ ਵਿਚ ਅੰਗਰੇਜ਼ਾਂ ਦਾ ਸਾਥ ਦਿੰਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤਾ ਕਿ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰ ਸਿੱਖ ਨਹੀਂ ਸਨ। ਇਸ ਹੁਕਮਨਾਮੇ ਦੀ ਪੁਸ਼ਟੀ ੧੨ ਅਕਤੂਬਰ, ੧੯੨੦ ਈ. ਨੂੰ ਜਾਰੀ ਹੋਏ ਹੁਕਮਨਾਮੇ ਵਿੱਚੋਂ ਹੁੰਦੀ ਹੈ ਜਿਸ ਵਿਚ ਸਪੱਸ਼ਟ ਕੀਤਾ ਗਿਆ ਕਿ, "ਸ੍ਰੀ ਅਕਾਲ ਤਖ਼ਤ ਸਾਹਿਬ ਸਜਿਆ ਖ਼ਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਨੇ ਬਜ-ਬਜ ਘਾਟ 'ਤੇ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ ਸੀ, ਉਹ ਗੁਰੂ ਦੇ ਸਿੱਖ ਹਨ। ਬਲਕਿ ਉਹ ਗੁਰੂ ਦੇ ਸਿੱਖ ਨਹੀਂ ਹਨ ਜਿਹੜੇ ਆਪਣੇ ਘਰ ਵਿਚ ਪਾਪ ਲੀਲਾ ਕਰਦੇ ਹਨ। ਸ. ਅਰੂੜ ਸਿੰਘ ਜੋ ਗੁਰਮਤ ਪ੍ਰਚਾਰ ਨੂੰ ਬੰਦ ਕਰ ਕੇ ਘਰ ਵਿਚ ਪਾਪ ਲੀਲਾ ਕਰਦਾ ਹੈ, ਇਹ ਗੁਰੂ ਦਾ ਸਿੱਖ ਨਹੀਂ।"[੧੧]

ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ੧੯੧੪ ਈ. ਵਿਚ ਵਾਪਰੀ ਸੀ ਜਦੋਂ ਅਰੂੜ ਸਿੰਘ ਨੇ ਜਹਾਜ਼ ਦੇ ਮੁਸਾਫ਼ਰਾਂ ਖ਼ਿਲਾਫ਼ ਹੁਕਮਨਾਮਾ ਜਾਰੀ ਕੀਤਾ ਸੀ। ਇਸ ਤੋਂ ਬਾਅਦ ਦੂਜੀ ਵੱਡੀ ਘਟਨਾ ਗੁਰਦੁਆਰਾ ਰਕਾਬ ਗੰਜ ਸਾਹਿਬ ਨਾਲ ਸੰਬੰਧਿਤ ਸੀ। ੧੯੧੩ ਈ. ਵਿਚ ਦਿੱਲੀ ਵਿਖੇ ਗੁਰਦੁਆਰਾ ਰਕਾਬ ਗੰਜ ਦੇ ਸਾਹਮਣੇ ਵਾਇਸਰਾਇ ਦੀ ਕੋਠੀ (ਮੌਜੂਦਾ ਰਾਸ਼ਟਰਪਤੀ ਭਵਨ) ਬਣਾਉਣ ਦਾ ਕਾਰਜ ਅਰੰਭ ਹੋਇਆ ਤਾਂ ਆਰਕੀਟੈਕਟ ਨੇ ਦੇਖਿਆ ਕਿ ਵਾਇਸਰਾਇ ਦੀ ਕੋਠੀ ਨੂੰ ਜਾਣ ਲਈ ਜਿਹੜੀ ਸੜਕ ਤਿਆਰ ਕਰਨੀ ਹੈ, ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਉਸ ਦੀ ਖ਼ੂਬਸੂਰਤੀ 'ਤੇ ਧੱਬਾ ਹੈ। ਉਸ ਦੇ ਸੁਝਾਅ ਅਨੁਸਾਰ ਗੁਰਦੁਆਰਾ ਸਾਹਿਬ ਦੀ ਕੰਧ ਢਾਹ ਦਿੱਤੀ ਗਈ। ਪਹਿਲਾ ਵਿਸ਼ਵ

ਯੁੱਧ ਅਰੰਭ ਹੋਣ 'ਤੇ ਭਾਵੇਂ ਇਹ ਸੰਘਰਸ਼ ਕੁਝ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਪਰ ਯੁੱਧ ਖ਼ਤਮ ਹੋਣ 'ਤੇ ਸਿੱਖਾਂ ਦਾ ਧਿਆਨ ਫਿਰ ਗੁਰਦੁਆਰਾ ਸਾਹਿਬ ਦੀ ਕੰਧ ਬਣਾਉਣ 'ਤੇ ਕੇਂਦਰਿਤ ਹੋ ਗਿਆ। ਇਸ ਕਾਰਜ ਵਿਚ ਸ. ਸਰਦੂਲ ਸਿੰਘ ਕਵੀਸ਼ਰ ਨੇ ਪ੍ਰਮੁੱਖ ਭੂਮਿਕਾ ਨਿਭਾਈ ਸੀ। ਇਸ ਨੇ ਕੰਧ ਦੀ ਉਸਾਰੀ ਲਈ ੧੦੦ ਅਜਿਹੇ ਨੌਜਵਾਨਾਂ ਦੀ ਮੰਗ ਕੀਤੀ ਜਿਹੜੇ ਇਸ ਕਾਰਜ ਲਈ ਆਪਾ ਕੁਰਬਾਨ ਕਰ ਸਕਣ ਦਾ ਜਜ਼ਬਾ ਰੱਖਦੇ ਹੋਣ, ੭੦੦ ਸਿੱਖਾਂ ਨੇ ਇਸ ਕਾਰਜ ਲਈ ਆਪਣੇ ਨਾਂ ਲਿਖਵਾਏ ਸਨ। ੧੯੨੦ ਵਿਚ ਉਸੇ ਜਗ੍ਹਾ 'ਤੇ ਕੰਧ ਉਸਾਰਨ ਨਾਲ ਮਸਲਾ ਤਾਂ ਹੱਲ ਹੋ ਗਿਆ ਪਰ ਸਿੱਖਾਂ ਦੇ ਮਨ ਵਿਚ ਅੰਗਰੇਜ਼ਾਂ ਪ੍ਰਤੀ ਨਕਾਰਾਤਮਕ ਭਾਵਨਾਵਾਂ ਜ਼ੋਰ ਫੜ ਗਈਆਂ ਸਨ।

ਇਸੇ ਸੰਦਰਭ ਵਿਚ ਤੀਜੀ ਵੱਡੀ ਘਟਨਾ ਜਲਿਆਂਵਾਲਾ ਬਾਗ਼ ਵਿਖੇ ਵਾਪਰੀ। ਵੈਸਾਖ਼ੀ ਮੌਕੇ ਇੱਥੇ ਵੱਡੀ ਗਿਣਤੀ ਲੋਕ ਇਕੱਠੇ ਹੋਏ ਜਿਨ੍ਹਾਂ ਵਿੱਚੋਂ ਬਹੁਤੇ ਸਿੱਖ ਸਨ। ਜਨਰਲ ਡਾਇਰ ਨੇ ਇੱਥੇ ਇਕੱਠੇ ਹੋਏ ਸੈਂਕੜੇ ਲੋਕਾਂ 'ਤੇ ਗੋਲੀ ਚਲਾ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਇੰਨੇ ਵੱਡੇ ਸਾਕੇ ਦੀ ਗੂੰਜ ਬਹੁਤ ਦੂਰ ਤਕ ਪਈ ਪਰ ਅਰੂੜ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੇ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਸਾਰਾ ਧਿਆਨ ਆਪਣੇ ਵੱਲ ਖਿੱਚ ਲਿਆ। ਦੇਸ਼-ਵਿਦੇਸ਼ ਵਿਚ ਵੱਸਦੇ ਹਰ ਇਕ ਗੁਰਸਿੱਖ ਦੇ ਮਨ ਵਿਚ ਸਰਬਰਾਹ ਪ੍ਰਤੀ ਨਫ਼ਰਤ ਪੈਦਾ ਹੋ ਗਈ ਸੀ।

ਸਰਬਰਾਹ ਦੇ ਪ੍ਰਬੰਧ ਅਧੀਨ ਜਿਹੜੇ ਵਿਸ਼ੇਸ਼ ਤਿਉਹਾਰ ਮਨਾਏ ਜਾਂਦੇ ਸਨ, ਉਨ੍ਹਾਂ ਵਿਚ ਅਜਿਹੀਆਂ ਕੁਰੀਤੀਆਂ ਪ੍ਰਵੇਸ਼ ਕਰ ਗਈਆਂ ਸਨ ਜਿਹੜੀਆਂ ਗੁਰਮਤਿ ਸਿਧਾਂਤ ਦੇ ਬਹੁਤ ਹੀ ਪ੍ਰਤੀਕੂਲ ਸਨ। ਬ੍ਰਾਹਮਣੀ ਰਹੁ-ਰੀਤਾਂ ਵਿਚ ਮੂਰਤੀ-ਪੂਜਾ ਦਾ ਰਿਵਾਜ ਸੀ ਜਿਹੜਾ ਕਿ ਗੁਰਦੁਆਰਿਆਂ ਤਕ ਪੁੱਜ ਚੁੱਕਾ ਸੀ। ਜਾਤ-ਪਾਤ ਅਤੇ ਊਚ-ਨੀਚ ਦੀਆਂ ਜਿਹੜੀਆਂ ਕਮੀਆਂ-ਕਮਜ਼ੋਰੀਆਂ ਤੋਂ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਦੂਰ ਕੀਤਾ ਸੀ, ਸਿੱਖ ਉਸੇ ਵੱਲ ਮੁੜਨੇ ਅਰੰਭ ਹੋ ਗਏ ਸਨ। ਨੀਵੀਆਂ ਜਾਤੀਆਂ ਖ਼ਾਲਸਾ ਭਾਈਚਾਰੇ ਦਾ ਅਟੁੱਟ ਅੰਗ ਸਨ, ਜਿਨ੍ਹਾਂ ਨੂੰ ਸ਼ੂਦਰ ਹੋਣ ਦਾ ਅਹਿਸਾਸ ਕਰਵਾਇਆ ਜਾ ਰਿਹਾ ਸੀ।

ਅਜਿਹੀ ਇਕ ਘਟਨਾ ਖ਼ਾਲਸਾ ਬਰਾਦਰੀ ਰਾਹੀਂ ਦੇਖਣ ਨੂੰ ਮਿਲਦੀ ਹੈ। ਖ਼ਾਲਸਾ ਬਰਾਦਰੀ ਪੱਛੜੀਆਂ ਜਾਤਾਂ ਦੀ ਨੁਮਾਇੰਦਗੀ ਕਰਦੀ ਸੀ। ਇਨ੍ਹਾਂ ਨੇ ਰਾਮਦਾਸੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਬਹੁਤ ਸਾਰੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ ਸੀ। ਅਕਤੂਬਰ ੧੯੨੦ ਵਿਚ ਖ਼ਾਲਸਾ ਬਰਾਦਰੀ ਨੇ ਜਲਿਆਂਵਾਲਾ ਬਾਗ਼ ਵਿਖੇ ਇਕ ਦੀਵਾਨ ਆਯੋਜਿਤ ਕੀਤਾ ਜਿਸ ਵਿਚ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਅਤੇ ਕੁਝ ਅਧਿਆਪਕਾਂ ਨੇ ਹਿੱਸਾ ਲਿਆ ਸੀ। ਵਿਭਿੰਨ ਨੀਵੀਆਂ ਜਾਤਾਂ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਇਸ ਦੀਵਾਨ ਵਿਚ ਅੰਮ੍ਰਿਤ ਛਕ ਕੇ ਸਿੰਘ

ਸਜ ਗਏ ਸਨ। ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਭੇਟ ਕਰਨ ਗਏ ਤਾਂ ਉੱਥੋਂ ਦੇ ਪੁਜਾਰੀਆਂ ਨੇ ਅਖੌਤੀ ਨੀਵੀਆਂ ਜਾਤਾਂ ਨਾਲ ਸੰਬੰਧਿਤ ਲੋਕਾਂ ਵਿੱਚੋਂ ਸਿੰਘ ਸਜੇ ਖ਼ਾਲਸੇ ਦੀ ਭੇਟਾ ਅਤੇ ਉਨ੍ਹਾਂ ਦੀ ਅਰਦਾਸ ਕਰਨੀ ਸਵੀਕਾਰ ਨਾ ਕੀਤੀ ਜਿਸ 'ਤੇ ਰੇੜਕਾ ਵੱਧ ਗਿਆ। ਇਸ ਖਿੱਚੋਤਾਣ ਨੂੰ ਖ਼ਤਮ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੁਕਮਨਾਮਾ ਲੈਣ ਦੀ ਸਹਿਮਤੀ ਬਣੀ। ਜਦੋਂ ਵਾਕ ਲਿਆ ਗਿਆ ਤਾਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਇਹ ਪੰਕਤੀਆਂ ਸਾਹਮਣੇ ਆਈਆਂ :

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥*

ਗੁਰੂ ਸਾਹਿਬ ਦੀ ਇਹ ਪੰਕਤੀ ਨਿਮਾਣਿਆਂ ਨੂੰ ਮਾਣ ਬਖ਼ਸ਼ਿਸ਼ ਕਰਨ ਵੱਲ ਸਪੱਸ਼ਟ ਸੰਕੇਤ ਕਰਦੀ ਹੈ।

ਗੁਰੂ ਸਾਹਿਬ ਦਾ ਇਹ ਹੁਕਮ ਗ੍ਰਹਿਣ ਕਰਨ ਉਪਰੰਤ ਖ਼ਾਲਸਾ ਬਰਾਦਰੀ ਵਾਲਾ ਸਮੁੱਚਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦਰਸ਼ਨ ਕਰਨ ਗਿਆ ਤਾਂ ਉੱਥੋਂ ਦੇ ਪੁਜਾਰੀ ਤਖ਼ਤ ਸਾਹਿਬ ਤੋਂ ਖਿਸਕ ਗਏ। ਸ੍ਰੀ ਅਕਾਲ ਤਖ਼ਤ ਦੀ ਸੇਵਾ-ਸੰਭਾਲ ਲਈ ਤੁਰੰਤ ਫ਼ੈਸਲਾ ਲੈਂਦੇ ਹੋਏ ਸ. ਤੇਜਾ ਸਿੰਘ ਭੁੱਚਰ ਨੂੰ ਤਖ਼ਤ ਸਾਹਿਬ ਦਾ ਜਥੇਦਾਰ ਨਿਯਕਤ ਕਰ ਕੇ ਇਕ ੧੭-ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ। ਇਸ ਕਮੇਟੀ ਵਿਚ ਲਏ ਮੈਂਬਰਾਂ ਲਈ ਕੇਵਲ ਖ਼ਾਲਸੇ ਦੀ ਮਰਯਾਦਾ ਦਾ ਪਾਲਣ ਕਰਨ ਦੀ ਸ਼ਰਤ ਸੀ ਜਿਸ ਵਿਚ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਹੈ ਕਿ ਖ਼ਾਲਸਾ ਪਦਵੀ ਧਾਰਨ ਕਰਨ ਵਾਲੇ ਦੀ ਪਿਛਲੀ ਕੁਲ, ਕਿਰਤ, ਕਰਮ ਅਤੇ ਧਰਮ ਦਾ ਨਾਸ਼ ਹੋ ਗਿਆ ਹੈ ਅਤੇ ਉਹ ਅਕਾਲ ਪੁਰਖ ਤੋਂ ਬਗ਼ੈਰ ਕਿਸੇ ਦੀ ਅਧੀਨਗੀ ਸਵੀਕਾਰ ਨਹੀਂ ਕਰਦਾ। ਸਿੱਖ ਜਗਤ ਵਿਚ ਇਸ ਘਟਨਾ ਦਾ ਬਹੁਤ ਮਹੱਤਵ ਹੈ ਕਿਉਂਕਿ ਇਹ ਘਟਨਾ ਗੁਰਦੁਆਰਾ ਸੁਧਾਰ ਲਹਿਰ ਦਾ ਆਧਾਰ ਬਣੀ ਸੀ।

ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ੧੩ ਅਕਤੂਬਰ, ੧੯੨੦ ਈ. ਨੂੰ ਮੀਟਿੰਗ ਬੁਲਾ ਕੇ ਨਵੇਂ ਸਰਬਰਾਹ ਅਧੀਨ ਇਕ ਕਮੇਟੀ ਦਾ ਗਠਨ ਕਰ ਦਿੱਤਾ।[੧੨] ਸੁਧਾਰਵਾਦੀ ਸਿੱਖਾਂ ਨੇ ਇਸ ਸਾਰੀ ਘਟਨਾ 'ਤੇ ਵਿਚਾਰ ਕਰਨ ਲਈ ੧੫ ਨਵੰਬਰ, ੧੯੨੦ ਈ. ਨੂੰ ਸਿੱਖਾਂ ਦੀ ਇਕ ਆਮ ਸਭਾ ਬੁਲਾਈ ਜਿਸ ਤੋਂ ਦੋ ਦਿਨ ਪਹਿਲਾਂ ੧੩ ਨਵੰਬਰ, ੧੯੨੦ ਈ. ਨੂੰ ਸਰਕਾਰ ਨੇ ਮਹਾਰਾਜਾ ਪਟਿਆਲਾ ਦੀ ਸਲਾਹ ਨਾਲ ਇਕ ੩੬-ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅਤੇ ਇਸ ਦੇ ਆਲੇ-ਦੁਆਲੇ ਦੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਇਸ ਕਮੇਟੀ ਨੂੰ ਸੌਂਪਿਆ ਗਿਆ ਸੀ। ਸਿੱਖਾਂ ਵਿਚ ਫੁੱਟ ਪਾਉਣ ਦੇ ਸਰਕਾਰੀ ਮਨਸੂਬੇ ਨੂੰ ਫੇਲ ਕਰਦੇ ਹੋਏ ਸੁਧਾਰਵਾਦੀਆਂ ਨੇ

ਬੁਲਾਈ ਸਭਾ ਵਿਚ ਸਰਕਾਰ ਵੱਲੋਂ ਬਣਾਈ ੩੬-ਮੈਂਬਰੀ ਕਮੇਟੀ ਨੂੰ ਸ਼ਾਮਲ ਕਰ ਕੇ ੧੭੫-ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਜਿਸ ਦਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ।

ਹਵਾਲੇ :


੧. *ਸ੍ਰੀ ਗੁਰੂ ਗ੍ਰੰਥ ਸਾਹਿਬ*, ੯੫੧

੨. Ian J. Kerr, *The British and the Administration of the Golden Temple in 1859,* in The Panjab Past and Present, ed. by Ganda Singh, Volume-X, Part I-II, (April and October 1976), pp. 316-17.

੩. ਨਾਰਾਇਣ ਸਿੰਘ ਐਮ.ਏ., *ਗੁਰਦੁਆਰਾ ਸੁਧਾਰ ਲਹਿਰ*, ਪੰਨਾ ੧੮.

੪. *The Gurdwara Reform Movement and The Sikh Awakening* (1922), p. 140.

੫. Gobind Singh Mansukhani, *Singh Sabha Movement - Retrospect and Prospect,* in The Sikh Sansar, September 1974, p. 78.

੬. ਗੁਰਬਚਨ ਸਿੰਘ ਤਾਲਿਬ, *ਸਿੱਖ ਵਿੱਦਿਅਕ ਕਾਨਫਰੰਸ ਇਕ ਮਹਾਨ ਸੰਸਥਾ, ਖਾਲਸਾ ਐਡਵੋਕੇਟ,* ਅੰਮ੍ਰਿਤਸਰ, ੧੯ ਫਰਵਰੀ ੧੯੬੮, ਪੰਨਾ ੨.

੭. *ਪੰਥ ਸੇਵਕ*, ਅੰਮ੍ਰਿਤਸਰ, ੧੮ ਅਗਸਤ ੧੯੨੦, ਪੰਨਾ ੧.

੮. *ਪੰਚ*, ਲਾਹੌਰ, ੧੪ ਜੇਠ, ਸੰਮਤ ਨਾਨਕਸ਼ਾਹੀ ੪੫੧ (੧੯੨੦), ਪੰਨਾ ੨.

੯. *ਖਾਲਸਾ ਸਮਾਚਾਰ*, ਅੰਮ੍ਰਿਤਸਰ, ੨੫ ਜੂਨ ੧੯੦੨, ਪੰਨਾ ੬.

੧੦. If Lahore is the head, then Amritsar is the heart of the Punjab. If Lahore is the political capital, as regards European influence, Amritsar is the social capital, as regards purely native influence. If Lahore attracts all who have anything to do with, or anything to hope for from Government, Amritsar attracts all who are specially concerned with everythmg that is purely native. The Church Missionary Society has its Missions in both Amritsar and Lahore. Amritsar is the chief Station, and the headquarters of the work in the whole Punjab. Robert Clark, *The Missions of the Punjab and Sindh,* (1904), p. 19.

੧੧. ਨਰੈਣ ਸਿੰਘ, *ਅਕਾਲੀ ਮੋਰਚੇ ਤੇ ਝੱਬਰ*, ਪੰਨਾ ੬੫.

੧੨. Ajit Singh Sarhadi, *Shiromani Gurdawara Parbandhak Committee, in The Encyclopaedia of Sikhism,* ed.-in-chief Harbans Singh, vol. IV, p. 115.


■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

*-ਸਿਮਰਜੀਤ ਸਿੰਘ**

ਸਿੱਖ ਜਗਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਹਿਮ ਸਥਾਨ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਨੂੰਨੀ ਤੌਰ ’ਤੇ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਦੇ ਨਾਲ-ਨਾਲ ਸੰਬੰਧਿਤ ਅਦਾਰਿਆਂ— ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲਾਂ ਨੂੰ ਚਲਾਉਣ, ਕੁਦਰਤੀ ਆਫ਼ਤਾਂ ਸਮੇਂ ਬਿਨਾਂ ਭੇਦ-ਭਾਵ ਦੇ ਲੋਕਾਂ ਤਕ ਮੁਢਲੀ ਸਹਾਇਤਾ ਪਹੁੰਚਾਉਣ ਅਤੇ ਧਰਮ ਪ੍ਰਚਾਰ ਦਾ ਕੰਮ ਕਰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਿਆਸਤ ਵਿਚ ਰਿਆਸਤ (State within a state) ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਢਲੇ ਤੌਰ ’ਤੇ ੧੫ ਨਵੰਬਰ ੧੯੨੦ ਈ. ਨੂੰ ਹੋਂਦ ਵਿਚ ਆਈ ਸੀ ਅਤੇ ੧੯੨੫ ਈ. ਵਿਚ ਗੁਰਦੁਆਰਾ ਐਕਟ ਬਣ ਜਾਣ ’ਤੇ ਪੱਕੇ ਤੌਰ ’ਤੇ ਸਥਾਪਿਤ ਹੋਈ। ਇਸ ਦੀ ਸਰਕਾਰ ਤੋਂ ਮਾਨਤਾ ਪ੍ਰਾਪਤ ਪਹਿਲੀ ਚੋਣ ੧੯੨੬ ਈ. ਵਿਚ ਹੋਈ ਜਿਸ ਵਿਚ ਭਾਰਤੀ ਚੋਣ ਦੇ ਇਤਿਹਾਸ ਵਿਚ ਪਹਿਲੀ ਵਾਰ ਇਸਤਰੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ।

ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਨਿਵੇਕਲਾ ਧਰਮ ਕਾਇਮ ਕਰ ਕੇ ਹਰ ਇਕ ਮਨੁੱਖ-ਮਾਤਰ ਨੂੰ ਮਜ਼੍ਹਬ-ਮਨੌਤ, ਕੁਲ-ਕਰਮ, ਕਿਰਤ-ਵਿਰਤ, ਰੰਗ-ਨਸਲ, ਜ਼ੁਬਾਨ-ਸਥਾਨ ਆਦਿ ਦੇ ਭੇਦ-ਭਾਵ ਤੋਂ ਮੁਕਤ ਰਹਿ ਕੇ ਅਕਾਲ ਪੁਰਖ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ। ਗੁਰੂ ਸਾਹਿਬਾਨ ਨੇ ਸਮਕਾਲੀ ਸਮਾਜ ਵਿਚ ਰਹਿੰਦਿਆਂ ਹਰ ਪ੍ਰਕਾਰ ਦੇ ਲੋਕਾਂ ਦੇ ਜੀਵਨ ਨੂੰ ਘੋਖਿਆ, ਧਰਮ ਅਤੇ ਧਾਰਮਿਕ ਰਸਮਾਂ-ਰਿਵਾਜਾਂ ਨੂੰ ਦੇਖਿਆ ਅਤੇ ਕਰਮ-ਕਾਂਡਾਂ, ਵਹਿਮਾਂ-ਭਰਮਾਂ ਦਾ ਡਟ ਕੇ ਵਿਰੋਧ ਕੀਤਾ, ਇਸ ਪ੍ਰਕਾਰ ਦੇ ਢਾਂਚੇ ਨੂੰ ਬਦਲ ਕੇ ਸਮਾਜ ਅੰਦਰ ਨਵੀਂ ਕ੍ਰਾਂਤੀ ਲਿਆਂਦੀ ਇਸ ਨਵੀਂ ਸੇਧ ਨੇ ਜੀਵਨ ਮਨੋਰਥ ਨਵਾਂ-ਨਰੋਆ ਅਤੇ ਸਾਰਥਕ ਬਣਾ ਦਿੱਤਾ। ਇਸ ਮੰਤਵ ਦੇ ਪ੍ਰਚਾਰ ਲਈ ਗੁਰੂ ਸਾਹਿਬਾਨ ਨੇ ਥਾਂ ਪੁਰ ਥਾਂ ਜਾ ਕੇ ਧਰਮ ਪ੍ਰਚਾਰ ਕੀਤਾ। ਗੁਰੂ ਸਾਹਿਬਾਨ ਨੇ ਧਰਤੀ ਦੇ ਜਿਸ ਜ਼ਰ੍ਹੇ ਨੂੰ ਵੀ ਆਪਣੀ ਚਰਨ-ਛੋਹ ਨਾਲ ਨਿਵਾਜਿਆ ਉਹ ਸਿੱਖਾਂ ਲਈ ਸਤਿਕਾਰ ਯੋਗ ਹੋ ਗਈ। ਸੰਗਤ ਨੇ ਉਨ੍ਹਾਂ ਪਵਿੱਤਰ ਸਥਾਨਾਂ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕਰਵਾ ਕੇ ਗੁਰੂ ਸਾਹਿਬਾਨ ਦੀ ਯਾਦ ਨੂੰ ਸਦਾ ਸਦਾ ਲਈ ਸਾਂਭ ਲਿਆ। ਇਤਿਹਾਸ ਗਵਾਹ ਹੈ ਕਿ ਜਿੱਥੇ ਗੁਰਦੁਆਰਾ ਸਾਹਿਬਾਨ ਸਮਾਜ ਵਿਚ ਟੁੱਟ ਚੁੱਕੇ ਅਤੇ ਨਿਰਾਸ਼ ਹੋ ਚੁੱਕੇ ਲੋਕਾਂ ਨੂੰ ਅਧਿਆਤਮਿਕ

*ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਸਹਾਰਾ ਪ੍ਰਦਾਨ ਕਰਦੇ ਹਨ, ਉੱਥੇ ਸੂਝਵਾਨ ਲੋਕਾਂ ਨੂੰ ਸਦੀਵੀ ਮਨੁੱਖੀ ਕਦਰਾਂ-ਕੀਮਤਾਂ ਲਈ ਕੁਝ ਕਰਨ ਦਾ ਹੌਂਸਲਾ ਵੀ ਬਖ਼ਸ਼ਿਸ਼ ਕਰਦੇ ਹਨ। ਸਰਬੱਤ ਦੇ ਭਲੇ ਅਤੇ ਖਾਲਸਾ ਜੀ ਦੇ ਬੋਲ ਵਾਲੇ ਕੌਮ ਦੀ ਹਰ ਜਦੋ-ਜਹਿਦ ਦੇ ਪ੍ਰੇਰਨਾ ਸ੍ਰੋਤ ਤੇ ਆਧਾਰ ਸੂਤਰ ਵੀ ਹਨ। ਇਨ੍ਹਾਂ ਗੁਰਦੁਆਰਾ ਸਾਹਿਬਾਨ ਵਿਚ ਜੇਕਰ ਕੋਈ ਦੂਰ-ਦੁਰਾਡੇ ਤੋਂ ਆਉਂਦਾ ਹੈ ਉਹ ਅਰਾਮ ਕਰ ਸਕਦਾ ਹੈ, ਭੁੱਖੇ-ਪਿਆਸੇ ਲਈ ਲੰਗਰ ਦਾ ਪ੍ਰਬੰਧ ਹੁੰਦਾ ਹੈ, ਮਨ ਦੀ ਸ਼ਾਂਤੀ ਲਈ ਗੁਰਬਾਣੀ ਦਾ ਰਸ-ਭਿੰਨਾ ਗਾਇਨ ਹੁੰਦਾ ਹੈ। ਇਹੋ ਅਸਥਾਨ ਅੱਗੇ ਚੱਲ ਕੇ ਸਿੱਖ ਧਰਮ ਦੇ ਪ੍ਰਚਾਰ ਕੇਂਦਰ ਵੀ ਹਨ।

ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸਿੱਖ ਕੌਮ ਲਈ ਹਮੇਸ਼ਾ ਹੀ ਅਹਿਮ ਰਿਹਾ ਹੈ। ਗੁਰਧਾਮਾਂ ਦੇ ਪ੍ਰਬੰਧ ਵਿਚ ਕਿਸੇ ਵੀ ਤਰ੍ਹਾਂ ਦੀ ਬਾਹਰੀ ਦਖ਼ਲ ਸਿੱਖ ਕੌਮ ਨੇ ਕਦੇ ਵੀ ਬਰਦਾਸ਼ਤ ਨਹੀਂ ਕੀਤਾ। ਇਸ ਲਈ ਸਿੱਖਾਂ ਨੂੰ ਅਨੇਕਾਂ ਵਾਰ ਸ਼ਹੀਦੀਆਂ ਦੇਣੀਆਂ ਪਈਆਂ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਕਾਇਮ ਕੀਤੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦਾ ਇਤਿਹਾਸ ਵੀ ਬਹੁਤ ਸੰਘਰਸ਼ਮਈ ਹੈ। ਵਿਸ਼ਵ ਭਰ ਵਿਚ ਜਮਹੂਰੀ ਢੰਗ ਨਾਲ ਚੁਣੀ ਗਈ ਆਪਣੀ ਕਿਸਮ ਦੀ ਇਹ ਪਹਿਲੀ ਅਜਿਹੀ ਸੰਸਥਾ ਹੈ ਜੋ ਧਰਮ ਸਥਾਨਾਂ ਦਾ ਪ੍ਰਬੰਧ ਦੇਖ ਰਹੀ ਹੈ। ਇਸ ਦੇ ਹਿਸਾਬ-ਕਿਤਾਬ ਦਾ ਆਡਿਟ ਸਰਕਾਰ ਵੱਲੋਂ ਕੀਤਾ ਜਾਂਦਾ ਹੈ। ਇਸ ਦਾ ਆਪਣਾ ਜੂਡੀਸ਼ਲ ਕਮਿਸ਼ਨ ਹੈ। ਇਸ ਦੀ ਸਥਾਪਤੀ ਲਈ ਸੈਂਕੜੇ ਸਿੱਖਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ, ਹਜ਼ਾਰਾਂ ਸਿੱਖਾਂ ਨੇ ਜੇਲ੍ਹ ਵਿਚ ਤਸ਼ੱਦਦ ਸਹਿਣ ਕੀਤਾ ਅਤੇ ਹਜ਼ਾਰਾਂ ਹੀ ਸਿੱਖਾਂ ਨੇ ਇਸ ਲਹਿਰ ਤੋਂ ਪ੍ਰਭਾਵਿਤ ਹੋ ਕੇ ਭਾਰੀ ਜ਼ੁਰਮਾਨੇ ਭਰੇ ਅਤੇ ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ। ਪਰ ਗੁਰਦੁਆਰਾ ਸਾਹਿਬਾਨ ਦਾ ਸਵੱਛ ਪ੍ਰਬੰਧ ਅਤੇ ਸੁਤੰਤਰਤਾ ਲਈ ਸਿੱਖ ਹਰ ਸਮੇਂ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਨ। ਗੁਰੂ-ਕਾਲ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਮਹਾਰਾਜੇ ਨੇ ਦਿਲ ਖੋਲ੍ਹ ਕੇ ਗੁਰੂ-ਘਰਾਂ ਦੇ ਨਾਂ ਜ਼ਮੀਨਾਂ, ਜਾਇਦਾਦਾਂ ਲਗਵਾਈਆਂ ਅਤੇ ਆਲੀਸ਼ਾਨ ਇਮਾਰਤਾਂ ਦੀ ਉਸਾਰੀ ਵੀ ਕਰਵਾਈ।

੧੯ਵੀਂ ਸਦੀ ਦੇ ਸ਼ੁਰੂ ਵਿਚ ਇਨ੍ਹਾਂ ਗੁਰਬਾਣੀ-ਅੰਮ੍ਰਿਤ ਦੇ ਚਸ਼ਮਿਆਂ 'ਤੇ ਸਿੱਖ-ਵਿਰੋਧੀ ਸ਼ਕਤੀਆਂ ਦਾ ਕਬਜ਼ਾ ਹੋ ਗਿਆ। ਗੁਰਦੁਆਰਾ ਸਾਹਿਬਾਨ ਮਹੰਤਾਂ ਅਤੇ ਪੁਜਾਰੀਆਂ ਨੇ ਸੰਭਾਲ ਲਏ ਅਤੇ ਆਪਣੀ ਨਿੱਜੀ ਜਾਇਦਾਦ ਬਣਾ ਲਏ। ੧੮੪੯ ਈ. ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਪ੍ਰਬੰਧ ਵੀ ਅੰਗਰੇਜ਼ ਸਰਕਾਰ ਨੇ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਇਸ ਦੇ ਪ੍ਰਬੰਧ ਲਈ ਸਿੱਖ ਰਈਸਾਂ ਦੀ ਇਕ ਕਮੇਟੀ ਬਣਾ ਦਿੱਤੀ। ਅੰਗਰੇਜ਼ਾਂ ਨੇ ਕਾਨੂੰਨ ਬਣਾ ਕੇ ਗੁਰਦੁਆਰਾ ਸਾਹਿਬਾਨ ਦੀ ਸੰਪਤੀ ਨੂੰ ਮਹੰਤਾਂ ਅਤੇ ਪੁਜਾਰੀਆਂ ਦੀ ਮਲਕੀਅਤ ਕਰਾਰ ਦੇ ਦਿੱਤਾ। ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ ਸਰਬਰਾਹ (ਮੈਨੇਜਰ) ਰੱਖਿਆ ਗਿਆ ਸੀ ਜਿਸ

ਦੀ ਨਿਯੁਕਤੀ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਜਾਂਦੀ ਸੀ।

੧੩ ਅਪ੍ਰੈਲ, ੧੯੧੯ ਈ. ਨੂੰ ਹੋਏ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਤੋਂ ਬਾਅਦ ਜਨਰਲ ਡਾਇਰ ਨੂੰ ਉਸ ਸਮੇਂ ਦੇ ਸਰਬਰਾਹ ਰਿਸਾਲਦਾਰ ਅਰੂੜ ਸਿੰਘ ਤੋਂ ਸਿਰੋਪਾਓ ਅਤੇ ਸੋਨੇ ਦਾ ਕੜਾ ਦਿਵਾਉਣ ਅਤੇ ਲੈਫਟੀਨੈਂਟ ਗਵਰਨਰ ਸਰ ਮਾਇਕਲ ਓਡਵਾਇਰ ਨੂੰ ਸਨਮਾਨਿਤ ਕਰਨ ਕਾਰਨ ਸਿੱਖ ਸਮਾਜ ਵਿਚ ਬਹੁਤ ਰੋਸ ਛਾ ਗਿਆ ਸੀ। ਇਸ ਦੇ ਨਾਲ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਭਾਵੇਂ ੧੯੨੦ ਈ. ਤੋਂ ਸ਼ੁਰੂ ਹੋਇਆ ਪਰ ਇਸ ਤੋਂ ੨੦ ਸਾਲ ਪਹਿਲਾਂ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਦੀ ਨਿਘਰਦੀ ਹਾਲਤ ਤੋਂ ਫਿਕਰਮੰਦ ਹੋਣੇ ਸ਼ੁਰੂ ਹੋ ਗਏ ਸਨ।

੧੦ ਤੋਂ ੧੨ ਅਕਤੂਬਰ, ੧੯੨੦ ਈ. ਨੂੰ 'ਖਾਲਸਾ ਬਰਾਦਰੀ' ਜਥੇਬੰਦੀ ਵੱਲੋਂ ਜਲ੍ਹਿਆਂ ਵਾਲਾ ਬਾਗ ਵਿਚ ਦੀਵਾਨ ਸਜਾਇਆ ਗਿਆ। ਇਸ ਜਥੇਬੰਦੀ ਦੇ ਮੁਖੀ ਭਾਈ ਮਹਿਤਾਬ ਸਿੰਘ ਬੀਰ ਸਨ। ਇਸ ਦੀਵਾਨ ਵਿਚ ਅਖੌਤੀ ਪੱਛੜੀਆਂ ਜਾਤਾਂ ਦਾ ਇਕੱਠ ਬੁਲਾਇਆ ਗਿਆ ਸੀ। ਇਸ ਵਿਚ ਪਹਿਲੇ ਦਿਨ ਕੋਈ ਸਿੱਖ ਆਗੂ ਸ਼ਾਮਲ ਨਹੀਂ ਸੀ ਹੋਇਆ ਅਤੇ ਨਾਂ ਹੀ ਲੰਗਰ ਲਈ ਭਾਂਡੇ ਮਿਲੇ ਸਨ। ਦੂਜੇ ਦਿਨ ਸ. ਸੁੰਦਰ ਸਿੰਘ ਮਜੀਠੀਆ, ਜਥੇਦਾਰ ਕਰਤਾਰ ਸਿੰਘ ਝੱਬਰ, ਜਥੇਦਾਰ ਤੇਜਾ ਸਿੰਘ ਭੁੱਚਰ, ਸ. ਮੰਗਲ ਸਿੰਘ ਮਾਨ, ਸ. ਬਹਾਦਰ ਹਕੀਮ ਆਦਿ ਦੀਵਾਨ ਵਿਚ ਸ਼ਾਮਲ ਹੋਏ। ਉਨ੍ਹਾਂ ਦਿਨਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ 'ਤੇ ਕਾਬਜ ਮਹੰਤ ਅਖੌਤੀ ਪੱਛੜੀਆਂ ਜਾਤਾਂ ਨਾਲ ਸੰਬੰਧਿਤ ਸਿੱਖਾਂ ਦਾ ਪਰਸ਼ਾਦ ਕਬੂਲ ਨਹੀਂ ਸੀ ਕਰਦੇ। ੧੧ ਅਕਤੂਬਰ ਨੂੰ ਰਾਤ ਵੇਲੇ ਇਕ ਮਤਾ ਪਾਸ ਕੀਤਾ ਗਿਆ ਕਿ ਅਗਲੀ ਸਵੇਰ ਅਖੌਤੀ ਪੱਛੜੀਆਂ ਜਾਤਾਂ ਨਾਲ ਸੰਬੰਧਿਤ ਸਿੱਖ ਪਰਸ਼ਾਦ ਲੈ ਕੇ ਜਾਣਗੇ, ਉਨ੍ਹਾਂ ਨਾਲ ਜਾਣ ਲਈ ਕਈ ਸਿੱਖ ਆਗੂ ਵੀ ਤਿਆਰ ਹੋ ਗਏ। ਅਗਲੇ ਦਿਨ ਕਈ ਸਿੱਖਾਂ ਨੇ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ ਅਤੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਇਕੱਠੇ ਹੋ ਕੇ ਸ੍ਰੀ ਦਰਬਾਰ ਸਾਹਿਬ ਗਏ ਤਾਂ ਅੱਗੋਂ ਪੁਜਾਰੀਆਂ ਨੇ ਉਨ੍ਹਾਂ ਦਾ ਪ੍ਰਸ਼ਾਦ ਕਬੂਲ ਨਹੀਂ ਕੀਤਾ। ਪ੍ਰੋ. ਬਾਵਾ ਹਰਕ੍ਰਿਸ਼ਨ ਸਿੰਘ ਨੇ ਗ਼ਲ ਵਿਚ ਪੱਲਾ ਪਾ ਕੇ ਤਿੰਨ ਵਾਰ ਪਰਸ਼ਾਦ ਕਬੂਲ ਕਰ ਲੈਣ ਲਈ ਬੇਨਤੀ ਕੀਤੀ ਪਰ ਉਹ ਨਾ ਮੰਨੇ। ਇਤਨੇ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਵੀ ਆ ਗਏ। ਸੰਗਤ ਦੀ ਗਿਣਤੀ ਵਿਚ ਭਾਰੀ ਵਾਧਾ ਹੋ ਚੁੱਕਾ ਸੀ। ਅਖੀਰ ਵਿਚ ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਕ ਲੈ ਕੇ ਫੈਸਲਾ ਕਰ ਲਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੋਇਆ ਕਿ :

*ਸੋਰਠਿ ਮਹਲਾ ੩ ਦੁਤੁਕੀ ॥*
*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥...*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਸੁਣ ਕੇ ਸੰਗਤ ਵਿਚ ਵਿਸਮਾਦ ਆ

ਗਿਆ। ਅਖੀਰ ਪੁਜਾਰੀਆਂ ਨੂੰ ਅਰਦਾਸ ਕਰਨੀ ਪਈ ਅਤੇ ਪਰਸ਼ਾਦ ਵਰਤਾਇਆ ਗਿਆ। ਇਸ ਤੋਂ ਬਾਅਦ ਸੰਗਤ ਸ੍ਰੀ ਅਕਾਲ ਤਖਤ ਸਾਹਿਬ 'ਤੇ ਨਤਮਸਤਕ ਹੋਣ ਲਈ ਗਈ ਤਾਂ ਪੁਜਾਰੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ। ਸੰਗਤ ਵਿਚ ਆਏ ਸਿੰਘਾਂ ਨੇ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ ਅਤੇ ੧੭ ਮੈਂਬਰਾਂ ਦੀ ਕਮੇਟੀ ਬਣਾ ਕੇ ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ਇਸ ਸਮੇਂ ਜਥੇਦਾਰ ਥਾਪਿਆ ਗਿਆ।

੧੩ ਅਕਤੂਬਰ ਦੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਨੇ ਸਿੱਖ ਆਗੂਆਂ, ਸਰਬਰਾਹ ਅਤੇ ਪੁਜਾਰੀਆਂ ਦੀ ਮੀਟਿੰਗ ਬੁਲਾਈ। ਇਸ ਮੀਟਿੰਗ ਵਿਚ ਸਿਰਫ ਸਿੱਖ ਆਗੂ ਹੀ ਪਹੁੰਚੇ। ਇਸ ਸਮੇਂ ਡਿਪਟੀ ਕਮਿਸ਼ਨਰ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਲਈ ੯-ਮੈਂਬਰੀ ਆਰਜੀ ਕਮੇਟੀ ਬਣਾ ਦਿੱਤੀ। ਇਸ ਕਮੇਟੀ ਵਿਚ ਸ. ਸੁੰਦਰ ਸਿੰਘ ਰਾਮਗੜ੍ਹੀਆ, ਪ੍ਰੋ. ਤੇਜਾ ਸਿੰਘ, ਪ੍ਰੋ. ਬਾਵਾ ਹਰਕ੍ਰਿਸ਼ਨ ਸਿੰਘ, ਜਥੇਦਾਰ ਤੇਜਾ ਸਿੰਘ ਭੁੱਚਰ, ਜਥੇਦਾਰ ਕਰਤਾਰ ਸਿੰਘ ਝੱਬਰ, ਡਾ. ਗੁਰਬਖਸ਼ ਸਿੰਘ, ਭਾਈ ਚੰਦਾ ਸਿੰਘ ਐਡੀਟਰ, ਭਾਈ ਦੇਵਾ ਸਿੰਘ ਹਕੀਮ ਬਹਾਦਰ ਨੂੰ ਸ਼ਾਮਲ ਕੀਤਾ ਗਿਆ।

ਇਨ੍ਹਾਂ ਦਿਨਾਂ ਵਿਚ ਮਾਸਟਰ ਮੋਤਾ ਸਿੰਘ ਸ੍ਰੀ ਅੰਮ੍ਰਿਤਸਰ ਆਏ। ਉਨ੍ਹਾਂ ਸਲਾਹ ਦਿੱਤੀ ਕਿ ਸਿੱਖ ਪੰਥ ਦਾ ਸਰਬੱਤ ਖਾਲਸਾ ਇਕੱਠ ਬੁਲਾਇਆ ਜਾਵੇ ਅਤੇ ਉਸ ਵਿਚ ਗੁਰਦੁਆਰਾ ਸਾਹਿਬਾਨ ਦੇ ਇੰਤਜ਼ਾਮ ਵਾਸਤੇ ਇਕ ਪੰਥਕ ਕਮੇਟੀ ਚੁਣੀ ਜਾਵੇ। ਇਸ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ 'ਤੋਂ ਸਿੱਖ ਕੌਮ ਦੇ ਨਾਂ ਹੁਕਮਨਾਮਾ ਜਾਰੀ ਹੋਇਆ ਜਿਸ ਉੱਪਰ ਡਾ. ਗੁਰਬਖਸ਼ ਸਿੰਘ ਨੇ ਸੇਵਕ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦਸਤਖ਼ਤ ਕੀਤੇ।

ਸਰਬੱਤ ਖਾਲਸਾ ਦਾ ਇਕੱਠ ੧੫ ਨਵੰਬਰ ਨੂੰ ਹੋਣਾ ਨੀਯਤ ਕੀਤਾ ਗਿਆ ਪਰ ੧੩ ਨਵੰਬਰ ਦੇ ਦਿਨ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ, ਸ. ਸੁੰਦਰ ਸਿੰਘ ਮਜੀਠੀਆ, ਸ. ਨਿਹਾਲ ਸਿੰਘ ਪਟਿਆਲਾ, ਸ. ਬਚਿੱਤਰ ਸਿੰਘ ਪਟਿਆਲਾ, ਸ. ਰਘਬੀਰ ਸਿੰਘ ਸੰਧਾਵਾਲੀਆ, ਸ. ਸੋਹਣ ਸਿੰਘ ਰਾਵਲਪਿੰਡੀ, ਸ. ਤਖਤ ਸਿੰਘ ਫਿਰੋਜ਼ਪੁਰ, ਸ. ਸੁੰਦਰ ਸਿੰਘ ਰਾਮਗੜ੍ਹੀਆ, ਸ. ਫਤਿਹ ਸਿੰਘ ਗ੍ਰੰਥੀ, ਸ. ਸ਼ਿਵਦੇਵ ਸਿੰਘ ਸਿਆਲਕੋਟ, ਸ. ਮਿਹਰ ਸਿੰਘ ਲਾਹੌਰ, ਸ. ਮਾਨ ਸਿੰਘ ਅੰਬਾਲਾ ਅਤੇ ਪ੍ਰੋ. ਜੋਧ ਸਿੰਘ ਪੰਜਾਬ ਦੇ ਗਵਰਨਰ ਨੂੰ ਮਿਲੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਨੂੰ ਰੋਕਣ ਦੀ ਸਕੀਮ ਤਿਆਰ ਕੀਤੀ। ਗਵਰਨਰ ਨੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ੩੬-ਮੈਂਬਰੀ ਕਮੇਟੀ ਦਾ ਐਲਾਨ ਕਰ ਦਿੱਤਾ। ਸਰਕਾਰ, ਮਹਾਰਾਜਾ ਪਟਿਆਲਾ ਅਤੇ ਸਰਕਾਰ ਦੇ ਖੈਰ-ਖਵਾਹ ਭਾਵੇਂ ਇਕੱਠੇ ਤਾਂ ਹੋ ਗਏ ਪਰ ਇਸ ਦੇ

ਬਾਵਜੂਦ ਵੀ ਉਹ ੧੫ ਨਵੰਬਰ, ੧੯੨੦ ਈ. ਨੂੰ ਹੋਣ ਵਾਲੇ ਸਰਬੱਤ ਖਾਲਸਾ ਇਕੱਠ ਨੂੰ ਨਾ ਰੋਕ ਸਕੇ। ਇਸ ਇਕੱਠ ਵਿਚ ੧੫੦ ਦੇ ਕਰੀਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ਇਨ੍ਹਾਂ ਵਿਚ ਕੁਝ ਉਹ ਵੀ ਸਨ ਜਿਨ੍ਹਾਂ ਦੇ ਨਾਂ ਸਰਕਾਰ ਦੀ ੩੬-ਮੈਂਬਰੀ ਕਮੇਟੀ ਵਿਚ ਸਨ। ਸਰਕਾਰ ਨਾਲ ਟੱਕਰ ਰੋਕਣ ਲਈ ਫੈਸਲਾ ਹੋਇਆ ਕਿ ਸਰਕਾਰ ਵੱਲੋਂ ਬਣਾਈ ਕਮੇਟੀ ਦੇ ਮੈਂਬਰਾਂ ਨੂੰ ਵੀ ਇਸ ਵਿਚ ਸ਼ਾਮਲ ਕਰ ਲਿਆ ਜਾਵੇ। ਇਸ ਤਰ੍ਹਾਂ ਮੈਂਬਰਾਂ ਕੀ ਕੁੱਲ ਗਿਣਤੀ ੧੭੫ ਹੋ ਗਈ। ਇਸ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਅਗਲੇ ਦਿਨ ਮੀਟਿੰਗ ਬੁਲਾਈ ਗਈ। ਇਸ ਮੀਟਿੰਗ ਵਿਚ ੬੧ ਮੈਂਬਰ ਹਾਜ਼ਰ ਹੋਏ। ਇਸ ਸਮੇਂ ਸ. ਸੁੰਦਰ ਸਿੰਘ ਮਜੀਠੀਆ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਮੀਤ ਪ੍ਰਧਾਨ, ਸ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ, ਬਾਵਾ ਹਰਕ੍ਰਿਸ਼ਨ ਸਿੰਘ ਨੂੰ ਮੀਤ ਸਕੱਤਰ ਅਤੇ ਸ. ਜੋਧ ਸਿੰਘ, ਸ. ਤੇਜਾ ਸਿੰਘ, ਸ. ਬੂਟਾ ਸਿੰਘ ਵਕੀਲ, ਸ. ਹਰਬੰਸ ਸਿੰਘ, ਸ. ਚਰਨ ਸਿੰਘ, ਸ. ਅਮਰ ਸਿੰਘ ਲਾਇਲ ਗਜ਼ਟ, ਬਾਬਾ ਕੇਹਰ ਸਿੰਘ ਪੱਟੀ ਨੂੰ ਅੰਤ੍ਰਿੰਗ ਮੈਂਬਰ ਚੁਣਿਆ ਗਿਆ। ਕੁਝ ਹਫਤਿਆਂ ਬਾਅਦ ਹੀ ਸ. ਸੁੰਦਰ ਸਿੰਘ ਮਜੀਠੀਆ ਨੂੰ ਐਗਜੈਕਟਿਵ ਕੌਂਸਲ ਦਾ ਮੈਂਬਰ ਚੁਣ ਲਿਆ ਗਿਆ ਅਤੇ ਉਨ੍ਹਾਂ ਦੀ ਥਾਂ 'ਤੇ ਸ. ਹਰਬੰਸ ਸਿੰਘ ਅਟਾਰੀ ਪ੍ਰਧਾਨ ਬਣੇ।

੧੪ ਦਸੰਬਰ, ੧੯੨੦ ਈ. ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਵੀ ਹੋ ਗਈ ਜਿਸ ਨੇ ਗੁਰਦੁਆਰਾ ਸਾਹਿਬਾਨ ਦੇ ਸੁਧਾਰ ਅਤੇ ਪੰਥਕ ਏਕਤਾ ਦੇ ਪ੍ਰਚਾਰ ਲਈ ਸ਼੍ਰੋਮਣੀ ਕਮੇਟੀ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

੨੦ ਦਸੰਬਰ, ੧੯੨੦ ਈ. ਨੂੰ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲਿਆ ਗਿਆ।

੨੪ ਫਰਵਰੀ, ੧੯੨੧ ਈ. ਨੂੰ ਸ੍ਰੀ ਤਰਨਤਾਰਨ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਆਇਆ।

੨੧ ਫਰਵਰੀ, ੧੯੨੧ ਈ. ਨੂੰ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਆਇਆ।

੩੦ ਅਪ੍ਰੈਲ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਜਿਸਟਰ ਕਰਵਾਈ ਗਈ ਅਤੇ ੧੪ ਅਗਸਤ, ੧੯੨੧ ਈ. ਨੂੰ ਨਵੀਂ ਚੋਣ ਹੋਈ। ਇਸ ਵਿਚ ਬਾਬਾ ਖੜਕ ਸਿੰਘ ਨੂੰ ਪ੍ਰਧਾਨ, ਸਰਦਾਰ ਬਹਾਦਰ ਮਹਿਤਾਬ ਸਿੰਘ ਨੂੰ ਮੀਤ ਪ੍ਰਧਾਨ ਅਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਨੂੰ ਸਕੱਤਰ ਚੁਣਿਆ ਗਿਆ। ਅੰਗਰੇਜ਼ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਫ਼ੇਲ ਕਰਨ ਲਈ ਕਈ ਤਰ੍ਹਾਂ ਦੇ ਅੜਿੱਕੇ ਲਗਾਉਣੇ ਸ਼ੁਰੂ ਕਰ ਦਿੱਤੇ ਗਏ।

੧੨ ਅਕਤੂਬਰ, ੧੯੨੩ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਵੱਡੇ-ਵੱਡੇ ਲੀਡਰਾਂ ਅਤੇ ਸੈਂਕੜੇ ਕਾਰਕੁੰਨਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ। ਆਖਰ ਸਿੱਖਾਂ ਦੀਆਂ ਸ਼ਹਾਦਤਾਂ, ਕੁਰਬਾਨੀਆਂ ਅਤੇ ਜੋਸ਼ ਸਾਹਮਣੇ ਸਰਕਾਰ ਨੂੰ ਝੁਕਣਾ ਪਿਆ ਅਤੇ ਸਿੱਖ ਗੁਰਦੁਆਰਾ ਐਕਟ ੧੯੨੫ ਪਾਸ ਹੋ ਗਿਆ।

੧੮ ਜੂਨ, ੧੯੨੬ ਈ. ਦੇ ਦਿਨ ਗੁਰਦੁਆਰਾ ਐਕਟ-੧੯੨੫ ਹੇਠ "ਸੈਂਟਰਲ ਬੋਰਡ" ਦੀਆਂ ਚੋਣਾਂ ਹੋਈਆਂ। ਇਸੇ ਬੋਰਡ ਦਾ ਨਾਂ ਬਦਲ ਕੇ ਬਾਅਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਇਸ ਤਰ੍ਹਾਂ ਜਬਰਦਸਤ ਜੱਦੋ-ਜਹਿਦ ਤੋਂ ਬਾਅਦ ਕਾਨੂੰਨਨ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਜਿਸ ਦੀ ਚੋਣ ਪੂਰਨ ਤੌਰ 'ਤੇ ਲੋਕਤੰਤਰੀ ਢੰਗ ਨਾਲ ਹੋਈ ਜਿਸ ਦੀ ਇਲਾਕੇ ਵਾਰ ੧੧੯ ਮੈਂਬਰਾਂ ਦੀ ਚੋਣ ਕੀਤੀ ਗਈ। ਇਸ ਚੋਣ ਵਿਚ ੧੧੯ ਸੀਟਾਂ ਵਿੱਚੋਂ ੮੫ ਅਕਾਲੀ ਪਾਰਟੀ, ੨੬ ਗਿਆਨੀ ਸ਼ੇਰ ਸਿੰਘ ਮਹਿਤਾਬ ਸਿੰਘ ਦੇ ਧੜੇ ਨੂੰ ਅਤੇ ੮ ਸੀਟਾਂ ਦੂਜਿਆਂ ਨੂੰ ਪ੍ਰਾਪਤ ਹੋਈਆਂ। ਇਸ ਵਿਚ ਸਿੱਖ ਰਿਆਸਤਾਂ ਵੱਲੋਂ ੧੬ ਮੈਂਬਰ ਲਏ ਗਏ ਅਤੇ ੧੪ ਮੈਂਬਰ ਨਾਮਜ਼ਦ ਕੀਤੇ ਗਏ। ਇਸ ਤਰ੍ਹਾਂ ਇਹ ੧੪੯ ਮੈਂਬਰਾਂ ਦੀ ਕਮੇਟੀ ਨੀਯਤ ਕੀਤੀ ਗਈ। ਇਸ ਵਿਚ ਪੁਰਾਤਨ ਪੰਜਾਬ ਦਾ ਸਾਰਾ ਇਲਾਕਾ ਸ਼ਾਮਲ ਕੀਤਾ ਗਿਆ ਸੀ। ਸੰਨ ੧੯੪੭ ਈ. ਵਿਚ ਭਾਰਤ-ਪਾਕਿਸਤਾਨ ਦੀ ਵੰਡ ਹੋ ਗਈ ਜਿਸ ਕਾਰਨ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਪਾਕਿਸਤਾਨ ਵਿਚ ਰਹਿ ਗਏ। ਮੌਜੂਦਾ ਸਮੇਂ ਦੌਰਾਨ ਪੰਜਾਬ, ਹਿਮਾਚਲ, ਹਰਿਆਣਾ ਅਤੇ ਚੰਡੀਗੜ੍ਹ ਦੇ ਪ੍ਰਦੇਸ਼ਾਂ ਦੇ ੧੨੦ ਹਲਕਿਆਂ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ। ਇਨ੍ਹਾਂ ਹਲਕਿਆਂ ਵਿੱਚੋਂ ੧੭੦ ਮੈਂਬਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ। ੫੦ ਹਲਕਿਆਂ ਵਿੱਚੋਂ ੨-੨ ਮੈਂਬਰ ਚੁਣੇ ਜਾਂਦੇ ਹਨ। ੧੭੦ ਮੈਂਬਰਾਂ ਦੀ ਚੋਣ ਦਾ ਨਤੀਜਾ ਆ ਜਾਣਾ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਵੱਲੋਂ ਸਾਰੇ ਜੇਤੂ ਮੈਂਬਰਾਂ ਦੀ ਮੀਟਿੰਗ ਬੁਲਾਈ ਜਾਂਦੀ ਹੈ ਜਿਸ ਦਾ ਚੇਅਰਪਰਸਨ ਡਿਪਟੀ ਕਮਿਸ਼ਨਰ ਹੁੰਦਾ ਹੈ। ਡਿਪਟੀ ਕਮਿਸ਼ਨਰ ਜੇਤੂ ਮੈਂਬਰਾਂ ਨੂੰ ਇਕ ਚੇਅਰਪਰਸਨ ਆਪਣੇ ਵਿੱਚੋਂ ਚੁਣਨ ਲਈ ਕਹਿੰਦਾ ਹੈ। ਜੇਤੂ ਮੈਂਬਰ ਆਪਣੇ ਵਿੱਚੋਂ ਬਹੁਮਤ ਨਾਲ ਇਕ ਚੇਅਰਪਰਸਨ ਚੁਣ ਲੈਂਦੇ ਹਨ ਜੋ ਇਜਲਾਸ ਦੀ ਅਗਲੀ ਕਾਰਵਾਈ ਦੀ ਪ੍ਰਧਾਨਗੀ ਕਰਦਾ ਹੈ। ਇਹ ਚੇਅਰਪਰਸਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮੈਂਬਰਾਂ ਵਿੱਚੋਂ ਮੈਂਬਰਾਂ ਦੇ ਬਹੁਮਤ ਨਾਲ ੧੧ ਮੈਂਬਰੀ ਅੰਤ੍ਰਿੰਗ ਕਮੇਟੀ ਦੀ ਚੋਣ ਕਰਦਾ ਹੈ। ਇਸ ਅੰਤ੍ਰਿੰਗ ਕਮੇਟੀ ਪਾਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਗੁਰਦੁਆਰਾ ਐਕਟ ਅਨੁਸਾਰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ।

ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਪ੍ਰਤੀਨਿਧਤਾ ਦੇਣ ਲਈ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਐਕਟ ਅਨੁਸਾਰ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚੋਂ ੧੫ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਪ੍ਰਾਪਤ ਹੈ। ਇਹ ਨਾਮਜ਼ਦਗੀ ਪਾਰਟੀਆਂ ਦੇ ਜੇਤੂ ਮੈਂਬਰਾਂ ਦੀ ਗਿਣਤੀ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਇਨ੍ਹਾਂ ਚੁਣੇ ਗਏ ਮੈਂਬਰਾਂ ਦੀ ਸੂਚੀ ਅੰਤ੍ਰਿੰਗ ਕਮੇਟੀ ਦੀ ਚੋਣ ਤੋਂ ਇਕ ਦਿਨ ਪਹਿਲਾਂ ਸਰਕਾਰ ਨੂੰ ਸੌਂਪ ਦਿੱਤੀ ਜਾਂਦੀ ਹੈ। ਇਨ੍ਹਾਂ ਮੈਂਬਰਾਂ ਨੂੰ ਚੁਣੇ ਗਏ ਮੈਂਬਰਾਂ ਵਾਂਗ ਹੀ ਸਾਰੇ ਅਧਿਕਾਰ ਪ੍ਰਾਪਤ ਹੁੰਦੇ ਹਨ।

ਉਪਰੋਕਤ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਿਚ ਸਤਿਕਾਰਤ ਮੈਂਬਰਾਂ ਦੀ ਨਿਯੁਕਤੀ ਵੀ ਕੀਤੀ ਜਾਂਦੀ ਹੈ। ਇਨ੍ਹਾਂ ਮੈਂਬਰਾਂ ਵਿਚ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ, ਪੰਜਾਂ ਤਖਤਾਂ ਦੇ ਜਥੇਦਾਰ ਸਾਹਿਬਾਨ ਸ਼ਾਮਲ ਹੁੰਦੇ ਹਨ। ਇਹ ਮੈਂਬਰ ਸਾਹਿਬਾਨ ਇਜਲਾਸ ਦੌਰਾਨ ਧਾਰਮਿਕ ਰਹੁ-ਰੀਤਾਂ ਨੂੰ ਨਿਭਾਉਂਦੇ ਹਨ। ਇਨ੍ਹਾਂ ਸਤਿਕਾਰਤ ਮੈਂਬਰਾਂ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਨਹੀਂ ਹੁੰਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ, ਇਤਿਹਾਸ ਅਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਧਰਮ ਪ੍ਰਚਾਰ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ ਜੋ ਪਿੰਡ-ਪਿੰਡ ਜਾ ਕੇ ਧਰਮ ਪ੍ਰਚਾਰ ਕਰਦੀ ਹੈ। ਇਸ ਲਈ ਢਾਡੀ, ਕਵੀਸ਼ਰੀ ਜਥੇ ਅਤੇ ਪ੍ਰਚਾਰਕ ਨਿਯੁਕਤ ਕੀਤੇ ਹੋਏ ਹਨ। ਧਰਮ ਪ੍ਰਚਾਰ ਕਮੇਟੀ ਵੱਲੋਂ ਸੰਗਤ ਦੀ ਮੰਗ 'ਤੇ ਖੰਡੇ-ਬਾਟੇ ਦੀ ਪਾਹੁਲ ਦੇ ਕੇ ਸੰਗਤ ਨੂੰ ਗੁਰੂ ਦੇ ਲੜ ਲਾਉਣ ਲਈ ਪੰਜ ਪਿਆਰੇ ਸਾਹਿਬਾਨ ਨੂੰ ਵੀ ਭੇਜਿਆ ਜਾਂਦਾ ਹੈ। ਵੀਡੀਓ ਫਿਲਮਾਂ ਰਾਹੀਂ ਸਿੱਖ ਇਤਿਹਾਸ ਅਤੇ ਸੱਭਿਆਚਾਰ ਨੂੰ ਫ਼ਿਲਮਾਂ ਦੇ ਰੂਪ ਵਿਚ ਦਿਖਾ ਕੇ ਪ੍ਰਚਾਰਿਆ ਜਾਂਦਾ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਗੌਰਵਮਈ ਸਿੱਖ ਵਿਰਸੇ ਚਿੱਤਰਾਂ ਦੇ ਰੂਪ ਵਿਚ ਪ੍ਰਦਰਸ਼ਨੀ ਲਾ ਕੇ ਵੀ ਪ੍ਰਚਾਰਿਆ ਜਾਂਦਾ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਕਰਵਾ ਕੇ ਬੱਚਿਆਂ ਨੂੰ ਵਜੀਫ਼ੇ ਦਿੱਤੇ ਜਾਂਦੇ ਹਨ। ਬੱਚਿਆਂ ਦੇ ਗੁਰਬਾਣੀ ਸੰਗੀਤ ਮੁਕਾਬਲੇ ਅਤੇ ਕੁਇਜ਼ ਮੁਕਾਬਲੇ ਕਰਵਾ ਕੇ ਵੱਡੇ ਇਨਾਮ ਦਿੱਤੇ ਜਾਂਦੇ ਹਨ ਅਤੇ ਹੋਰ ਬੱਚਿਆਂ ਵਿਚ ਸਿੱਖੀ ਪ੍ਰਤੀ ਰੁਚੀ ਪੈਦਾ ਕਰਨ ਲਈ ਇਨ੍ਹਾਂ ਮੁਕਾਬਲਿਆਂ ਨੂੰ ਪ੍ਰਸਿੱਧ ਚੈਨਲਾਂ ਦੇ ਦਿਖਾ ਕੇ ਪ੍ਰਚਾਰਿਆ ਜਾਂਦਾ ਹੈ। ਸੰਗਤ ਅਤੇ ਗ਼ੈਰ-ਸਿੱਖਾਂ ਨੂੰ ਜਿਨ੍ਹਾਂ ਵਿਚ ਸਿੱਖ ਧਰਮ ਦੀ ਜਾਣਕਾਰੀ ਪ੍ਰਾਪਤ ਕਰਨ ਦੀ ਰੁਚੀ ਹੁੰਦੀ ਹੈ ਉਨ੍ਹਾਂ ਲਈ ਪੱਤਰ-ਵਿਹਾਰ ਕੋਰਸ ਰਾਹੀਂ ਜਾਣਕਾਰੀ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਹਿੱਤ ਵਿਦਵਾਨ ਅਤੇ ਪ੍ਰਚਾਰਕ ਤਿਆਰ ਕਰਨ ਲਈ ਕਈ ਮਿਸ਼ਨਰੀ ਅਤੇ ਗੁਰਮਤਿ ਸੰਗੀਤ ਕਾਲਜ ਚਲਾਏ ਜਾ ਰਹੇ ਹਨ। ਹਰ ਮਹੀਨੇ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਮੈਗਜ਼ੀਨ ਛਾਪੇ ਜਾ ਰਹੇ ਹਨ। ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੇ ਸ਼ਤਾਬਦੀ ਦਿਹਾੜੇ ਮਨਾਉਣ ਦਾ ਕੰਮ ਵੀ ਧਰਮ ਪ੍ਰਚਾਰ ਕਮੇਟੀ ਵੱਲੋਂ

ਬੜੇ ਉਤਸ਼ਾਹ ਨਾਲ ਕੀਤਾ ਜਾਂਦਾ ਹੈ। ਇਸ ਸਾਰੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਧਾਰਮਿਕ ਅਤੇ ਸਿੱਖ ਵਿਦਵਾਨ ਸ਼ਖਸੀਅਤਾਂ ਵਿੱਚੋਂ ੭ ਮੈਂਬਰਾਂ ਦੀ ਚੋਣ ਕਰ ਕੇ ਧਰਮ ਪ੍ਰਚਾਰ ਕਮੇਟੀ ਬਣਾਈ ਜਾਂਦੀ ਹੈ। ਗੁਰਦੁਆਰਾ ਐਕਟ ਅਨੁਸਾਰ ਇਸ ਕਮੇਟੀ ਦੀ ਮਹੀਨੇ ਵਿਚ ਇਕ ਵਾਰ ਮੀਟਿੰਗ ਹੋਣੀ ਜ਼ਰੂਰੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਕਸਦ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਕਰਨਾ ਹੈ, ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕਰਨਾ ਹੈ, ਸਿੱਖ ਰਹਿਤ ਮਰਯਾਦਾ ਨੂੰ ਗੁਰਦੁਆਰਾ ਸਾਹਿਬਾਨ ਵਿਚ ਲਾਗੂ ਕਰਨਾ ਹੈ, ਸਿੱਖ ਸਾਹਿਤ ਛਾਪ ਕੇ ਵੰਡਣਾ ਹੈ, ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਉਣਾ ਹੈ, ਸਿੱਖਾਂ ਵਿਚ ਭਾਈਚਾਰਕ ਸਾਂਝ ਪੈਦਾ ਕਰਨਾ ਹੈ, ਸਿੱਖ ਸੱਭਿਆਚਾਰ ਨੂੰ ਹਰ ਸਿੱਖ ਦੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਹੈ। ਸਿੱਖਾਂ ਵਿਚ ਭਾਈਚਾਰਕ ਸਾਂਝ ਪੈਦਾ ਕਰਨਾ ਹੈ, ਸਿੱਖ ਸਮਾਜ ਵਿੱਚੋਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਸ਼ਵ ਭਰ ਦੇ ਸਿੱਖਾਂ ਦੀ ਕੇਂਦਰੀ ਸੰਸਥਾ ਹੈ ਜੋ ਹਰ ਦੁਖ-ਸੁਖ ਵਿਚ ਸਿੱਖਾਂ ਦੀ ਰਹਿਨੁਮਾਈ ਕਰਦੀ ਹੈ ਅਤੇ ਮਨੁੱਖਤਾ ਦੇ ਭਲੇ ਲਈ ਹਰ ਸਮੇਂ ਤਤਪਰ ਰਹਿੰਦੀ ਹੈ। ਪਿਛਲੇ ਸਮੇਂ ਤੋਂ ਦੇਖਦਿਆਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਪੰਥ ਨਾਲ ਜੁੜੇ ਹਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸਲੇ 'ਤੇ ਕੌਮੀ ਪੱਖ ਪੇਸ਼ ਕਰ ਕੇ ਸਮੁੱਚੀ ਸਿੱਖ ਕੌਮ ਦੇ ਹਿੱਤਾਂ ਦੀ ਰਾਖੀ ਕਰਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਤਿਹਾਸਿਕ ਭੂਮਿਕਾ ਰਹੀ ਹੈ ਅਤੇ ਇਹ ਹਮੇਸ਼ਾ ਪੰਥਕ-ਸ਼ਕਤੀ ਦਾ ਧੁਰਾ ਰਹੀ ਹੈ। ਸੰਸਾਰ ਭਰ ਵਿਚ ਸਿੱਖਾਂ ਜਾਂ ਮਨੁੱਖਤਾ 'ਤੇ ਜਦੋਂ ਵੀ ਕੋਈ ਸੰਕਟ ਦੀ ਘੜੀ ਆਈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਖੀ ਮਾਨਵਤਾ ਦਾ ਦਰਦ ਵੰਡਾਉਣ ਵਿਚ ਸਭ ਤੋਂ ਮੋਹਰੀ ਭੂਮਿਕਾ ਅਦਾ ਕਰਦੀ ਆ ਰਹੀ ਹੈ। ਚਿੱਟੀ ਸਿੰਘ ਪੁਰਾ ਜੰਮੂ-ਕਸ਼ਮੀਰ ਦੇ ਗੋਲੀ ਕਾਂਡ ਦੇ ਸ਼ਿਕਾਰ ਪਰਵਾਰਾਂ ਦਾ ਦੁਖ ਵੰਡਾਉਣ, ਸ੍ਰੀ ਨਗਰ ਗੋਲੀ ਕਾਂਡ ਦੇ ਪੀੜਤ ਪਰਵਾਰਾਂ ਦੀ ਆਰਥਿਕ ਮਦਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ੨੬ ਜਨਵਰੀ, ੨੦੦੦ ਈ. ਨੂੰ ਗੁਜਰਾਤ ਵਿਚ ਆਏ ਵੱਡੇ ਭੁਚਾਲ ਅਤੇ ਸੁਨਾਮੀ ਲਹਿਰਾਂ ਦੀ ਲਪੇਟ ਵਿਚ ਆ ਕੇ ਸਭ ਕੁਝ ਗਵਾ ਚੁੱਕੇ ਦੁਖਿਆਰੇ ਲੋਕਾਂ ਦੀ ਮਦਦ ਕਰਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਹਰੀ ਭੂਮਿਕਾ ਨਿਭਾਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿਚ ਸੈਕਸ਼ਨ-੮੫ ਅਧੀਨ ੫੪ ਅਤੇ ਸੈਕਸ਼ਨ-੮੭ ਅਧੀਨ ੩੨੫ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਚਲਾਉਂਦੀ ਹੈ। ਇਸ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਜ਼ਾਰਾਂ ਸਿੱਖ ਮੁਲਾਜ਼ਮਾਂ ਨੂੰ ਨਿਯੁਕਤ ਕੀਤਾ ਹੈ ਜਿਸ ਨਾਲ ਉਹ ਆਪਣੇ ਰੋਜ਼ਗਾਰ ਵੀ ਪ੍ਰਾਪਤ ਕਰ ਰਹੇ ਹਨ ਅਤੇ ਸੇਵਾ ਵੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਇਤਿਹਾਸ ਰੀਸਰਚ ਬੋਰਡ, ਸਿੱਖ ਰੈਫਰੈਂਸ ਲਾਇਬ੍ਰੇਰੀ ਵੀ ਕਾਇਮ ਕੀਤੀ ਹੈ। ਰੀਸਰਚ ਬੋਰਡ ਸਿੱਖ ਧਰਮ ਅਤੇ ਸਿੱਖ ਇਤਿਹਾਸ ਬਾਰੇ ਖੋਜ ਕਾਰਜ ਕਰਵਾਉਂਦਾ ਹੈ ਅਤੇ ਛਾਪ ਕੇ ਪਾਠਕਾਂ ਅਤੇ ਸਕਾਲਰਾਂ ਤਕ ਪਹੁੰਚਾਉਂਦਾ ਹੈ। ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਸਿੱਖ ਧਰਮ ਬਾਰੇ ਹਜ਼ਾਰਾਂ ਕਿਤਾਬਾਂ, ਪੁਰਾਣੀਆਂ ਅਖ਼ਬਾਰਾਂ ਅਤੇ ਸੈਂਕੜੇ ਹੱਥ-ਲਿਖਤ ਖਰੜੇ ਸੰਭਾਲੇ ਹੋਏ ਹਨ। ਦੁਨੀਆ ਭਰ ਦੇ ਵਿਦਵਾਨ ਅਤੇ ਸਕਾਲਰ ਇੱਥੇ ਖੋਜ ਕਾਰਜ ਲਈ ਆਉਂਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਦੇ ਕਈ ਰਾਜਾਂ ਵਿਚ ਨੌਜਵਾਨ ਪੀੜ੍ਹੀ ਨੂੰ ਚੰਗੀ ਸਿੱਖਿਆ ਦੇਣ ਲਈ ਵਿੱਦਿਅਕ ਅਦਾਰੇ ਵੀ ਖੋਲ੍ਹੇ ਹਨ। ਇਨ੍ਹਾਂ ਵਿੱਦਿਅਕ ਅਦਾਰਿਆਂ ਨੂੰ ਸਹੀ ਦਿਸ਼ਾ-ਨਿਰਦੇਸ਼ ਦੇਣ ਲਈ ਅਤੇ ਚੰਗੀਆਂ ਯੋਜਨਾਵਾਂ ਤਿਆਰ ਕਰ ਕੇ ਨੌਜਵਾਨ ਪੀੜ੍ਹੀ ਨੂੰ ਸਿੱਖਿਅਤ ਕਰਨ ਲਈ ਵਿੱਦਿਅਕ ਡਾਇਰੈਕਟੋਰੇਟ ਦੀ ਸਥਾਪਨਾ ਕੀਤੀ ਗਈ ਹੈ। ਇਸ ਡਾਇਰੈਕਟੋਰੇਟ ਦਾ ਸੁੰਦਰ ਦਫਤਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਰੀਸਰਚ ਬਹਾਦਰਗੜ੍ਹ, ਪਟਿਆਲਾ ਵਿਖੇ ਬਣਾਇਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ ਯੂਨੀਵਰਸਿਟੀਆਂ— ਸ੍ਰੀ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਅਤੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਵੱਲ੍ਹਾ, ਸ੍ਰੀ ਅੰਮ੍ਰਿਤਸਰ ਵਿਖੇ ਚਲਾਈ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੩੭ ਡਿਗਰੀ ਕਾਲਜ, ਪ੩ ਸਕੂਲ, ਇਕ ਦੰਦਾਂ ਦਾ ਕਾਲਜ, ਦੋ ਮੈਡੀਕਲ ਕਾਲਜ, ਇਕ ਨਰਸਿੰਗ ਕਾਲਜ, ਦੋ ਇੰਜੀਨੀਅਰਿੰਗ ਕਾਲਜ ਅਤੇ ਇਕ ਪਾਲੀਟੈਕਨਿਕ ਕਾਲਜ ਚਲਾਏ ਜਾ ਰਹੇ ਹਨ।

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਅਲੱਗ-ਅਲੱਗ ਰਾਜਾਂ ਵਿਚ ੧੧ ਸਿੱਖ ਮਿਸ਼ਨ ਦੇ ਕੇਂਦਰ ਚਲਾਏ ਜਾ ਰਹੇ ਹਨ। ਬੱਚਿਆਂ ਨੂੰ ਧਰਮ ਦੀ ਸਿੱਖਿਆ ਦੇਣ ਲਈ ੧੯ ਮਿਸ਼ਨਰੀ ਕਾਲਜ ਅਤੇ ਵਿਦਿਆਲੇ ਵੀ ਚਲਾਏ ਜਾ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੀ ਸਹੂਲਤ ਲਈ ੨ ਹਸਪਤਾਲ, ਇਕ ਦੰਦਾਂ ਦਾ ਹਸਪਤਾਲ ਅਤੇ ਬਹੁਤ ਸਾਰੀਆਂ ਡਿਸਪੈਂਸਰੀਆਂ ਚਲਾਈਆਂ ਜਾ ਰਹੀਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੂਰੋਂ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਰੇਲਵੇ ਸਟੇਸ਼ਨ ਅਤੇ ਹਵਾਈ ਅੱਡੇ ਤੋਂ ਸ੍ਰੀ ਦਰਬਾਰ ਸਾਹਿਬ ਤਕ ਲੈ ਕੇ ਆਉਣ ਲਈ ਅਰਾਮਦਾਰ ਬੱਸਾਂ ਦੀ ਮੁਫ਼ਤ ਸੇਵਾ ਉਪਲਬਧ ਕਰਵਾਈ ਜਾਂਦੀ ਹੈ। ਆਸ-ਪਾਸ ਦੇ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਵੀ ਹਰ ਰੋਜ਼ ਸੰਗਤ ਨੂੰ ਦਰਸ਼ਨ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੱਸਾਂ ਦੀ ਮੁਫ਼ਤ ਸਹੂਲਤ ਦਿੱਤੀ ਜਾਂਦੀ ਹੈ। ■

# ਅਕਾਲੀ ਮੋਰਚੇ ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ

*-ਸਤਵਿੰਦਰ ਸਿੰਘ ਫੂਲਪੁਰ**

ਗੁਰਦੁਆਰਾ ਸਾਹਿਬਾਨ ਨੂੰ ਸੰਗਤੀ ਪ੍ਰਬੰਧ ਹੇਠ ਲਿਆਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਲਗਾਏ ਗਏ ਮੋਰਚਿਆਂ ਦਾ ਲਾਸਾਨੀ ਇਤਿਹਾਸ ਹੈ। ਹਥਲੇ ਲੇਖ ਵਿਚ ਅਸੀਂ ਮੋਰਚਿਆਂ ਦੇ ਸਿਧਾਂਤਕ ਅਤੇ ਇਤਿਹਾਸਿਕ ਪਹਿਲੂਆਂ ਬਾਰੇ ਗੱਲ ਕਰਾਂਗੇ।

'ਮੋਰਚਾ' ਫ਼ਾਰਸੀ ਮੂਲ ਦੇ ਦੋ ਸ਼ਬਦਾਂ ਮੂਰਚਾਲ ਅਤੇ ਮੂਰਚਾਨਾ ਦਾ ਸਾਂਝਾ ਪੰਜਾਬੀ ਰੂਪ ਹੈ। ਫ਼ਾਰਸੀ-ਪੰਜਾਬੀ ਕੋਸ਼ ਅਨੁਸਾਰ ਮੂਰਚਾਲ ਦੇ ਅਰਥ ਹਨ: ਕਿਲ੍ਹੇ ਦੁਆਲੇ ਪੁੱਟਿਆ ਟੋਆ ਜਾਂ ਖਾਈ ਅਤੇ ਮੂਰਚਾਨਾ ਦੇ ਅਰਥ ਹਨ: ਛੋਟੀ ਕੀੜੀ, ਤੁੱਛ, ਕਮਜ਼ੋਰ।[੧] ਪਰ ਪੰਜਾਬੀ ਕੋਸ਼ਾਂ ਵਿਚ ਇਨ੍ਹਾਂ ਦੋਨਾਂ ਸ਼ਬਦਾਂ ਲਈ ਇੱਕੋ ਸ਼ਬਦ 'ਮੋਰਚਾ' ਵਰਤਿਆ ਗਿਆ ਹੈ, ਜਿਸ ਦੇ ਅਰਥ ਕੀਤੇ ਮਿਲਦੇ ਹਨ: ਜੰਗਾਲ, ਉਹਲਾ, ਝਗੜਾ, ਦਾਗ, ਕੀੜੀ, ਕੀਟ, ਆਦਿ।[੨] ਹਿੰਦੀ ਕੋਸ਼ਾਂ ਅੰਦਰ ਜੰਗਾਲ ਅਤੇ ਮੈਲ ਦੇ ਸੰਦਰਭ ਵਿਚ ਮੋਰਚਾ ਸ਼ਬਦ ਦੇ ਅਰਥ ਕੀਤੇ ਗਏ ਹਨ : lwh pr cFn vwlw vh kwlw ASw jw hvw A0r nml k pBwv s aËpNn hwqw h0, jg[ SwlSw, dpxw Awid pr jml he ml[[੩]

ਗੁਰਬਾਣੀ ਅੰਦਰ ਵੀ ਮੋਰਚਾ ਸ਼ਬਦ ਜੰਗਾਲ, ਜ਼ਰ ਜਾਂ ਮੈਲ ਦੇ ਅਰਥਾਂ ਵਿਚ ਚਾਰ ਵਾਰ ਆਇਆ ਹੈ :

*-ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੬)*

*-ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹਿ ਆਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੮)*

*-ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨਾ ਲਾਗੈ ਜਾ ਹਉਮੈ ਸੋਖੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫)*

*-ਭਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ ਲਾਧਿਓ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੦)*

ਆਮ ਪ੍ਰਚਲਿਤ ਰੂਪ ਵਿਚ ਇਸ ਦੇ ਅਰਥ ਹਨ ਕਿਲ੍ਹੇ ਦੀ ਕੰਧ ਜਾਂ ਵੱਟ ਆਦਿ ਵਿਚ ਬਣਾਇਆ ਛੇਕ, ਜਿਸ ਵਿਚ ਦੀ ਦੁਸ਼ਮਣ ਪੁਰ ਤੀਰ ਗੋਲੀ ਆਦਿ ਚਲਾਇਆ ਜਾਵੇ। ਵੈਰੀ ਦੇ ਸ਼ਸ਼ਤਰਾਂ ਤੋਂ ਬਚਾਓ ਲਈ ਖੋਦਿਆ ਟੋਆ ਅਤੇ ਖਾਈ ਜਿਸ ਵਿਚ ਸਿਪਾਹੀ ਲੁਕ ਕੇ ਬੈਠਦੇ ਅਤੇ ਦੁਸ਼ਮਣ 'ਤੇ ਵਾਰ ਕਰਦੇ ਹਨ।[੪]

**ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ: +੯੧੯੯੧੪੪੧੯੪੮੪*

'ਪੰਜਾਬੀ-ਅੰਗਰੇਜ਼ੀ ਕੋਸ਼' ਅਨੁਸਾਰ ਮੋਰਚਾ ਸ਼ਬਦ ਦੇ ਅੰਗਰੇਜ਼ੀ ਵਿਚ ਸਮਅਰਥੀ ਸ਼ਬਦ ਹਨ: Trench, fortification, military position, battle front, agitation, political movement etc.[੫]

ਉਪਰੋਕਤ ਵਿੱਚੋਂ ਸ਼ਬਦ 'Agitation' ਜੋ 'ਮੋਰਚਾ' ਸ਼ਬਦ ਨਾਲ ਕੁਝ ਕੁ ਨੇੜਤਾ ਦੇ ਭਾਵ ਤਾਂ ਪ੍ਰਗਟ ਕਰਦਾ ਹੈ ਪਰੰਤੂ ਪੂਰਨ ਤੌਰ 'ਤੇ ਸਿੱਖ ਮੋਰਚਿਆਂ ਲਈ ਢੁਕਵਾਂ ਸ਼ਬਦ ਨਹੀਂ ਹੈ। ਕੁਝ ਵਿਦਵਾਨਾਂ ਨੇ ਇਸ ਨੂੰ 'ਮੋਰਚਾ' ਸ਼ਬਦ ਦੀ ਥਾਂ ਵਰਤਿਆ ਹੈ। ਪਰ ਦੋਨਾਂ ਸ਼ਬਦਾਂ ਦੇ ਅਰਥਾਂ ਨੂੰ ਗਹਿਰਾਈ ਨਾਲ ਸਮਝਣ 'ਤੇ ਇਨ੍ਹਾਂ ਵਿਚਲਾ ਸੂਖਸ਼ਮ ਅੰਤਰ ਸਪੱਸ਼ਟ ਹੋ ਜਾਂਦਾ ਹੈ। 'Agitation' ਦੇ ਅੰਗਰੇਜ਼ੀ ਕੋਸ਼ਾਂ ਵਿਚ ਅਰਥ ਕੀਤੇ ਮਿਲਦੇ ਹਨ: Public protest in order to achieve political change, Worry and anxiety that you show by behaving in a nervous way. To make other people feel very strongly about something so that they want to help you achieve it.[੬] ਅਰਥਾਤ ਲੋਕਾਂ ਵਿਚਲੀ ਉਹ ਚਿੰਤਾ, ਤੌਖਲਾ, ਫ਼ਿਕਰ, ਪਰੇਸ਼ਾਨੀ, ਵਿਆਕੁਲਤਾ ਜਿਸ ਨੂੰ ਲੋਕ ਬੇਚੈਨ ਹੋ ਕੇ, ਬੁਖਲਾਹਟ ਅਤੇ ਉਤੇਜਨਾ ਵਿਚ ਆ ਕੇ ਪ੍ਰਗਟ ਕਰਨ। ਅਜਿਹੀ ਬੁਖਲਾਹਟ ਅਤੇ ਉਤੇਜਨਾ ਹਮੇਸ਼ਾਂ ਅਸ਼ਾਂਤੀ ਅਤੇ ਦੰਗਾ-ਫਸਾਦ ਪੈਦਾ ਕਰਨ ਦਾ ਕਾਰਨ ਬਣਦੀ ਹੈ। ਦੂਸਰਾ ਐਜ਼ੀਟੇਸ਼ਨ ਵਿਚ ਕਿਸੇ ਮਨੋਰਥ ਪੂਰਤੀ ਲਈ ਦੂਸਰੇ ਲੋਕਾਂ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਤਾਂ ਕਿ ਉਹ ਇਸ ਦੀ ਕਾਮਯਾਬੀ ਲਈ ਤੁਹਾਡੀ ਮਦਦ ਕਰਨੀ ਚਾਹੁਣ।

ਪਰ 'ਮੋਰਚੇ' ਵਿਚ ਸਿੱਖ ਸ੍ਵੈ-ਇੱਛਾ ਨਾਲ ਸ਼ਾਂਤ ਚਿਤ ਹੋ ਕੇ ਗੁਰਧਾਮਾਂ ਦੀ ਪਵਿੱਤਰਤਾ ਦੀ ਬਹਾਲੀ ਖ਼ਾਤਰ ਉਤਸ਼ਾਹ-ਪੂਰਵਕ ਕੁਰਬਾਨੀਆਂ ਕਰਨ ਲਈ ਜਾਂਦੇ ਹਨ, ਫਿਰ ਅੱਗੋਂ ਚਾਹੇ ਡਾਂਗਾਂ ਪੈਣ ਚਾਹੇ ਗੋਲੀਆਂ ਚੱਲਣ ਉਹ ਗੁਰੂ ਸਾਹਿਬਾਨ ਦੇ ਪਾਵਨ ਬਚਨਾਂ *'ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ'* ਅਨੁਸਾਰ ਮਰਨਾ ਕਬੂਲ ਕਰਦੇ ਹਨ। ਫਿਰ ਉਹ ਮਾਤਾ ਜਿਸ ਦਾ ਕੁੱਛੜ ਚੁੱਕਿਆ ਦੁੱਧ ਪੀਂਦਾ ਬੱਚਾ ਦੁਸ਼ਮਣ ਦੀ ਗੋਲੀ ਲੱਗਣ ਨਾਲ ਸ਼ਹੀਦ ਹੋ ਜਾਂਦਾ ਹੈ, ਪਿਛਾਂਹ ਨਹੀਂ ਹਟਦੀ, ਆਪਣੇ ਬੱਚੇ ਨੂੰ ਰੇਤ ਉੱਪਰ ਰੱਖ ਕੇ ਗੁਰਧਾਮਾਂ ਦੀ ਪਵਿੱਤਰਤਾ ਖਾਤਰ ਕੁਰਬਾਨ ਹੋਣ ਲਈ ਮੁੜ ਮੋਰਚੇ ਵਿਚ ਸ਼ਾਮਲ ਹੋ ਜਾਂਦੀ ਹੈ। ਮੋਰਚਿਆਂ ਵਿਚ ਸਿੰਘ ਦੁਸ਼ਮਣ ਦੇ ਜਬਰ ਨੂੰ ਦੇਖ ਕੇ ਘਬਰਾਉਂਦੇ ਨਹੀਂ, ਉਤੇਜਨਾ ਵਿਚ ਆ ਕੇ ਅਸ਼ਾਂਤੀ ਨਹੀਂ ਫੈਲਾਉਂਦੇ, ਸਗੋਂ ਜਬਰ ਨੂੰ ਸਬਰ ਨਾਲ ਸਹਿ ਕੇ ਸ਼ਹੀਦੀਆਂ ਪਾ ਜਾਂਦੇ ਹਨ। ਪ੍ਰਸਿੱਧ ਲਿਖਾਰੀ ਅਤੇ ਇਸਾਈ ਪ੍ਰਚਾਰਕ ਸੀ.ਐਫ. ਐਡਰੀਓ ਜਿਸ ਨੇ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਅੰਗਰੇਜ਼ ਪੁਲਿਸ ਅਫ਼ਸਰ ਬੀ. ਟੀ. ਦਾ ਸਿੱਖਾਂ ਉੱਪਰ ਹੁੰਦਾ ਕਹਿਰ ਆਪਣੀ ਅੱਖੀਂ ਦੇਖਿਆ ਸੀ, ਲਿਖਦਾ ਹੈ ਕਿ ਸਿੱਖ ਬਿਲਕੁਲ ਹਜ਼ਰਤ ਈਸਾ ਵਾਂਗੂ ਸ਼ਾਂਤਮਈ ਰਹਿ ਕੇ ਜਬਰ ਦਾ ਟਾਕਰਾ ਕਰਦੇ ਹਨ। ਉਨ੍ਹਾਂ ਦਾ ਇਹ ਕਰਤੱਵ ਬਹੁਤ ਹੀ ਪ੍ਰਸੰਸਾਯੋਗ ਹੈ।

ਇਸ ਤਰ੍ਹਾਂ ਸਿੱਖ ਤਵਾਰੀਖ਼ ਅੰਦਰ ਸਿੱਖ ਸੰਘਰਸ਼ ਸਮੇਂ 'ਮੋਰਚਾ' ਸ਼ਬਦ ਜਿਨ੍ਹਾਂ ਵਿਸਤ੍ਰਿਤ ਅਰਥਾਂ ਵਿਚ ਵਰਤਿਆ ਗਿਆ ਹੈ ਉਸ ਦੇ ਹੂ-ਬ-ਹੂ ਪ੍ਰਸੰਗਿਕ ਭਾਵ ਪ੍ਰਗਟ ਕਰਨ ਵਾਲਾ ਸ਼ਬਦ ਅੰਗਰੇਜ਼ੀ ਭਾਸ਼ਾ ਵਿਚ ਨਹੀਂ ਮਿਲਦਾ। ਇਸ ਲਈ ਬਹੁਤ ਕਰ ਅੰਗਰੇਜ਼ੀ ਲਿਖਤਾਂ ਵਿਚ ਮੋਰਚਾ ਸ਼ਬਦ ਦਾ ਲਿਪੀਅੰਤਰਨ ਕਰ ਕੇ 'Morcha' ਹੀ ਲਿਖਿਆ ਮਿਲਦਾ ਹੈ ਅਤੇ ਇਸ ਦੇ ਅਰਥ ਕੀਤੇ ਮਿਲਦੇ ਹਨ: ਇੱਕੋ ਥਾਂ 'ਤੇ ਬੈਠੇ ਇੱਕੋ ਫੈਸਲੇ ਨੂੰ ਮਨਵਾਉਣ ਵਾਸਤੇ ਅਹਿਲ ਤੇ ਅਡੋਲ ਸਾਧਨ ਜਾਂ ਆਪਣੀਆਂ ਮੰਗਾਂ ਮਨਵਾਉਣ ਲਈ ਕਿਸੇ ਇੱਕ ਹੀ ਅਸੂਲ 'ਤੇ ਅੜ ਕੇ ਬੈਠ ਜਾਣਾ ਅਤੇ ਵਿਰੋਧੀ ਨਾਲ ਸ਼ਾਂਤਮਈ ਟੱਕਰ ਲਾ ਦੇਣੀ।[੭] ਇਸ ਸੰਦਰਭ ਵਿਚ ਮੋਰਚਾ ਸ਼ਬਦ ਪਹਿਲੀ ਵਾਰ ਸਿੱਖ ਇਤਿਹਾਸ 'ਚ ਅੰਦੋਲਨ ਜਾਂ ਸਤਿਆਗ੍ਰਹਿ ਦੇ ਅਰਥ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵੇਲੇ ਪ੍ਰਚਲਿਤ ਹੋਇਆ, ਜਦੋਂ ਗੁਰਦੁਆਰਿਆਂ ਦੀ ਅਜ਼ਾਦੀ ਲਈ ਸਿੱਖ ਜਥੇ ਸ਼ਾਂਤੀ-ਪੂਰਵਕ ਕਾਰਵਾਈ ਕਰਨ ਲਈ ਜੇਲ੍ਹਾਂ ਵਿਚ ਜਾਂਦੇ ਰਹੇ।[੮]

ਸਿੱਖ ਮੋਰਚਿਆਂ ਦੀ ਕਾਮਯਾਬੀ ਕਾਰਨ ਰਾਜਨੀਤਿਕ ਪਾਰਟੀਆਂ ਵੱਲੋਂ ਇਹ ਸ਼ਬਦ ਸ਼ਾਂਤਮਈ ਅੰਦੋਲਨਾਂ ਲਈ ਵਰਤਿਆ ਜਾਣ ਲੱਗਾ, ਜਿਵੇਂ ਕਿਸਾਨ ਮੋਰਚਾ, ਹਿੰਦੀ ਮੋਰਚਾ, ਪਟਵਾਰੀ ਮੋਰਚਾ ਆਦਿ। ਹੌਲੀ-ਹੌਲੀ ਇਸ ਸ਼ਬਦ ਦੀ ਵਰਤੋਂ ਹਿੰਦੀ ਭਾਸ਼ੀ ਇਲਾਕਿਆਂ ਵਿਚ ਅੰਦੋਲਨਾਂ ਜਾਂ ਜਥੇਬੰਦੀਆਂ ਲਈ ਹੋਣ ਲੱਗ ਗਈ ਜਿਵੇਂ ਜਨ ਮੋਰਚਾ, ਲੋਕਹਿੱਤ ਮੋਰਚਾ, ਝਾਰਖੰਡ ਮੁਕਤੀ ਮੋਰਚਾ ਆਦਿ।[੯]

ਹੁਣ ਮੋਰਚਾ ਸ਼ਬਦ ਪੰਜਾਬੀ ਸੱਭਿਆਚਾਰ ਵਿਚ ਇਨਾਂ ਜ਼ਿਆਦਾ ਮਕਬੂਲ ਹੋ ਚੁੱਕਾ ਹੈ ਕਿ ਹਰੇਕ ਕੰਮ ਦੀ ਕਾਮਯਾਬੀ ਨਾਲ ਸੰਬੰਧਿਤ ਕਰਕੇ ਮੋਰਚੇ ਦੇ ਅਨੇਕਾਂ ਮੁਹਾਵਰੇ ਪ੍ਰਚਲਿਤ ਹੋ ਚੁੱਕੇ ਹਨ ਜਿਵੇਂ ਮੋਰਚਾ ਲਾਉਣਾ, ਮੋਰਚਾ ਗੱਡਣਾ, ਮੋਰਚਾ ਮਾਰਨਾ, ਮੋਰਚਾ ਸੰਭਾਲਣਾ, ਮੋਰਚਾ ਜਿੱਤਣਾ, ਮੋਰਚਾ ਫਤਿਹ ਕਰਨਾ ਆਦਿ।

ਸਿੱਖ ਮੋਰਚਿਆਂ ਦਾ ਅਰੰਭ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਅਜ਼ਾਦ ਕਰਵਾਉਣ ਲਈ ਹੋਇਆ। ਗੁਰਦੁਆਰਿਆਂ ਨਾਲ ਸਿੱਖਾਂ ਦੇ ਡੂੰਘੇ ਸਤਿਕਾਰ ਵਾਲੇ ਸੰਬੰਧ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਗਟਾਅ ਹਨ। ਅੰਗਰੇਜ਼ ਸਰਕਾਰ ਨੇ ਪੰਜਾਬ 'ਤੇ ਕਬਜ਼ਾ ਕਰਦਿਆਂ ਹੀ ਸੋਚ ਲਿਆ ਸੀ ਕਿ ਸਿੱਖੀ ਦੇ ਪ੍ਰੇਰਨਾ-ਸਰੋਤ ਤੇ ਮਹਾਨ ਕੇਂਦਰ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਸਾਰੇ ਸਿੱਖ ਸੰਸਾਰ 'ਤੇ ਕਾਬੂ ਪਾਉਣਾ ਹੈ। ਇਸ ਲਈ ਅੰਗਰੇਜ਼ ਨੇ ਕੂਟਨੀਤਿਕ ਚਾਲ ਚੱਲਦਿਆਂ ਮਹੰਤਾਂ ਰਾਹੀਂ ਗੁਰਦੁਆਰਿਆਂ ਅੰਦਰ ਸਮੂਹ ਬ੍ਰਾਹਮਣੀ ਰਹੁ-ਰੀਤਾਂ, ਵਰਣ-ਵੰਡ, ਜਾਤ-ਪਾਤ ਦੇ ਵਿਤਕਰੇ ਅਤੇ ਛੂਤ-ਛਾਤ ਦਾ ਪ੍ਰਵੇਸ਼ ਕਰਵਾ ਦਿੱਤਾ ਤਾਂ ਕਿ ਸਿੱਖਾਂ ਦਾ ਨਿਸ਼ਚਾ ਕਮਜ਼ੋਰ ਹੋ ਸਕੇ ਅਤੇ ਇਨ੍ਹਾਂ ਦੀ ਸਮਰੱਥਾ ਵਿਚ ਗਿਰਾਵਟ ਆ ਸਕੇ। ਇਨ੍ਹਾਂ ਦੁਰਾਚਾਰੀ ਮਹੰਤਾਂ ਨੇ ਗੁਰਦੁਆਰਿਆਂ ਨੂੰ ਅੰਗਰੇਜ਼ ਰਾਜ ਦੀ ਰੱਖਿਆ, ਮਜ਼ਬੂਤੀ ਲਈ ਉਨ੍ਹਾਂ ਦੀ ਖ਼ੁਸ਼ਾਮਦ ਦੇ ਕੇਂਦਰ ਅਤੇ ਆਪਣੇ ਲਈ ਦੁਰਾਚਾਰ ਦੇ ਅੱਡੇ ਬਣਾ ਦਿੱਤਾ ਸੀ। ਅਰਦਾਸਾਂ ਵਿਚ

ਵੀ ਅੰਗਰੇਜ਼ ਰਾਜ ਦੀ ਸਲਾਮਤੀ ਅਤੇ ਖ਼ੁਸ਼ਹਾਲੀ ਦੀ ਮੰਗ ਕੀਤੀ ਜਾਂਦੀ ਸੀ। ਪਰ ਸਿੱਖ ਆਪਣੇ ਗੁਰਧਾਮਾਂ ਦੀ ਅਜਿਹੀ ਦਸ਼ਾ ਦਾ ਵਰਤਾਰਾ ਅੱਖੀਂ ਦੇਖ ਕੇ ਇਸ ਨੂੰ ਕਿਸੇ ਕੀਮਤ ਵਿਚ ਵੀ ਸਹਿਣ ਲਈ ਤਿਆਰ ਨਹੀਂ ਸਨ। ਉਹ ਹਰ ਹੀਲੇ ਗੁਰਦੁਆਰਿਆਂ ਨੂੰ ਸੰਗਤੀ ਪ੍ਰਬੰਧ 'ਚ ਲਿਆਉਣਾ ਚਾਹੁੰਦੇ ਸਨ।

ਪ੍ਰਿੰ. ਤੇਜਾ ਸਿੰਘ ਲਿਖਦੇ ਹਨ ਕਿ ਸਿੱਖਾਂ ਕੋਲ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਅਜ਼ਾਦ ਕਰਵਾਉਣ ਲਈ ਤਿੰਨ ਸਾਧਨ ਸਨ : ਨਾ-ਮਿਲਵਰਤਨ, ਲੋਕ ਰਾਇ ਦਾ ਦਬਾਅ ਅਤੇ ਮੁਕੱਦਮੇ (There were three ways open to sikhs to carry out reform in their temple; boycott, pressure of public opinion and litigation)[੧੦]

ਸਿੱਖਾਂ ਨੇ ਸਭ ਤੋਂ ਪਹਿਲਾਂ Charitable and Religious Indowment act (act xiv 1920 ) ਤਹਿਤ ਅਦਾਲਤ ਰਾਹੀਂ ਆਪਣੇ ਧਾਰਮਿਕ ਸਥਾਨਾਂ ਦਾ ਪ੍ਰਬੰਧ ਮਹੰਤਾਂ ਕੋਲੋਂ ਵਾਪਸ ਲੈਣ ਲਈ ਕਾਫੀ ਜਦੋ ਜਹਿਦ ਕੀਤੀ ਪਰ ਮਹੰਤਾਂ ਦੀ ਪਿੱਠ ਉੱਪਰ ਸਰਕਾਰ ਦਾ ਥਾਪੜਾ ਹੋਣ ਕਾਰਨ ਅਦਾਲਤਾਂ ਨੇ ਵੀ ਸਿੱਖਾਂ ਦੀ ਕੋਈ ਮਦਦ ਨਾ ਕੀਤੀ।[੧੧] ਕਿਉਂਕਿ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਦਖ਼ਲ ਦੇ ਕੇ ਉਨ੍ਹਾਂ ਨੂੰ ਆਪਣੇ ਅਧੀਨ ਰੱਖਣਾ ਅਤੇ ਆਪਣੇ ਰਾਜ ਦੀ ਮਜ਼ਬੂਤੀ ਲਈ ਵਰਤਣਾ ਹੀ ਅੰਗਰੇਜ਼ ਸਰਕਾਰ ਦੀ ਮੁੱਖ ਨੀਤੀ ਸੀ। ਇਸ ਗੱਲ ਦਾ ਪਤਾ ਪੰਜਾਬ ਦੇ ਲੈਫ਼. ਗਵਰਨਰ ਆਰ. ਈ. ਐਜਰਟਨ ਦੁਆਰਾ ੮ ਅਗਸਤ, ੧੮੮੧ ਨੂੰ ਹਿੰਦ ਦੇ ਵਾਇਸਰਾਇ ਵੱਲ ਲਿਖੀ ਚਿੱਠੀ ਤੋਂ ਲੱਗਦਾ ਹੈ, ਜਿਸ ਵਿਚ ਉਸ ਨੇ ਇਹ ਸੁਝਾਅ ਦਿੱਤਾ ਸੀ ਕਿ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਅੰਗਰੇਜ਼ ਸਰਕਾਰ ਵੱਲੋਂ ਚਾਲੂ ਕੀਤੀ ਪਾਲਿਸੀ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ।[੧੨]

ਇਸ ਲਈ ਜਦੋਂ ਕਾਨੂੰਨ ਨੇ ਵੀ ਕੋਈ ਮਦਦ ਨਾ ਕੀਤੀ ਤਾਂ ਸਿੱਖਾਂ ਕੋਲ ਗੁਰਦੁਆਰਿਆਂ ਉੱਪਰ ਜਬਰੀ ਕਬਜ਼ਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਾ ਰਿਹਾ। ਕਈ ਥਾਂਵਾਂ 'ਤੇ ਸਿੱਖ ਕੁਝ ਗੁਰਦੁਆਰਿਆਂ ਦੇ ਪ੍ਰਬੰਧ ਉੱਪਰ ਕਬਜ਼ਾ ਕਰਨ ਵਿਚ ਸਫਲ ਹੋ ਗਏ। ਪਰ ਸਰਕਾਰ ਨੇ ਸਿਵਲ ਨੋਟੀਫ਼ਿਕੇਸ਼ਨ ਜਾਰੀ ਕਰ ਕੇ ਇਸ ਨੂੰ ਰੱਦ ਕਰ ਦਿੱਤਾ।[੧੩]

ਫਿਰ ਸਿੱਖਾਂ ਨੇ ਆਪਣੇ ਆਪ ਨੂੰ ਲੋਕਲ ਅਕਾਲੀ ਜਥਿਆਂ ਦੇ ਰੂਪ ਵਿਚ ਸੰਗਠਿਤ ਕਰ ਕੇ ਸ਼ਾਂਤਮਈ ਅੰਦੋਲਨ ਨੂੰ ਆਪਣਾ ਹਥਿਆਰ ਬਣਾ ਲਿਆ ਤੇ ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰ ਲਈ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ। ਇਹ ਜਥੇ ਕਿਸੇ ਕੇਂਦਰੀ ਜਥੇਬੰਦੀ ਵਿਚ ਨਾ ਪਰੋਤੇ ਹੋਣ ਕਾਰਨ ਵੱਖ-ਵੱਖ ਇਲਾਕਿਆਂ ਵਿਚ ਵੰਡੇ ਹੋਏ ਸਨ। ਕਿਸੇ ਮਜ਼ਬੂਤ ਕੇਂਦਰ ਦੀ ਅਣਹੋਂਦ ਕਾਰਨ ਇਹ ਆਪਣੇ ਮੁਕਾਮ ਦੀ ਕਾਮਯਾਬੀ ਵਿਚ ਪੂਰਨ ਤੌਰ 'ਤੇ ਸਮਰੱਥ ਨਹੀਂ ਸਨ ਹੋ ਸਕਦੇ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੋਂਦ ਵਿਚ ਆਉਣ ਨਾਲ ਸਿੱਖਾਂ ਦੀ ਖਿੱਲਰੀ ਹੋਈ ਸ਼ਕਤੀ 'ਹੰਨੇ ਹੰਨੇ ਮੀਰੀ' ਇੱਕ ਮੁੱਠ ਹੋ ਕੇ ਮਜ਼ਬੂਤ ਕੇਂਦਰ ਦਾ ਰੂਪ ਧਾਰਨ ਕਰ ਗਈ। ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਸਮੁੱਚੇ ਸਿੱਖ ਪੰਥ ਦੇ ਫ਼ੈਸਲੇ ਸਮਝੇ ਜਾਣ ਲੱਗੇ। ਇਸ ਤਰ੍ਹਾਂ ਮੋਰਚਿਆਂ ਦੀ ਸਰਗਰਮੀ ਹੋਰ ਤੇਜ਼ ਹੋ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਰਚਿਆਂ ਵਿਚ ਪੰਜਵੇਂ ਅਤੇ ਨੌਵੇਂ ਪਾਤਸ਼ਾਹ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਅਕਾਲ ਪੁਰਖ ਦਾ ਭਾਣਾ ਮੰਨਦੇ ਹੋਏ ਹਾਕਮ ਸਰਕਾਰ ਦਾ ਬਿਨਾਂ ਵਿਰੋਧ ਕੀਤੇ ਹਰ ਤਸ਼ੱਦਦ ਸਹਿ ਕੇ, ਸ਼ਹਾਦਤਾਂ ਪਾਉਂਦੇ ਹੋਏ ਗੁਰਦੁਆਰਿਆਂ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲਿਆਉਣ ਦਾ ਸੰਕਲਪ ਲਿਆ ਅਤੇ ਵਿਭਚਾਰੀ ਮਹੰਤਾਂ ਦੇ ਕੁਕਰਮਾਂ ਦੀ ਮੈਲ ਨੂੰ ਆਪਣੇ ਖ਼ੂਨ ਨਾਲ ਧੋ ਕੇ ਮੋਰਚਿਆਂ ਦਾ ਲਾਸਾਨੀ ਇਤਿਹਾਸ ਸਿਰਜਿਆ।

ਇਕ ਅੰਦਾਜ਼ੇ ਅਨੁਸਾਰ ਇਨ੍ਹਾਂ ਮੋਰਚਿਆਂ ਵਿਚ ਦੋ ਹਜ਼ਾਰ ਤੋਂ ਵੱਧ ਸਿੰਘਾਂ ਸਿੰਘਣੀਆਂ ਨੇ ਆਪਣੀਆਂ ਜਾਨਾਂ ਵਾਰੀਆਂ ਅਤੇ ਇਤਨੀ ਹੀ ਗਣਤੀ ਨੇ ਬੀ.ਟੀ. ਦੀਆਂ ਡਾਂਗਾਂ ਦੀ ਮਾਰ ਝੱਲੀ। ਪੰਜਾਹ ਹਜ਼ਾਰ ਤੋਂ ਵੱਧ ਅਕਾਲੀ ਵੀਰਾਂ ਨੇ ਜੇਲ੍ਹਾਂ ਵਿਚ ਕਾਲ ਕੋਠੜੀਆਂ ਦੇ ਤਸੀਹੇ ਬਰਦਾਸ਼ਤ ਕੀਤੇ। ਆਪਣੀਆਂ ਜਾਇਦਾਦਾਂ ਤਬਾਹ ਕਰਵਾਈਆਂ ਅਤੇ ਸੋਲ੍ਹਾਂ ਲੱਖ ਤੋਂ ਵੱਧ ਰਕਮ ਕੌਮ ਨੂੰ ਜੁਰਮਾਨੇ ਵਜੋਂ ਭਰਨੀ ਪਈ।[੧੪]

ਇਨ੍ਹਾਂ ਮੋਰਚਿਆਂ ਦੀ ਕਾਮਯਾਬੀ ਨੇ ਨਾ ਸਿਰਫ਼ ਗੁਰਦੁਆਰਿਆਂ ਨੂੰ ਹੀ ਮਹੰਤਾਂ ਦੇ ਕਬਜ਼ੇ ਤੋਂ ਅਜ਼ਾਦ ਕਰਵਾਇਆ ਸਗੋਂ ਦੇਸ਼ ਦੀ ਅਜ਼ਾਦੀ ਲਈ ਨਵੀਂਆਂ ਪੈੜਾਂ ਉਲੀਕ ਕੇ ਲੋਕਾਂ ਅੰਦਰ ਧਰਮ ਅਤੇ ਦੇਸ਼ ਪਿਆਰ ਲਈ ਮਰ ਮਿਟਣ ਦਾ ਜਜ਼ਬਾ ਪੈਦਾ ਕੀਤਾ। ਇਸੇ ਲਈ ਚਾਬੀਆਂ ਦੇ ਮੋਰਚੇ ਦੀ ਜਿੱਤ 'ਤੇ ਵਧਾਈ ਦਿੰਦਿਆਂ ਮਹਾਤਮਾ ਗਾਂਧੀ ਨੇ ਕਿਹਾ ਸੀ ਇਹ ਦੇਸ਼ ਦੀ ਅਜ਼ਾਦੀ ਲਈ ਪਹਿਲੀ ਫ਼ੈਸਲਾਕੁਨ ਲੜਾਈ ਦੀ ਜਿੱਤ ਹੈ।

ਇੱਥੇ ਅਸੀਂ ਕੁਝ ਇਤਿਹਾਸਿਕ ਮੋਰਚਿਆਂ ਬਾਰੇ ਸੰਖਿਪਤ ਚਰਚਾ ਕਰ ਰਹੇ ਹਾਂ:-

ਗੁਰਦੁਆਰਾ ਚੁਮਾਲਾ ਸਾਹਿਬ ਦਾ ਮੋਰਚਾ: ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨਾਲ ਸੰਬੰਧਿਤ ਇਤਿਹਾਸਿਕ ਗੁਰਦੁਆਰਾ ਚੁਮਾਲਾ ਸਾਹਿਬ, ਲਾਹੌਰ 'ਚ ਸੁਭਾਇਮਾਨ ਹੈ। ਗੁਰਦੁਆਰਾ ਚੁਮਾਲਾ ਸਾਹਿਬ (ਪਾ: ਛੇਵੀਂ) ਲਾਹੌਰ ਦੇ ਮਹੰਤ ਹਰੀ ਸਿੰਘ ਨੇ ਗੁਰਦੁਆਰੇ ਅੰਦਰ ਗੁਰਮਤਿ ਵਿਰੋਧੀ ਮਾਹੌਲ ਸਿਰਜਿਆ ਹੋਇਆ ਸੀ। ਸਰਾਂ ਦੇ ਸਾਰੇ ਕਮਰੇ ਉਸ ਨੇ ਮੀਟ ਵੇਚਣ ਵਾਲੇ ਬੁੱਚੜਾਂ ਨੂੰ ਦਿੱਤੇ ਹੋਏ ਸਨ। ਖਾਲਸਾ ਪ੍ਰਚਾਰਕ ਜਥੇ ਨੇ ਉਸ ਦੀਆਂ ਕਾਰਵਾਈਆਂ ਵਿਰੁੱਧ ੨੧ ਅਗਸਤ, ੧੯੨੦ ਨੂੰ ਇਕ ਮੀਟਿੰਗ ਬੁਲਾਈ। ਮਹੰਤ ਨੇ ਔਰਤਾਂ ਕੋਲੋਂ ਹਮਲਾ ਕਰਵਾ ਕੇ ਮੀਟਿੰਗ ਵਿਚ ਵਿਘਨ ਪਾਇਆ। ੨੨ ਅਗਸਤ ਨੂੰ ਪ੍ਰਸਿੱਧ ਸਿੱਖ ਵਿਦਵਾਨ ਤੇ ਲੇਖਕ ਸ. ਸਰਦੂਲ ਸਿੰਘ ਕਵੀਸ਼ਰ ਅਤੇ ਉਸ ਦੇ ਸਾਥੀਆਂ ਨੇ ਗੁਰਦੁਆਰੇ ਅੰਦਰ ਦੀਵਾਨ ਸਜਾ ਕੇ ਸੰਗਤ ਨੂੰ ਗੁਰਦੁਆਰੇ ਦੇ ਹਾਲਾਤਾਂ ਬਾਰੇ ਦੱਸਿਆ। ੨੨ ਸਤੰਬਰ, ੧੯੨੦ ਨੂੰ ਸਿੱਖਾਂ ਨੇ ਇਕੱਠੇ ਹੋ ਕੇ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ੧੨ ਮੈਂਬਰੀ ਕਮੇਟੀ ਬਣਾ ਦਿੱਤੀ। ਪੰਜਾਬ ਦੇ ਖ਼ੁਫ਼ੀਆ ਮਹਿਕਮੇ ਦੇ ਇਕ ਮੁਖੀ ਅਫ਼ਸਰ ਵੀ.ਡਬਲਯੂ ਸਮਿਥ ਵੱਲੋਂ ੨੨ ਫਰਵਰੀ, ੧੯੨੦ ਨੂੰ ਬਰਤਾਨਵੀ ਸਰਕਾਰ ਵੱਲ ਭੇਜੀ ਇਕ ਰੀਪੋਰਟ ਵਿਚ ਵੀ ਇਸ ਦਾ ਜ਼ਿਕਰ ਹੈ ਕਿ ਸਿੱਖਾਂ ਨੇ ਸਭ ਤੋਂ ਪਹਿਲਾ

ਕਬਜ਼ਾ ਗੁਰਦੁਆਰਾ ਚੁਮਾਲਾ ਸਾਹਿਬ 'ਤੇ ਹੀ ਕੀਤਾ ਸੀ।[੧੫]

ਰਕਾਬਗੰਜ ਦਾ ਮੋਰਚਾ: ਅੰਗਰੇਜ਼ ਸਰਕਾਰ ਨੇ ਵਾਇਸਰਾਇ ਦੀ ਦਿੱਲੀ ਸਥਿਤ ਕੋਠੀ ਦਾ ਰਸਤਾ ਸਿੱਧਾ ਕਰਨ ਲਈ ੧੯੧੪ ਈ. ਨੂੰ ਗੁਰਦੁਆਰਾ ਰਕਾਬਗੰਜ ਦੀ ਕੰਧ ਦਾ ਕੁਝ ਹਿੱਸਾ ਡੇਗ ਦਿੱਤਾ ਜਿਸ 'ਤੇ ਸਿੱਖਾਂ ਅੰਦਰ ਸਰਕਾਰ ਦੇ ਖ਼ਿਲਾਫ਼ ਭਾਰੀ ਰੋਸ ਪੈਦਾ ਹੋਇਆ। ੧੯੧੪ ਈ. ਵਿਚ ਪਹਿਲੀ ਵਿਸ਼ਵ ਜੰਗ ਛਿੜ ਜਾਣ ਕਾਰਨ ਰਕਾਬਗੰਜ ਦੇ ਮੋਰਚੇ ਦੀ ਜਦੋ-ਜਹਿਦ ਮੱਧਮ ਪੈ ਗਈ। ਸਤੰਬਰ, ੧੯੨੦ ਵਿਚ ਸ. ਸਰਦੂਲ ਸਿੰਘ ਕਵੀਸ਼ਰ ਵੱਲੋਂ ਇੱਕ ਸੌ ਸਿੰਘਾਂ ਦਾ ਜਥਾ ਲਿਜਾ ਕੇ ਕੰਧ ਨੂੰ ਮੁੜ ਉਸਾਰ ਦੇਣ ਦੀ ਤਜ਼ਵੀਜ਼ ਉੱਤੇ ਅਨੇਕਾਂ ਸਿੰਘਾਂ ਨੇ ਆਪਣੇ ਨਾਮ ਪੇਸ਼ ਕੀਤੇ ਅਤੇ ਪਹਿਲੀ ਦਸੰਬਰ ੧੯੨੦ ਨੂੰ ਇਸ ਸੌ ਸਿੰਘਾਂ ਦੇ ਜਥੇ ਨੇ ਕੰਧ ਖੜ੍ਹੀ ਕਰਨੀ ਸੀ ਪਰੰਤੂ ਸਰਕਾਰ ਨੇ ਇਸ ਤੋਂ ਪਹਿਲਾਂ ਹੀ ਕੰਧ ਬਣਾ ਦਿੱਤੀ। ਇਸ ਤਰ੍ਹਾਂ ਰਕਾਬਗੰਜ ਦੀ ਕੰਧ ਦਾ ਮੋਰਚਾ ਸਫਲ ਹੋ ਗਿਆ।[੧੬]

ਮੋਰਚਾ ਭਾਈ ਫੇਰੂ: ਭਾਈ ਫੇਰੂ ਜੀ ਦਾ ਗੁਰਦੁਆਰਾ ਪਿੰਡ ਮੀਏਂ ਕੇ ਮੌੜ, ਤਹਿਸੀਲ ਚੂਹਣੀਆਂ, ਜ਼ਿਲ੍ਹਾ ਲਾਹੌਰ ਵਿਚ ਸਥਿਤ ਹੈ। ੨੧ ਦਸੰਬਰ, ੧੯੨੨ ਨੂੰ ਮਹੰਤ ਕਿਸ਼ਨ ਦਾਸ ਨੇ ਚਾਰ ਸੌ ਰੁਪਏ ਮਹੀਨਾ ਲੈਣਾ ਮੰਨ ਕੇ ੨੮ ਦਸੰਬਰ ਨੂੰ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ। ਕੁਝ ਚਿਰ ਬਾਅਦ ਉਹ ਸਮਝੌਤੇ ਤੋਂ ਫਿਰ ਗਿਆ ਅਤੇ ਗੁਰਦੁਆਰੇ ਦੇ ਮੈਨੇਜਰ 'ਤੇ ਮੁਕੱਦਮਾ ਕਰ ਦਿੱਤਾ। ੭ ਦਸੰਬਰ, ੧੯੨੩ ਨੂੰ ਪੁਲਿਸ ਨੇ ਮੈਨੇਜਰ ਤੇ ਦਸ ਹੋਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਲਾਹੌਰ ਨੇ ਗੁਰਦੁਆਰੇ ਦੀ ਜ਼ਮੀਨ ਦਾ ਇੰਤਕਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜ਼ਮੀਨ ਦਾ ਕਬਜ਼ਾ ਲੈਣਾ ਚਾਹਿਆ, ਮਹੰਤ ਨੇ ਪੁਲਿਸ ਦੀ ਮਦਦ ਮੰਗੀ, ਪੁਲਿਸ ਨੇ ੩੪ ਅਕਾਲੀਆਂ ਅਤੇ ਮੁਜਾਰਿਆਂ ਨੂੰ ੨ ਜਨਵਰੀ, ੧੯੨੪ ਨੂੰ ਗ੍ਰਿਫ਼ਤਾਰ ਕਰ ਲਿਆ। ੫ ਜਨਵਰੀ, ੧੯੨੪ ਨੂੰ ਭਾਈ ਫੇਰੂ ਵਿਚ ਮੋਰਚਾ ਲੱਗ ਗਿਆ। ਹਰ ਰੋਜ਼ ੨੫ ਸਿੰਘਾਂ ਦਾ ਜਥਾ ਜਾ ਕੇ ਗ੍ਰਿਫ਼ਤਾਰੀਆਂ ਦਿੰਦਾ ਰਿਹਾ। ਛੇ ਹਜ਼ਾਰ ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ। ੨੦ ਸਤੰਬਰ, ੧੯੨੫ ਨੂੰ ਭਾਈ ਫੇਰੂ ਵਿਚ ਇਕ ਖ਼ੂਨ ਹੋ ਜਾਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਰਚਾ ਬੰਦ ਕਰ ਦਿੱਤਾ। ਗੁਰਦੁਆਰਾ ਕਾਨੂੰਨ ਬਣ ਜਾਣ 'ਤੇ ਜਾਇਦਾਦ ਦਾ ਝਗੜਾ ਮੁੱਕ ਗਿਆ। ਗੁਰਦੁਆਰਾ ਪ੍ਰਬੰਧ ਅਤੇ ਜ਼ਮੀਨ ਦਾ ਕਬਜ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਮਿਲ ਗਿਆ।[੧੭]

ਡਸਕੇ ਦਾ ਮੋਰਚਾ: ਸਿਆਲਕੋਟ ਦੇ ਨਗਰ ਡਸਕਾ ਵਿਚ ਭਾਈ ਵਰਿਆਮ ਸਿੰਘ ਦਾ ਗੁਰਦੁਆਰਾ ਹੈ। ਉੱਥੋਂ ਦੇ ਇੰਤਜ਼ਾਮ ਸਬੰਧੀ ਕੁਝ ਚਿਰ ਤੋਂ ਹਿੰਦੂਆਂ ਅਤੇ ਸਿੱਖਾਂ ਵਿਚ ਝਗੜਾ ਚੱਲਦਾ ਆਉਂਦਾ ਸੀ। ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਕੋਲ ਸੀ ਅਤੇ ਦੁਕਾਨਾਂ ਹਿੰਦੂਆਂ ਕੋਲ ਸਨ। ਸਿੱਖਾਂ ਨੇ ਹਿੰਦੂਆਂ ਤੋਂ ਦੁਕਾਨਾਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ ਪਰ ਉਹ ਅਦਾਲਤੀ ਤਰੀਕੇ ਨਾਲ ਕਾਮਯਾਬ ਨਾ ਹੋ ਸਕੇ। ਇਸ 'ਤੇ ਬਾਬਾ ਖੜਕ ਸਿੰਘ,

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਅਤੇ ੧੭ ਅਗਸਤ, ੧੯੩੧ ਨੂੰ ੨੫ ਸਿੰਘਾਂ ਦਾ ਜਥਾ ਲੈ ਕੇ ਜੇਲ੍ਹ ਚਲੇ ਗਏ। ੪ ਅਕਤੂਬਰ, ੧੯੩੧ ਨੂੰ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਰਨਲ ਇਜਲਾਸ ਸੱਦ ਕੇ ਸਮੂਹ ਮੈਂਬਰਾਂ ਨੂੰ ਗੁਰਦੁਆਰੇ ਦੇ ਸਤਿਕਾਰ ਲਈ ਕੁਰਬਾਨੀਆਂ ਕਰ ਕੇ ਪੰਥ ਦੀ ਅਗਵਾਈ ਕਰਨ ਲਈ ਅਪੀਲ ਕੀਤੀ। ਮਾਸਟਰ ਤਾਰਾ ਸਿੰਘ ਨੇ ਆਪਣੇ ਜਥੇ ਸਮੇਤ ਗ੍ਰਿਫ਼ਤਾਰੀ ਦਿੱਤੀ।[੧੮] ਇਸ ਤੋਂ ਬਾਅਦ ਬਕਾਇਦਾ ਜਥੇ ਜਾਣ ਲੱਗ ਪਏ। ਗੁਰਦੁਆਰੇ ਸਬੰਧੀ ਸਾਲਸੀ ਫ਼ੈਸਲਾ ਹੋਇਆ...। ਇਸ ਫ਼ੈਸਲੇ ਨੂੰ ਸਾਰਿਆਂ ਨੇ ਕਬੂਲ ਕਰ ਲਿਆ ਅਤੇ ਮੋਰਚਾ ਫਤਿਹ ਹੋ ਗਿਆ।

ਕਿਰਪਾਨ ਦੀ ਅਜ਼ਾਦੀ ਦਾ ਮੋਰਚਾ: ਹਿੰਦੁਸਤਾਨ ਦੇ ਅਸਲਾ ਐਕਟ (xi 1878) ਅਨੁਸਾਰ ਬਿਨਾਂ ਲਾਇਸੰਸ ਜਾਂ ਛੋਟ ਦੇ ਕੋਈ ਵੀ ਆਪਣੇ ਪਾਸ ਹਥਿਆਰ ਨਹੀਂ ਸੀ ਰੱਖ ਸਕਦਾ। ਇਸ ਲਈ ਸਿੱਖਾਂ ਦੇ ਕਿਰਪਾਨ ਪਾਉਣ ਉੱਪਰ ਵੀ ਪਾਬੰਦੀ ਲਗਾ ਦਿੱਤੀ ਗਈ। ਸਿੱਖਾਂ ਨੇ ਕਿਰਪਾਨ ਰੱਖਣ ਦੀ ਅਜ਼ਾਦੀ ਲਈ ਮੋਰਚਾ ਸ਼ੁਰੂ ਕਰ ਦਿੱਤਾ। ਹਜ਼ਾਰਾਂ ਸਿੱਖਾਂ ਨੂੰ ਅਸਲਾ ਐਕਟ ਦੀ ਉਲੰਘਣਾ ਕਾਰਨ ਜੇਲ੍ਹ ਭੇਜਿਆ ਗਿਆ। ਕਿਰਪਾਨ ਬਣਾਉਣ ਵਾਲੀਆਂ ਫੈਕਟਰੀਆਂ ਉੱਪਰ ਛਾਪੇ ਮਾਰੇ ਗਏ । ਇਸ ਮੋਰਚੇ ਦੇ ਹੱਕ ਵਿਚ ਪ੍ਰਚਾਰ ਕਰਨ ਲਈ ੧੯੨੨ ਈ. ਵਿਚ 'ਕਿਰਪਾਨ ਬਹਾਦਰ' ਨਾਂ ਦੀ ਸਪਤਾਹਿਕ ਪੱਤ੍ਰਿਕਾ ਜਾਰੀ ਕੀਤੀ ਗਈ ਜਿਸ ਦੇ ਸੰਪਾਦਕ ਸ. ਸੇਵਾ ਸਿੰਘ ਨੇ ਆਪਣੇ ਲੇਖਾਂ ਰਾਹੀਂ ਲੋਕ ਰਾਏ ਕਾਇਮ ਕਰਨ ਵਿਚ ਉਸਾਰੂ ਭੂਮਿਕਾ ਨਿਭਾਈ। ਤਿੰਨ ਫੁੱਟੀ ਕਿਰਪਾਨ ਰੱਖਣ ਕਾਰਨ ਪਕੜੇ ਗਏ ਸਿੱਖਾਂ ਨੂੰ 'ਕਿਰਪਾਨ ਬਹਾਦਰ' ਦਾ ਖ਼ਿਤਾਬ ਦਿੱਤਾ ਜਾਣ ਲੱਗਿਆ। ਸੰਨ ੧੯੨੨ ਵਿਚ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਮਝੌਤਾ ਹੋ ਗਿਆ ਅਤੇ ਕਿਰਪਾਨ ਰੱਖਣ ਉੱਤੇ ਪਾਬੰਦੀ ਖਤਮ ਕਰ ਦਿੱਤੀ ਗਈ। ਇਸ ਨਾਲ ਕਿਰਪਾਨ ਦਾ ਮੋਰਚਾ ਖਤਮ ਹੋ ਗਿਆ।[੧੯]

ਪੰਜਾਬੀ ਸੂਬਾ ਮੋਰਚਾ: ਦੇਸ਼ ਦੀ ਵੰਡ ਤੋਂ ਬਾਅਦ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਦੀ ਗੱਲ ਚੱਲੀ। ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਕਾਇਮੀ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਨਾਂਹ-ਪੱਖੀ ਦੇਖ ਕੇ ਮਾਸਟਰ ਤਾਰਾ ਸਿੰਘ ਵੱਲੋਂ ੧੦ ਮਈ, ੧੯੫੪ ਨੂੰ ਜਥੇ ਸਮੇਤ ਗ੍ਰਿਫ਼ਤਾਰੀ ਦੇ ਕੇ ਪੰਜਾਬੀ ਸੂਬਾ ਮੋਰਚਾ ਅਰੰਭ ਕਰ ਦਿੱਤਾ ਗਿਆ। ਵੱਖ-ਵੱਖ ਉਤਰਾਵਾਂ-ਚੜ੍ਹਾਵਾਂ ਵਿੱਚੋਂ ਗੁਜ਼ਰਦਾ, ਇਤਿਹਾਸਿਕ ਪੈੜਾਂ ਸਿਰਜਦਾ ੧ ਨਵੰਬਰ, ੧੯੬੬ ਨੂੰ ਪੰਜਾਬੀ ਸੂਬਾ ਬਣ ਜਾਣ ਨਾਲ ਇਹ ਮੋਰਚਾ ਫਤਿਹ ਹੋ ਗਿਆ। ਇਸ ਮੋਰਚੇ ਵਿਚ ਸਤਵੰਜਾ ਹਜ਼ਾਰ ਤੋਂ ਵੱਧ ਸਿੱਖਾਂ ਨੇ ਜੇਲ੍ਹਾਂ ਕੱਟੀਆਂ ਅਤੇ ਕੁਝ ਸ਼ਹੀਦ ਵੀ ਹੋਏ।

## ਹਵਾਲੇ ਅਤੇ ਟਿੱਪਣੀਆਂ

੧. ਡਾ. ਰਾਜਿੰਦਰ ਸਿੰਘ (ਸੰਪਾ.), *ਫ਼ਾਰਸੀ-ਪੰਜਾਬੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ,੧੯੯੬, ਸਫ਼ਾ ੬੬੮

੨. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਨੈਸ਼ਨਲ ਬੁੱਕ ਸ਼ਾਪ, ੧੯੯੮, ਸਫਾ ੯੯੯.

੩. %l nvl jl, (sMpw) *nwINdw ivSwl SwÑd swgr,* NX eMplirXl bk ifpw, ne sVk, dhlI, p`Ti 1128

੪. ਮਹਾਨ ਕੋਸ਼, ਉਕਤ

੫. ਐਸ.ਐਸ. (ਜੋਸ਼ੀ) (ਸੰਪਾ.), *ਪੰਜਾਬੀ ਅੰਗਰੇਜ਼ੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੭੪, ਸਫ਼ਾ ੭੩੬

੬. *Oxford Dictionary,* (English to English and English to Hindi), p. 30, 26

੭. ਸ. ਬਖ਼ਸ਼ੀ ਸਿੰਘ ਆਦਿਲ, *ਅਕਾਲੀ ਮੋਰਚਾ ੧੯੮੨,* ਨਵੀਨ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, ੧੯੯੦, ਸਫ਼ਾ ੧੩

੮. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਦੂਜਾ,ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਸਫ਼ਾ ੧੪੬੦

੯. Harbans Singh,(Ed.) *The Encyclopedia of Sikhism,* Punjabi University Patiala, 1997, p. 123

੧੦. Teja Singh, *The Gurdwara Reform Movement and the Sikh Awakening,* Shiromani Gurdwara Parbandhak Committee, Sri Amritsar,1984, p. 61

੧੧. Mohinder Singh, The Akali Movement, National Institute of Panjab Studies, New Delhi, 1997, p.17

੧੨. ਡਾ. ਗੰਡਾ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ੧੯੨੦-੧੯੨੫,* ਐਕਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ, ਵਿੱਲੋਂ ਮਾਰਗ, ਪਟਿਆਲਾ, ੧੯੭੮, ਸਫ਼ਾ ੭

੧੩. Mohinder Singh, opp. p.18

੧੪. ਦੋ ਸ਼ਬਦ ਸ. ਗੁਰਚਰਨ ਸਿੰਘ ਟੌਹੜਾ, ਗਿਆਨੀ ਪ੍ਰਤਾਪ ਸਿੰਘ, *ਗੁਰਦੁਆਰਾ ਸੁਧਾਰ ਅਕਾਲੀ ਲਹਿਰ,* ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ੧੯੭੫, ਸਫ਼ਾ ੮

੧੫. ਡਾ. ਕੁਲਵੰਤ ਸਿੰਘ (ਬਾਜਵਾ), (ਸੰਪਾ.) *ਅਕਾਲੀ ਦਲ ਸੱਚਾ ਸੌਦਾ ਬਾਰ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੦, ਸਫ਼ਾ ੧੦

੧੬. ਡਾ. ਗੰਡਾ ਸਿੰਘ, ਉਕਤ, ਸਫ਼ਾ ੧੦

੧੭. ਸ. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਨਵਯੁਗ ਪਬਲਿਸ਼ਰਜ਼, ਦਿੱਲੀ, ੧੯੭੨, ਸਫ਼ਾ ੩੮੮

੧੮. ਸ. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁ. ਪ੍ਰ. ਕਮੇਟੀ ਦਾ ੫੦ ਸਾਲਾ ਇਤਿਹਾਸ,* ਸਿੱਖ ਇ. ਰੀ. ਬੋਰਡ, ਸ਼੍ਰੋਮਣੀ ਗੁ. ਪ੍ਰ. ਕਮੇਟੀ ਸ੍ਰੀ ਅੰਮ੍ਰਿਤਸਰ, ੧੯੯੮, ਸਫ਼ਾ ੧੦੪

੧੯. *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਪਹਿਲਾ, ਸਫ਼ਾ ੫੦੫


■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੌ ਸਾਲਾ ਸਥਾਪਨਾ ਦਿਵਸ ਦੇ ਪਰਿਪੇਖ ਵਿਚ

*-ਡਾ. ਅਮਰਜੀਤ ਕੌਰ ਇੱਬਣ ਕਲਾਂ**

ਅੱਜ ਤੋਂ ੧੦੦ ਸਾਲ ਪਹਿਲਾਂ ਸਿੱਖਾਂ ਦੀ ਸਰਵ-ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ ਸੀ। ਇਹ ਸਰਵ-ਉੱਚ ਸੰਸਥਾ ਸਿੱਖਾਂ ਨੂੰ ਸੌਖੇ ਹੀ ਨਹੀਂ ਮਿਲ ਗਈ ਸੀ। ਇਸ ਨੂੰ ਬਣਾ ਕੇ ਹੋਂਦ ਵਿਚ ਲਿਆਉਣ ਲਈ ਸਿੱਖਾਂ ਨੂੰ ਬੜੀਆਂ ਘਾਲਣਾਵਾਂ ਘਾਲਣੀਆਂ ਪਈਆਂ, ਸਿਰ ਧੜ ਦੀ ਬਾਜ਼ੀ ਲਾਉਣੀ ਪਈ, ਅਨੇਕਾਂ ਕੁਰਬਾਨੀਆਂ ਦੇਣੀਆਂ ਪਈਆਂ ਫਿਰ ਕਿਤੇ ਜਾ ਕੇ ਸਿੱਖੀ ਸਿਦਕ ਆਪਣਾ ਰੰਗ ਲਿਆਇਆ ਤੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਲਈ, ਸਿੱਖਾਂ ਦੀ ਆਪਣੀ ਨੁਮਾਇੰਦਾਂ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਈ।

ਕੁਦਰਤ ਦਾ ਨਿਯਮ ਹੈ ਕਿ ਹਰ ਕਾਰਜ ਦਾ ਕੋਈ ਕਾਰਨ ਹੁੰਦਾ ਹੈ। ਜਿੰਨਾ ਵੱਡਾ ਕਾਰਜ ਓਨਾ ਵੱਡਾ ਹੀ ਕਾਰਨ ਹੁੰਦਾ ਹੈ। ਸੋ ਇਸ ਮਹਾਨ ਕਾਰਜ ਦੇ ਪਿਛੋਕੜ ਵੱਲ ਝਾਤੀ ਮਾਰਨ ਦੀ ਲੋੜ ਹੈ।

ਸਾਡੇ ਦਸ ਗੁਰੂ ਸਾਹਿਬਾਨ ਨੇ ਇਸ ਧਰਤੀ ਨੂੰ 'ਬੇਗਮਪੁਰਾ' ਬਣਾਉਣ ਦਾ ਸੰਕਲਪ ਲਿਆ ਸੀ। ਉਨ੍ਹਾਂ ਨੇ ਪ੍ਰਾਣੀ ਮਾਤਰ ਦੇ ਦੁਖ ਨਿਵਾਰਨ ਲਈ ਗੁਰਦੁਆਰਾ ਸਾਹਿਬਾਨ ਬਣਾਏ, ਸਰੋਵਰ ਤਿਆਰ ਕਰਵਾਏ, ਸੰਗਤ-ਪੰਗਤ ਬਖਸ਼ੀ ਜਿੱਥੇ ਕੋਈ ਵੀ ਬਿਨਾਂ ਕਿਸੇ ਜਾਤੀ ਭਿੰਨ-ਭੇਦ ਤੋਂ ਥੱਕਿਆ ਟੁੱਟਿਆ ਹੈ ਤਾਂ ਆਰਾਮ ਕਰ ਸਕੇ, ਭੁੱਖਾ ਹੈ ਤਾਂ ਲੰਗਰ ਛਕ ਸਕੇ, ਇਸ਼ਨਾਨ ਕਰ ਸਕੇ, ਗੁਰਬਾਣੀ ਸੁਣ ਸਕੇ, ਸ਼ਬਦ-ਗਾਇਨ ਆਦਿ ਸੁਣ ਕੇ ਪ੍ਰਭੂ ਦੀ ਯਾਦ ਵਿਚ ਜੁੜ ਸਕੇ। ਇਸ ਤਰ੍ਹਾਂ ਉਹ ਮਾਨਸਿਕ ਅਤੇ ਸਰੀਰਿਕ ਤ੍ਰਿਪਤੀ ਉਪਰੰਤ ਸਮਾਜ ਦੀ ਭਲਾਈ ਲਈ ਤਿਆਰ ਰਹਿ ਸਕੇ।

ਅਠਾਰ੍ਹਵੀਂ ਸਦੀ ਵਿਚ ਇਸ ਆਦਰਸ਼ ਦੀ ਪੂਰਤੀ ਲਈ ਸਿੱਖਾਂ ਨੇ ਸਫ਼ਲ ਘਾਲ ਘਾਲੀ। ਪੰਜਾਬ ਦੀ ਧਰਤੀ ਜਿਸ ਨੂੰ ਗੁਰੂ ਸਾਹਿਬ ਨੇ ਬਖ਼ਸ਼ਿਸ਼ਾਂ ਨਾਲ ਨਿਵਾਜਿਆ ਸੀ, '*ਦੇਗੋ ਤੇਗੋ ਫਤਹ ਨੁਸਰਤ ਬੇਦਰੰਗ। ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।*' ਦੇ ਜੈਕਾਰਿਆਂ ਨਾਲ ਗੂੰਜ ਉੱਠੀ। ਪੰਜਾਬ ਵਿਚ ਹੰਕਾਰੀ ਮੁਗ਼ਲ, ਤੇ ਪਠਾਣ-ਬਾਦਸ਼ਾਹ ਖਾਲਸਈ ਜਾਹ-ਓ-ਜਲਾਲ ਦੇ ਸਾਹਮਣੇ ਢਹਿ-

*ਪਿੰਡ ਤੇ ਡਾਕਖਾਨਾ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੯; ਮੋ. +੯੧੯੭੯੦੬-੩੫੧੯੭

ਢੇਰੀ ਹੋ ਗਏ। ਇਸ ਧਰਤੀ ’ਤੇ ਰਾਜ ਕਾਇਮ ਕਰਦਿਆਂ ਸਿੱਖਾਂ ਦੇ ਸਰਦਾਰ ਰਾਜੇ-ਮਹਾਰਾਜੇ ਬਣ ਗਏ। ਜਿਹੜੇ ਰਾਜੇ-ਮਹਾਰਾਜੇ ਬਣ ਗਏ, ਉਹ ਤਖ਼ਤਾਂ ’ਤੇ ਬਿਰਾਜ ਗਏ। ਸਿੱਖ ਸੰਘਰਸ਼ ਸਮੇਂ ਗੁਰਦੁਆਰਾ ਸਾਹਿਬਾਨ ਮਹੰਤਾਂ ਤੇ ਪੁਜਾਰੀਆਂ ਨੇ ਸੰਭਾਲ ਲਏ। ਉਨੀਂਵੀਂ ਸਦੀ ਦੇ ਅੱਧ ਵਿਚ ਹੀ ਸਿੱਖਾਂ ਦੇ ਤਖਤ-ਓ-ਤਾਜ਼ ਖ਼ਤਮ ਹੋ ਗਏ। ਅੰਗਰੇਜ਼ਾਂ ਨੇ ਰਾਜਿਆਂ-ਮਹਾਰਾਜਿਆਂ ਦੀਆਂ ਕਲਗੀਆਂ ਤੇ ਜਿਗ੍ਹੇ ਨੋਚ ਲਏ। ਸਰਦਾਰ ਸਾਹ- ਸਤਹੀਣ ਹੋ ਕੇ ਰਹਿ ਗਏ। ਇਸ ਸਮੇਂ ਕਹਿਰ ਇਹ ਵਰਤਿਆ ਕਿ ਇਸ ਸਮੇਂ ਵਿਚ ਪਵਿੱਤਰ ਗੁਰਦੁਆਰਾ ਸਾਹਿਬਾਨ ਜਿੱਥੇ ਗੁਰੂ ਸਾਹਿਬਾਨ ਨੇ ਗੁਰਬਾਣੀ ਤੇ ਸੰਗਤ ਦੀ ਸਥਾਪਨਾ ਕੀਤੀ ਸੀ ਐਬੀ ਤੇ ਲੋਭੀ ਪੁਜਾਰੀਆਂ ਦੀ ਨਿੱਜੀ ਜਾਇਦਾਦ ਬਣ ਗਏ। ਅੰਗਰੇਜ਼ਾਂ ਨੇ ਆਪਣੇ ਕਨੂੰਨ ਅਧੀਨ ਗੁਰੂ ਦੀ ਸੰਪਤੀ ਨੂੰ ਮਹੰਤਾਂ ਤੇ ਪੁਜਾਰੀਆਂ ਦੀ ਮਲਕੀਅਤ ਕਰਾਰ ਦੇ ਕੇ ਬਲਦੀ ਅੱਗ ਉੱਤੇ ਮਿੱਟੀ ਦਾ ਤੇਲ ਪਾ ਦਿੱਤਾ। ਇਨ੍ਹਾਂ ਪੁਜਾਰੀਆਂ ਦੀਆਂ ਹਿੰਦੂ-ਰਹੁਰੀਤੀਆਂ, ਜਾਤ-ਪਾਤ ਦੀਆਂ ਕਾਨੂੰਨੀ ਕਾਰਵਾਈਆਂ ਸਿਰ ਚੜ ਬੋਲਣ ਲੱਗ ਪਈਆਂ। ਇੱਜ਼ਤ-ਪੱਤ ਦੇ ਰਾਖੇ ਗੁਰਧਾਮ ਅੱਯਾਸ਼ੀ ਦਾ ਅੱਡਾ ਬਣ ਗਏ। ਮਹੰਤ-ਪੁਜਾਰੀ ਹਰ ਤਰ੍ਹਾਂ ਦੀ ਕੁਰਹਿਤ ਕਰਨ ਲੱਗੇ। ਸੁਹਿਰਦ ਸਿੱਖ ਹੱਥਾਂ ਨੂੰ ਦੰਦੀਆਂ ਵੱਢ ਰਹੇ ਸਨ ਪਰ ਬੇਵੱਸ ਸਨ ਕਿਉਂਕਿ ਇਨ੍ਹਾਂ ਲੋਕਾਂ ਨੂੰ ਅੰਗਰੇਜ਼ ਸਰਕਾਰ ਦੀ ਪੂਰੀ ਸ਼ਹਿ ਪ੍ਰਾਪਤ ਸੀ।

ਇਹ ਨੀਚ ਪ੍ਰਵਿਰਤੀ ਵਾਲੇ ਲੋਕ ਸ਼ਰ-ਏ-ਆਮ ਗੁਰੂ ਸਿਧਾਂਤਾਂ ਦੀਆਂ ਧੱਜੀਆਂ ਉਡਾ ਰਹੇ ਸਨ। ਗੁਰੂ-ਸਿਧਾਂਤ ਕਿ *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ* ਦੀ ਧੁਨੀ ਦੇ ਕੇਂਦਰ ਅਕਾਲ ਪੁਰਖ ਦੇ ਸਰੂਪ ਮਨੁੱਖ ਨੂੰ ਕੋਈ ਅਛੂਤ ਕਹੇ, ਇਸ ਗੱਲ ਨਾਲੋਂ ਗੁਰੂ ਸਿਧਾਂਤ ਦੀ ਵੱਡੀ ਨਿਰਾਦਰੀ ਭਲਾ ਕੀ ਹੋ ਸਕਦੀ ਸੀ! ਇਸ ਵਿਰੁੱਧ ਸਿੱਖਾਂ ਦਾ ਰੋਹ ਜਾਗ ਪਿਆ। ੧੨ ਅਕਤੂਬਰ, ੧੯੨੦ ਈ. ਨੂੰ ਅਖੌਤੀ ਅਛੂਤ ਜਾਤੀਆਂ ਵਿੱਚੋਂ ਸਜੇ ਸਿੰਘਾਂ ਨੇ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਭੇਟਾ ਕਰਨ ਲਈ ਖਾਲਸਈ ਚੜ੍ਹਤ ਨਾਲ ਭਾਈ ਮਹਿਤਾਬ ਸਿੰਘ 'ਬੀਰ' ਦੀ ਜਥੇਦਾਰੀ ਹੇਠ ਚਾਲੇ ਪਾਏ। ਜਦੋਂ ਸੰਗਤ ਸ੍ਰੀ ਦਰਬਾਰ ਸਾਹਿਬ ਪਹੁੰਚੀ ਤਾਂ ਪੁਜਾਰੀਆਂ ਨੇ ਪਹਿਲਾਂ ਤਾਂ ਕੜਾਹ ਪ੍ਰਸ਼ਾਦ ਭੇਟਾ ਕਰਨ ਤੋਂ ਨਾਂਹ ਕਰ ਦਿੱਤੀ ਪਰ ਫਿਰ ਸੰਗਤ ਵੇਖ ਕੇ ਉਹ ਘਬਰਾ ਗਏ। ਦੋਹਾਂ ਧਿਰਾਂ ਦੀ ਜ਼ੁਬਾਨੀ ਕਲਾਮੀ ਹੋਈ ਫਿਰ ਤਕਰਾਰ ਪਿੱਛੋਂ ਸਹਿਮੇ ਹੋਏ ਪੁਜਾਰੀਆਂ ਨੇ ਸੰਗਤ ਦੇ ਇਸ ਸੁਝਾਅ ਨੂੰ ਸਵੀਕਾਰ ਕਰ ਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲੈ ਲਿਆ ਜਾਏ ਅਤੇ ਹੁਕਮਨਾਮੇ ਦੀ ਰੋਸ਼ਨੀ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਪ੍ਰਵਾਨ ਜਾਂ ਅਪ੍ਰਵਾਨ ਕੀਤੀ ਜਾਵੇਗੀ। ਫਿਰ ਜਦੋਂ ਹੁਕਮਨਾਮਾ ਲਿਆ ਗਿਆ ਤਾਂ ਉਸ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ

ਪਵਿੱਤਰ ਫ਼ੁਰਮਾਨ ਬਖ਼ਸ਼ਿਸ਼ ਹੋਇਆ :

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੮)*

ਸਾਰੀ ਸੰਗਤ "ਧੰਨ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਧੰਨ ਗੁਰੂ ਰਾਮਦਾਸ ਜੀ" ਦੀਆਂ ਧੁਨਾਂ ਪੁਕਾਰ ਉਠੀ। ਇਸ ਉਪਰੰਤ ਕੜਾਹ ਪ੍ਰਸ਼ਾਦ ਵਰਤਣਾ ਸ਼ੁਰੂ ਹੋ ਗਿਆ। ਇਹ ਖ਼ਬਰ ਮਿਲਦੇ ਹੀ ਪੁਜਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਛੱਡ ਕੇ ਭੱਜ ਗਏ। ਸੰਗਤ ਨੇ ਸ੍ਰੀ ਦਰਬਾਰ ਸਾਹਿਬ ਤੋਂ ਪਰਤ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜਾ ਕੇ ਨਮਸਕਾਰ ਕੀਤੀ। ਮੀਰੀ-ਪੀਰੀ ਦੇ ਦੋਵਾਂ ਸਥਾਨਾਂ ਦੀ ਸੇਵਾ-ਸੰਭਾਲ ਲਈ ਆਰਜ਼ੀ ਤੌਰ 'ਤੇ ਪ੍ਰਬੰਧਕ ਲਗਾਏ ਗਏ। ਭਾਈ ਤੇਜਾ ਸਿੰਘ ਭੁੱਚਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੇ ਫ਼ਰਜ਼ ਨਿਭਾਉਣ ਲਈ ਨਿਯੁਕਤ ਕਰ ਦਿੱਤਾ। ਉਸ ਸਮੇਂ ੧੫ ਨਵੰਬਰ, ੧੯੨੦ ਦਾ ਦਿਨ ਨਿਸ਼ਚਿਤ ਕਰ ਕੇ ਸਮੂਹ ਸਿੱਖ ਸੰਗਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰ ਹੋਣ ਦਾ ਸੱਦਾ ਦਿੱਤਾ ਗਿਆ, ਤਾਂ ਕਿ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਪ੍ਰਤੀਨਿਧਾਂ ਦੀ ਚੋਣ ਕੀਤੀ ਜਾ ਸਕੇ ਅਤੇ ਪ੍ਰਬੰਧ ਦਾ ਸਥਾਈ ਬਾਨ੍ਹਣੂੰ ਬੰਨ੍ਹਿਆ ਜਾ ਸਕੇ। ਇਹ ਪੰਥਕ ਇਕੱਤਰਤਾ ਨਿਸ਼ਚਿਤ ਸਮੇਂ ਤੇ ਸਥਾਨ ਉੱਤੇ ਹੋਈ। ਸਮੂਹ ਸਿੱਖ ਸੰਗਤ ਨੇ ਗੁਰ-ਮਰਯਾਦਾ ਮੁਤਾਬਿਕ ੧੭੫ ਅੰਮ੍ਰਿਤਧਾਰੀ ਤੇ ਰਹਿਤਵਾਨ ਸਿੰਘਾਂ ਦੀ ਪ੍ਰਬੰਧਕ ਕਮੇਟੀ ਚੁਣ ਲਈ ਤੇ ਇਸ ਕਮੇਟੀ ਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਸੰਗਿਆ ਦਿੱਤੀ। ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਪ੍ਰਧਾਨ ਬਣਨ ਦਾ ਮਾਣ ਸ. ਸੁੰਦਰ ਸਿੰਘ ਮਜੀਠੀਆ ਨੂੰ ਪ੍ਰਾਪਤ ਹੋਇਆ। ਉਸ ਸਮੇਂ ਭਵਿੱਖ ਦੇ ਹਾਲਾਤ ਨੂੰ ਮਹਿਸੂਸ ਕਰਦਿਆਂ ਅਗਾਂਹ-ਵਧੂ ਵਿਚਾਰਾਂ ਵਾਲੇ ਸਿੱਖਾਂ ਨੇ ੧੪ ਦਸੰਬਰ, ੧੯੨੦ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੂਜੀ ਇਕੱਤਰਤਾ ਬੁਲਾਈ। ਇਸ ਇਕੱਤਰਤਾ ਦਾ ਮਨੋਰਥ ਇਹ ਸੀ ਕਿ ਰਾਜਸੀ ਅਤੇ ਸਮਾਜਿਕ ਖੇਤਰ ਵਿਚ ਆ ਰਹੇ ਸੰਘਰਸ਼ ਦਾ ਮੁਕਾਬਲਾ ਕਰਨ ਲਈ ਜੁਝਾਰੂ ਸਿੰਘਾਂ ਦੀ ਜਥੇਬੰਦੀ ਕਾਇਮ ਕੀਤੀ ਜਾਵੇ। ਇਸ ਇਕੱਤਰਤਾ ਵਿਚ 'ਸ਼੍ਰੋਮਣੀ ਅਕਾਲੀ ਦਲ' ਦਾ ਮੁੱਢ ਬੰਨ੍ਹਿਆ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣਨ ਦੀ ਵਡਿਆਈ ਸ. ਸਰਮੁਖ ਸਿੰਘ ਝਬਾਲ ਦੇ ਹਿੱਸੇ ਆਈ। ਇਸ ਤਰ੍ਹਾਂ ਇਕ ਮਹੀਨੇ ਦੇ ਅੰਦਰ-ਅੰਦਰ ੧੯੨੦ ਈ. ਵਿਚ ਗੁਰੂ-ਪੰਥ ਦੀਆਂ ਦੋਵੇਂ ਪ੍ਰਮੁੱਖ ਜਥੇਬੰਦੀਆਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਅਤੇ 'ਸ਼੍ਰੋਮਣੀ ਅਕਾਲੀ ਦਲ' ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਲਈ ਅਤੇ ਰਾਜਸੀ ਤੇ ਸਮਾਜੀ

ਪਿੜ ਵਿਚ ਦੋਖੀਆਂ ਨਾਲ ਜੂਝਣ ਲਈ ਕਾਇਮ ਹੋ ਗਈਆਂ।

ਸੰਘਰਸ਼-ਕਾਲ (੧੯੨੦-੧੯੨੫ ਈ.)

ਇਸ ਨਵੀਂ ਸਥਿਤੀ ਵਿਚ ਮਹੰਤਾਂ ਤੇ ਪੁਜਾਰੀਆਂ ਨੇ ਅੰਗਰੇਜ਼ ਸਰਕਾਰ ਤੋਂ ਮਦਦ ਮੰਗੀ। ਮਿਸਟਰ ਕਿੰਗ ਕਮਿਸ਼ਨਰ ਲਾਹੌਰ ਨੇ ਇਕ ਪੱਤਰ ਜਾਰੀ ਕਰ ਕੇ ਮਹੰਤਾਂ ਤੇ ਪੁਜਾਰੀਆਂ ਨੂੰ ਵਿਸ਼ਵਾਸ ਦੁਆਇਆ ਕਿ ਅੰਗਰੇਜ਼ ਸਰਕਾਰ ਉਨ੍ਹਾਂ ਦੇ ਹੱਕ-ਹਕੂਕ ਦੀ ਰਾਖੀ ਕਰਨ ਲਈ ਵਚਨਬੱਧ ਹੈ ਤੇ ਸਰਕਾਰ ਹਰ ਤਰ੍ਹਾਂ ਦੀ ਮਦਦ ਕਰੇਗੀ। ਇਸ ਤਰ੍ਹਾਂ ਗੁਰਦੁਆਰਾ ਸਾਹਿਬਾਨ 'ਤੇ ਕਾਬਜ਼ ਮਹੰਤ ਪੁਜਾਰੀ ਹੋਰ ਭੂਏ ਚੜ੍ਹ ਗਏ। ਉਨ੍ਹਾਂ ਨੇ ਗੁਰਦੁਆਰਾ ਸਾਹਿਬਾਨ ਦੀ ਕਿਲ੍ਹਾ-ਬੰਦੀ ਕਰ ਕੇ ਹਥਿਆਰ ਰੱਖ ਲਏ ਤੇ ਗੁੰਡੇ ਭਰਤੀ ਕਰ ਲਏ। ਉਹ ਬੇਹੱਦ ਅਸ਼ਲੀਲ ਹਰਕਤਾਂ 'ਤੇ ਉਤਰ ਆਏ, ਕਿਉਂਕਿ ਉਹ ਜਾਣਦੇ ਸਨ ਕਿ ਅੰਗਰੇਜ਼ ਸਰਕਾਰ ਉਨ੍ਹਾਂ ਦੀ ਪਿੱਠ 'ਤੇ ਹੈ। ਗੁਰਦੁਆਰਾ ਸਾਹਿਬਾਨ ਵਿਖੇ ਹੁੰਦੀ ਇਹ ਬੇਅਦਬੀ ਸਿੰਘ ਜਰ ਨਾ ਸਕੇ। ਇਸ ਤਰ੍ਹਾਂ ਮਹੰਤ, ਪੁਜਾਰੀ ਤੇ ਸਰਕਾਰ ਇਕ ਪਾਸੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੂਜੇ ਪਾਸੇ ਆਹਮਣੇ-ਸਾਹਮਣੇ ਖੜੇ ਹੋ ਗਏ। ਦੋਵੇਂ ਧਿਰਾਂ ਖ਼ੂਨ ਡੋਲ੍ਹਵੇਂ ਸੰਘਰਸ਼ ਵਿਚ ਨਿੱਤਰ ਆਈਆਂ। ਕਈ ਮੋਰਚੇ ਲੱਗੇ, ਖ਼ੂਨੀ ਸਾਕੇ ਵਰਤੇ, ਸਿੰਘਾਂ 'ਤੇ ਛਵੀਆਂ, ਡਾਂਗਾਂ ਆਦਿ ਵਰ੍ਹੀਆਂ ਜਿਊਂਦੇ ਜੰਡਾਂ ਨਾਲ ਬੰਨ੍ਹ ਕੇ ਸਿੱਖ ਸਾੜੇ ਗਏ ਤੇ ਕਈ ਭੱਠੀਆਂ ਵਿਚ ਝੋਕ ਦਿੱਤੇ ਗਏ। ਗੋਲੀਆਂ ਵਰ੍ਹੀਆਂ ਤੇ ਸ਼ਹੀਦੀਆਂ ਹੋਈਆਂ। ਅੰਦਾਜ਼ਨ ਪੰਜ ਸੌ ਸਿੰਘ ਸ਼ਹੀਦ ਹੋਏ, ਹਜ਼ਾਰਾਂ ਅੰਗਹੀਣ ਹੋ ਕੇ ਨਕਾਰਾ ਹੋਏ, ਤੀਹ ਹਜ਼ਾਰ ਸਿੰਘਾਂ ਨੇ ਕਾਲ-ਕੋਠੜੀਆਂ ਦੀਆਂ ਮੁਸ਼ੱਕਤਾਂ ਝੱਲੀਆਂ, ਪੰਦਰ੍ਹਾਂ ਲੱਖ ਰੁਪਏ ਤੋਂ ਉੱਪਰ ਜ਼ੁਰਮਾਨੇ ਭਰੇ ਅਤੇ ਹਜ਼ਾਰਾਂ ਸਿੱਖਾਂ ਨੂੰ ਸਰਕਾਰੀ ਅਹੁਦਿਆਂ ਤੋਂ ਪ੍ਰਾਪਤ ਕੀਤੀਆਂ ਪੈਨਸ਼ਨਾਂ ਤੋਂ ਹੱਥ ਧੋਣੇ ਪਏ। ਅਖ਼ੀਰ ਸਿੱਖਾਂ ਦਾ ਸਿਦਕ ਰੰਗ ਲਿਆਇਆ ਅਤੇ ਅੰਗਰੇਜ਼ ਸਰਕਾਰ ਨੂੰ ਵਾਰ-ਵਾਰ ਪਿੱਛੇ ਪਰਤਣਾ ਪਿਆ।

੨੧ ਫਰਵਰੀ, ੧੯੨੧ ਨੂੰ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਨੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਉਪਰੰਤ ਗੁਰਦੁਆਰਾ ਜਨਮ ਅਸਥਾਨ ਦੀਆਂ ਚਾਬੀਆਂ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਰੜੇ ਮੈਦਾਨ ਫੜਾਉਣੀਆਂ ਪਈਆਂ। ਦੂਜੀ ਵਾਰੀ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ; ਜੋ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਪਣੇ ਕਬਜ਼ੇ ਵਿਚ ਕੀਤੀਆਂ ਹੋਈਆਂ ਸਨ, ਸਿੱਖਾਂ ਦੇ ਘੋਰ ਸੰਘਰਸ਼ ਪਿੱਛੋਂ ਸਾਰੇ ਸਿੱਖ ਕੈਦੀਆਂ ਨੂੰ ਰਿਹਾਅ ਕਰ ਕੇ ੧੯ ਜਨਵਰੀ, ੧੯੨੨ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਜੇ ਦੀਵਾਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਸੌਂਪਣੀਆਂ ਪਈਆਂ। ਤੀਜੀ ਵਾਰੀ

ਗੁਰੂ ਕੇ ਬਾਗ਼ ਅਤੇ ਗੰਗਸਰ, ਜੈਤੋ ਦੇ ਪ੍ਰਸਿੱਧ ਮੋਰਚਿਆਂ ਵਿਚ ਹਾਰ ਖਾ ਕੇ ਗਵਰਨਰ ਪੰਜਾਬ ਨੇ ੨੧ ਜਨਵਰੀ, ੧੯੨੫ ਈ. ਨੂੰ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਿਤ ਕਰ ਕੇ ਮੰਨਿਆ ਕਿ ਪੰਜਾਬ ਦੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਦਾ ਅਧਿਕਾਰ ਪੰਜਾਬ ਵਿਚ ਵਸਦੇ ਸਿੱਖਾਂ ਵਿਚ ਹੀ ਠੀਕ ਹੈ। ਇਸ ਤਰ੍ਹਾਂ ਅੰਗਰੇਜ਼ ਸਰਕਾਰ ਜਿਸ ਕਨੂੰਨ ਦੀ ਆੜ ਲੈ ਕੇ ਮਹੰਤਾਂ ਤੇ ਪੁਜਾਰੀਆਂ ਦੀ ਪਿੱਠ ਪਲੋਸਦੀ ਸੀ, ਉਸ ਨੂੰ ਆਪ ਹੀ ਨਵੇਂ ਐਕਟ ਰਾਹੀਂ ਕਨੂੰਨ ਬਦਲਣ ਲਈ ਮਜ਼ਬੂਰ ਹੋਣਾ ਪਿਆ।

ਸਿੱਖਾਂ ਦੀ ਸਿਰਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਬਿੱਲ ਨੂੰ ਵਿਚਾਰਨ ਲਈ ੨੭ ਅਪ੍ਰੈਲ, ੧੯੨੫ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਤਰਤਾ ਕੀਤੀ। ਆਪਸੀ ਵਿਚਾਰਾਂ ਕਰਨ ਤੋਂ ਬਾਅਦ ਹੇਠ ਲਿਖੀਆਂ ਤਿੰਨ ਤਰਮੀਮਾਂ ਪੇਸ਼ ਕਰ ਕੇ ਇਸ ਬਿੱਲ ਦੀ ਵਿਰੋਧਤਾ ਨਾ ਕਰਨ ਦਾ ਫ਼ੈਸਲਾ ਕੀਤਾ :

੧. ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਰਹਿਣ।

੨. ਸਿੱਖ ਬੀਬੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਹੋਵੇ।

੩. ਗੁਰਦੁਆਰਿਆਂ ਦੀ ਆਮਦਨ ਧਰਮ ਵਿੱਦਿਆ ਤੇ ਦਾਨ ਲਈ ਖ਼ਰਚ ਹੋਵੇ।

ਇਸ ਤਰ੍ਹਾਂ ਇਹ ਬਿੱਲ ੯ ਜੁਲਾਈ, ੧੯੨੫ ਈ. ਨੂੰ ਪੰਜਾਬ ਕੌਂਸਲ ਵਿਚ ਪੇਸ਼ ਹੋ ਕੇ ਪਾਸ ਹੋਇਆ। ਪੰਜਾਬ ਦੇ ਗਵਰਨਰ ਨੇ ੨੮ ਜੁਲਾਈ, ੧੯੨੫ ਈ. ਨੂੰ ਇਸ ਬਿੱਲ ਦੀ ਪ੍ਰਵਾਨਗੀ ਦੇ ਦਿੱਤੀ ਅਤੇ ਇਹ ਐਕਟ ੧ ਨਵੰਬਰ, ੧੯੨੫ ਈ. ਨੂੰ ਲਾਗੂ ਹੋਇਆ। ਇਨ੍ਹਾਂ ਸੌ ਸਾਲਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਅਤੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਵਿਚ ਸ਼ਾਨਦਾਰ ਅਹਿਮ ਯੋਗਦਾਨ ਪਾਇਆ ਹੈ। ਪੰਥ-ਵਿਰੋਧੀ ਤਾਕਤਾਂ ਤੋਂ ਇਸ ਸੰਸਥਾ ਨੂੰ ਬਚਾਉਣਾ ਸਾਡਾ ਪਰਮ ਧਰਮ ਹੈ। ■

# ਕਿਰਤ ਕਰੋ, ਨਾਮ ਜਪੋ, ਵੰਡ ਛਕੋ

# ਧਰਮ ਪ੍ਰਚਾਰ ਦੀ ਮੋਢੀ ਸੰਸਥਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

*-ਡਾ. ਸਤਿੰਦਰ ਪਾਲ ਸਿੰਘ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦਾ ਮੁੱਢ ਗੁਰਦੁਆਰਾ ਸੁਧਾਰ ਲਹਿਰ ਤੋਂ ਬੱਝਾ। ਇਸ ਸੰਸਥਾ ਦਾ ਮੂਲ ਮਨੋਰਥ ਗੁਰਦੁਆਰਿਆਂ ਦੀ ਸੰਭਾਲ ਤੇ ਪ੍ਰਬੰਧ ਗੁਰ-ਮਰਯਾਦਾ ਅਨੁਸਾਰ ਕਰਨਾ ਸੀ। ਕਿਸੇ ਵੀ ਸੰਸਥਾ ਦੀ ਕਾਮਯਾਬੀ ਉਸ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੇ ਕਿਰਦਾਰ 'ਤੇ ਟਿਕੀ ਹੁੰਦੀ ਹੈ। ਸੰਸਥਾ ਦੇ ਮਨੋਰਥ ਕਿੰਨੇ ਵੀ ਉੱਚੇ ਕਿਉਂ ਨਾ ਹੋਣ, ਜੇ ਉਸ ਦੇ ਆਗੂ ਗੁਣਵਾਨ ਤੇ ਦ੍ਰਿੜ੍ਹ ਸੰਕਲਪ ਵਾਲੇ ਨਾ ਹੋਣ ਤਾਂ ਉਸ ਸੰਸਥਾ ਦਾ ਪਤਨ ਹੁੰਦਿਆਂ ਦੇਰ ਨਹੀਂ ਲੱਗਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੁਨਿਆਦ ਸਿਦਕ ਤੇ ਸਮਰਪਣ ਦੇ ਮਹਾਨ ਸਿੱਖੀ ਆਦਰਸ਼ਾਂ 'ਤੇ ਰੱਖੀ ਗਈ। ਗੁਰੂ-ਘਰਾਂ ਦਾ ਪ੍ਰਬੰਧ ਜਿੰਨੇ ਨਿਘਾਰ 'ਤੇ ਜਾ ਪੁੱਜਿਆ ਸੀ, ਇਹ ਧਾਰਨਾ ਬਣ ਚੁਕੀ ਸੀ ਕਿ ਪ੍ਰਬੰਧ ਲਈ ਸਿੱਖ ਹੀ ਨਹੀਂ, ਸਗੋਂ ਰਹਿਤਵੰਤ ਸਿੱਖ ਚਾਹੀਦੇ ਹਨ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਇਕ ਨੁਮਾਇੰਦਾ ਕਮੇਟੀ ਦੀ ਚੋਣ ਲਈ ੧੫ ਨਵੰਬਰ, ੧੯੨੦ ਈ. ਨੂੰ ਇਕ ਮਹਾਨ ਪੰਥਕ ਇਕੱਠ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਬੁਲਾਇਆ ਗਿਆ। ਇਸ ਵਿਚ ਸ਼ਮੂਲੀਅਤ ਲਈ ਸਾਰੀਆਂ ਸਰਗਰਮ ਸਿੱਖ ਸੰਸਥਾਵਾਂ ਨੂੰ ਆਪਣੇ ਨੁਮਾਇੰਦੇ ਭੇਜਣ ਲਈ ਅਪੀਲ ਕੀਤੀ ਗਈ। ਪੰਥਕ ਇਕੱਠ ਵਿਚ ਸ਼ਾਮਲ ਹੋਣ ਵਾਲੇ ਨੁਮਾਇੰਦੇ ਕੌਣ ਹੋ ਸਕਦੇ ਹਨ, ਇਹ ਵੀ ਪਹਿਲਾਂ ਤੋਂ ਹੀ ਤੈਅ ਕਰ ਦਿੱਤਾ ਗਿਆ। ਇਹ ਪਾਬੰਦੀ ਲਗਾਈ ਗਈ ਕਿ ਨੁਮਾਇੰਦੇ ਅੰਮ੍ਰਿਤਧਾਰੀ ਹੋਣ, ਪੰਜ ਬਾਣੀਆਂ ਦਾ ਨਿੱਤਨੇਮ ਕਰਨ ਵਾਲੇ ਹੋਣ, ਪੰਜ ਕਕਾਰਾਂ ਦੇ ਪੱਕੇ ਧਾਰਨੀ ਹੋਣ, ਅੰਮ੍ਰਿਤ ਵੇਲੇ ਜਾਗਣ ਵਾਲੇ ਹੋਣ ਤੇ ਗੁਰ-ਹੁਕਮ ਅਨੁਸਾਰ ਦਸਵੰਧ ਕੱਢਣ ਵਾਲੇ ਹੋਣ। ਇਹ ਇੱਕ ਅਦੁੱਤੀ ਨਿਰਣਾ ਸੀ। ਅੱਜ ਤਕ ਅਹੁਦੇਦਾਰਾਂ ਦੀ ਯੋਗਤਾ ਬਾਰੇ ਤਾਂ ਭਾਵੇਂ ਸੋਚਿਆ ਜਾਂਦਾ ਰਿਹਾ ਹੋਵੇ, ਪਰ ਅਹੁਦੇਦਾਰਾਂ ਦੀ ਚੋਣ ਕਰਨ ਵਾਲੇ ਨੁਮਾਇੰਦਿਆਂ ਦੀ ਯੋਗਤਾ ਬਾਰੇ ਪਹਿਲੀ ਵਾਰ ਇੰਨੀ ਗਹਿਰਾਈ ਤੇ ਭਾਵਨਾ ਨਾਲ ਸੋਚਿਆ ਗਿਆ ਸੀ। ਇਹ ਸ੍ਰੇਸ਼ਟ ਲੋਕਤੰਤਰ ਦੀ ਸਭ ਤੋਂ ਬੇਹਤਰੀਨ ਮਿਸਾਲ ਸੀ। ਅੱਜ ਆਮ ਤੌਰ 'ਤੇ ਮੁਲਕਾਂ ਦੀਆਂ ਸਰਕਾਰਾਂ ਲੋਕਤੰਤਰ ਪ੍ਰਣਾਲੀ ਨਾਲ ਚੁਣੀਆਂ ਜਾਂਦੀਆਂ ਹਨ ਜੋ ਪੂਰਾ ਦੇਸ਼ ਸੰਭਾਲਦੀਆਂ ਹਨ, ਪਰ ਚੋਣ ਕਰਨ ਵਾਲੇ ਵੋਟਰ ਬਣਨ ਲਈ ਕੋਈ ਖਾਸ ਪੈਮਾਨੇ ਨਹੀਂ ਬਣੇ ਹਨ। ਵੋਟ ਦੇਣ ਨੂੰ ਜਨਮ-ਸਿੱਧ ਹੱਕ ਮੰਨ ਲਿਆ ਗਿਆ ਹੈ। ਸਿੱਖ ਪੰਥ ਆਮ ਧਾਰਾ ਵਿਚ ਰਲਣ ਵਾਲਾ

**#E-1716, Rajajipuram, Lucknow-226017 (U.P.); M. +919415960533, +918417852899*

ਪੰਥ ਕਦੇ ਵੀ ਨਹੀਂ ਰਿਹਾ। ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਸਿੱਖ ਪੰਥ ਨੇ ਆਪਣੀ ਨਿਆਰੀ ਤੇ ਪਾਵਨ ਸੋਚ 'ਤੇ ਪੱਕਾ ਪਹਿਰਾ ਦਿੱਤਾ ਹੈ। ਸਿੱਖਾਂ ਅੰਦਰ ਬਲੀਦਾਨ, ਤਿਆਗ ਦਾ ਜਜ਼ਬਾ ਇੱਸੇ ਸੋਚ ਤੋਂ ਪੈਦਾ ਤੇ ਪ੍ਰਫੁਲਿਤ ਹੁੰਦਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਪਿੱਛੇ ਵੀ ਇਹੋ ਸੰਕਲਪ ਕੰਮ ਕਰ ਰਿਹਾ ਸੀ। ੧੫ ਨਵੰਬਰ ਨੂੰ ਪੰਥਕ ਇਕੱਠ ਵਿਚ ੧੭੫ ਮੈਂਬਰ ਚੁਣੇ ਗਏ। ਇਸ ਤੋਂ ਬਾਅਦ ਵੀ ਚੁਣੇ ਗਏ ਸਿੱਖਾਂ ਦੀ ਰਹਿਤ ਦੀ ਪੜਚੋਲ ਹੋਈ। ਇਸ ਲਈ ਪੰਜ ਪਿਆਰਿਆਂ ਨੂੰ ਜ਼ਿੰਮੇਵਾਰੀ ਸੌਂਪੀ ਗਈ। ਇਹ ਮਹਿਜ਼ ਰਸਮ ਅਦਾਇਗੀ ਨਹੀਂ ਸੀ। ਪੰਜ ਪਿਆਰਿਆਂ ਨੇ ਪੂਰੀ ਗੰਭੀਰਤਾ ਨਾਲ ਆਪਣਾ ਫ਼ਰਜ਼ ਨਿਭਾਇਆ। ਦਿਲਚਸਪ ਗੱਲ ਇਹ ਰਹੀ ਕਿ ਇਨ੍ਹਾਂ ਪੰਜ ਪਿਆਰਿਆਂ ਬਾਰੇ ਵੀ ਸੰਗਤ ਸੁਚੇਤ ਸੀ। ਪੰਜ ਪਿਆਰਿਆਂ ਵਿਚ ਸ਼ਾਮਲ ਪ੍ਰੋ. ਤੇਜਾ ਸਿੰਘ ਬਾਰੇ ਕਿਹਾ ਗਿਆ ਕਿ ਇਹ ਆਪਣੇ ਆਪ ਨੂੰ ਸੰਤ ਅਖਵਾਉਂਦੇ ਹਨ ਤੇ ਮੱਥਾ ਵੀ ਟਿਕਾਉਂਦੇ ਹਨ। ਪ੍ਰੋ. ਤੇਜਾ ਸਿੰਘ ਨੇ ਆਪਣੀ ਗ਼ਲਤੀ ਮੰਨਦਿਆਂ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਐਲਾਨ ਕੀਤਾ ਕਿ ਉਹ ਹੁਣ ਨਾ ਤਾਂ ਆਪਣੇ ਆਪ ਨੂੰ ਸੰਤ ਅਖਵਾਉਣਗੇ ਨਾ ਹੀ ਕਿਸੇ ਕੋਲੋਂ ਮੱਥਾ ਟਿਕਾਉਣਗੇ। ਆਪਣੇ ਆਗੂਆਂ ਦੀ ਰਹਿਤ, ਆਚਾਰ ਤੇ ਸੋਚ ਬਾਰੇ ਇੰਨੀ ਗੰਭੀਰਤਾ ਅੱਜ ਹੈਰਾਨ ਕਰ ਸਕਦੀ ਹੈ ਪਰ ਇਹ ਗੰਭੀਰਤਾ ਹੀ ਸਿੱਖੀ ਦਾ ਸੱਚਾ ਚਿਹਰਾ ਤੇ ਚਰਿੱਤਰ ਸੀ। ਗੁਰਬਾਣੀ ਦਾ ਹੁਕਮ ਹੈ ਕਿ ਤਖਤ ਦਾ ਹੱਕਦਾਰ ਉਹੀ ਹੈ ਜੋ ਤਖਤ ਦੇ ਲਾਇਕ ਹੈ। ਇਹ ਹੁਕਮ ਸਿਰਫ ਕਿਸੇ ਅਹੁਦੇ, ਜ਼ਿੰਮੇਵਾਰੀ ਜਾਂ ਖਾਸ ਸਥਿਤੀ ਲਈ ਨਹੀਂ ਪੂਰੇ ਮਨੁੱਖੀ ਜੀਵਨ ਦਾ ਮਾਰਗ ਹੈ। ਜੀਵਨ ਅੰਦਰ ਗੁਣ ਹਨ, ਨਿਰਮਲ ਸੋਚ ਤੇ ਪਾਵਨ ਆਚਾਰ ਹੈ ਤਾਂ ਹੀ ਗੁਰਸਿੱਖੀ ਹੈ। ਪੂਰੀ ਗੁਰਬਾਣੀ ਨਿਰਮਲ ਜੀਵਨ ਅਵਸਥਾ ਸਿਰਜਣ ਦਾ ਸਿਧਾਂਤ ਹੈ। ਖਾਲਸਾ ਪੰਥ ਦੀ ਸਾਜਨਾ ਕਰਦਿਆਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਸੰਨ ੧੬੯੯ ਈ. ਦੀ ਵੈਸਾਖੀ ਵਾਲੇ ਦਿਨ ਖਾਲਸਾ ਦੇ ਕਕਾਰਾਂ ਦੇ ਨਾਲ ਹੀ ਰਹਿਤ ਦੀ ਵੀ ਗੱਲ ਕੀਤੀ ਸੀ। ਰਹਿਤ ਬਿਨਾਂ ਖਾਲਸਾ ਪੂਰਾ ਨਹੀਂ ਹੁੰਦਾ। ਸਿੱਖ ਦਾ ਪੂਰਾ ਜੀਵਨ, ਪੂਰਾ ਸਮਾਂ, ਦਿਨ-ਰਾਤ, ਹਰ ਪਲ ਦਾ ਆਚਰਣ ਰਹਿਤ ਨਾਲ ਬੰਨ੍ਹਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੀਂਹ ਵੀ ਇਸੇ ਵਿਚਾਰ 'ਤੇ ਰੱਖੀ ਗਈ। ਜਦੋਂ ਨੀਂਹ ਪੱਕੀ ਹੋਵੇ ਤਾਂ ਇਮਾਰਤ ਦੀ ਉਸਾਰੀ ਦੇ ਮਜਬੂਤੀ ਦੀ ਫਿਕਰ ਨਹੀਂ ਕਰਨੀ ਪੈਂਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਾਹ ਵਿਚ ਵੀ ਨਿੱਤ ਵਿਘਨ ਆਉਂਦੇ ਰਹੇ ਪਰ ਟਿਕ ਨਾ ਸਕੇ, ਕਿਉਂਕਿ ਸੋਚ ਵਿਆਪਕ ਤੇ ਉਦਾਰ ਸੀ, ਕਮੇਟੀ ਦੀ ਕਾਰਜ-ਸ਼ੈਲੀ ਵੀ ਇੱਕ ਪ੍ਰਬੰਧਕ ਕਮੇਟੀ ਨਾ ਰਹਿ ਕੇ ਸਿੱਖੀ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਵਾਲੀ ਸੰਸਥਾ ਦੇ ਰੂਪ 'ਚ ਉੱਭਰਦੀ ਗਈ। ਦਰਅਸਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਸਮੇਂ ਦੀ ਲੋੜ ਸੀ। ਸਵਾਲ ਸਿਰਫ਼ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਦਾ ਹੀ

ਨਹੀਂ ਸੀ ਸਿੱਖੀ ਸਿਧਾਂਤਾਂ ਦਾ ਮੂਲ ਸਵਰੂਪ ਕਾਇਮ ਰੱਖਣ ਦਾ ਵੀ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਆਪ ਸ੍ਰੀ ਗੁਰੂ ਅਰਜਨ ਸਾਹਿਬ ਨੇ ਕੀਤੀ ਸੀ ਤੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਰਾਈ ਸੀ। ਇਸ ਕਾਰਨ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖੀ ਦਾ ਕੇਂਦਰ ਬਣ ਕੇ ਉੱਭਰਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੇਂਦਰ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਹੀ ਬਣਿਆ। ਕਿਸੇ ਵੀ ਅਸਥਾਨ ਦਾ ਪ੍ਰਬੰਧ ਕਰਨਾ ਵੱਖਰੀ ਗੱਲ ਹੈ ਤੇ ਧਰਮ ਪ੍ਰਚਾਰ ਵੱਖ ਮਿਸ਼ਨ ਹੈ। ਇਹ ਦੋਵੇਂ ਕੰਮ ਇੱਕੋ ਸੰਸਥਾ ਨਾਲ ਅਗਾਂਹ ਤੋਰਨਾ ਬੜਾ ਕਠਿਨ ਸੀ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਰ ਵਿਖਾਇਆ। ਪ੍ਰਬੰਧ, ਪ੍ਰਬੰਧ ਵਰਗਾ ਨਹੀਂ ਧਾਰਮਿਕ ਮਿਸ਼ਨ ਬਣ ਗਿਆ ਤੇ ਧਰਮ ਪ੍ਰਚਾਰ, ਮਾਤਰ ਪ੍ਰਚਾਰ ਕਾਰਜ ਨਹੀਂ ਧਰਮ ਦੀ ਚੜ੍ਹਦੀ ਕਲਾ ਦਾ ਪ੍ਰਬੰਧ ਬਣ ਗਿਆ। ਗੁਰੂ ਸਾਹਿਬ ਦੇ ਸਮੇਂ 'ਚ ਹੀ ਧਰਮ ਪ੍ਰਚਾਰ ਦੀ ਇੱਕ ਵਿਵਸਥਿਤ ਯੋਜਨਾ ਹੋਂਦ ਵਿਚ ਆਈ ਸੀ। ਮੰਜੀਆਂ ਥਾਪੀਆਂ ਗਾਈਆਂ। ਖਾਸ ਕੇਂਦਰਾਂ 'ਚ ਮਸੰਦ ਲਗਾਏ ਗਏ। ਸਾਰੇ ਕੰਮ ਦੀ ਇੱਕ ਮਰਯਾਦਾ ਸੀ। ਜਦੋਂ ਪਹਿਲੇ ਗੁਰੂ-ਘਰ ਦੇ ਰੂਪ 'ਚ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਬਣਿਆ ਤਾਂ ਇਸ ਦੀ ਵੀ ਮਰਯਾਦਾ ਹੋਂਦ 'ਚ ਆਈ। ਸਾਰੇ ਪ੍ਰਬੰਧ ਤੇ ਮਰਯਾਦਾ ਦਾ ਇੱਕੋ ਮਨੋਰਥ ਸੀ ਕਿ ਗੁਰ-ਸ਼ਬਦ ਦਾ ਸੁਨੇਹਾ ਇੱਕ-ਇੱਕ ਮਨੁੱਖ ਤਕ ਪੁੱਜੇ ਤੇ ਹਰ ਮਨੁੱਖ ਦਾ ਜੀਵਨ ਗੁਰੂ-ਹੁਕਮ ਤੋਂ ਪ੍ਰੇਰਨਾ ਪ੍ਰਾਪਤ ਕਰ ਪਰਮਾਤਮਾ ਦੀ ਸ਼ਰਨ ਤੇ ਕਿਰਪਾ ਯੋਗ ਬਣੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਸੇ ਸੋਚ ਨੂੰ ਧਾਰਨ ਕੀਤਾ। ਸ. ਸੋਹਣ ਸਿੰਘ ਜੋਸ਼ ਨੇ ਆਪਣੀ ਕਿਤਾਬ 'ਅਕਾਲੀ ਮੋਰਚਿਆਂ ਦਾ ਇਤਿਹਾਸ' ਵਿਚ ਲਿਖਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਇਮ ਹੋਣਾ ਇੱਕ ਬਹੁਤ ਹੀ ਵੱਡਾ ਜਥੇਬੰਦਕ ਕਦਮ ਸੀ। ਇਸ ਨੇ ਸਿੱਖਾਂ ਦੀ ਖਿੰਡਰੀ ਹੋਈ ਤਾਕਤ ਨੂੰ ਇਕ ਥਾਂ 'ਤੇ ਇਕੱਠਾ ਤੇ ਮਜ਼ਬੂਤ ਕਰ ਦਿੱਤਾ। ਇਸ ਨਾਲ ਸਾਰਾ ਵਾਵਰੋਲਾ ਵੀ ਖ਼ਤਮ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਪੂਰੇ ਪੰਥ ਦੇ ਫੈਸਲੇ ਮੰਨੇ ਜਾਣ ਲੱਗ ਪਏ ਤੇ ਅਮਲ ਵਿਚ ਆਉਣ ਲੱਗ ਪਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛੇਤੀ ਹੀ ਫੈਸਲੇ ਨਾ ਮੰਨਣ ਵਾਲਿਆਂ ਦੇ ਕੰਨ ਖਿੱਚਣ ਦੀ ਤਾਕਤ ਵੀ ਹਾਸਲ ਕਰ ਲਈ। ਆਮ ਸਿੱਖ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਤਿਕਾਰ ਨਾਲ ਵੇਖਣ ਲੱਗ ਪਏ। ਇਹ ਇਸ ਕਾਰਨ ਸੰਭਵ ਹੋ ਸਕਿਆ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਾਗਡੋਰ ਸਿਦਕੀ ਸਿੱਖਾਂ ਦੇ ਹੱਥ ਸੀ ਤੇ ਧਾਰਮਿਕ ਮਰਯਾਦਾ ਬਣਾਈ ਰੱਖਣਾ ਉਨ੍ਹਾਂ ਦੀ ਪਹਿਲੀ ਤਰਜੀਹ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਾਰਮਿਕ ਭਾਵਨਾ ਨਾਲ ਭਰੀ ਹੋਈ ਸੀ। ਸਿਦਕ ਤੇ ਭਾਵਨਾ ਦਾ ਸਦਾ ਹੀ ਸਮਾਜ ਅੰਦਰ ਸਤਿਕਾਰ ਹੁੰਦਾ ਆਇਆ ਹੈ।

ਅੱਜ ਜਦੋਂ ਵੀ ਸਿੱਖ ਜਗਤ ਸਾਹਮਣੇ ਕੋਈ ਸਵਾਲ ਖੜਾ ਹੁੰਦਾ ਹੈ, ਕੋਈ ਭਰਮ ਜਨਮ ਲੈਂਦਾ ਹੈਂ ਤਾਂ ਆਸ ਭਰੀ ਨਿਗਾਹ ਨਾਲ ਇੱਕੋ ਇੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲ ਹੀ ਵੇਖਿਆ ਜਾਂਦਾ ਹੈ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਹੋਂਦ ਦੇ ਅਰੰਭ ਤੋਂ ਹੀ ਜਿੰਨਾ ਧਿਆਨ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਵੱਲ ਲਾਇਆ ਉਨਾ ਹੀ ਸਿੱਖੀ ਸਿਧਾਂਤਾਂ ਦੇ ਪ੍ਰਚਾਰ 'ਚ ਵੀ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਦੇ ਕੰਪਲੈਕਸ ਵਿਚ ਸ੍ਰੀ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਆਉਂਦਿਆਂ ਹੀ ਪਹਿਲਾ ਅਦਾਰਾ ਵਿਖਾਈ ਦਿੰਦਾ ਹੈ। ਗੁਰਮਤਿ ਸਾਹਿਤ ਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਪਿਤ ਗੁਰਮਤਿ ਲਿਟਰੇਚਰ ਹਾਊਸ ਦਾ। ਇਸ ਦੁਕਾਨ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੁਆਰਾ ਪ੍ਰਕਾਸ਼ਿਤ ਲੱਗਭਗ ਸਾਰੀਆਂ ਕਿਤਾਬਾਂ ਅਤੇ ਭੇਟਾ ਰਹਿਤ ਸਾਹਿਤ ਵੀ ਮਿਲ ਜਾਂਦਾ ਹੈ। ਇਸ ਨੂੰ ਪ੍ਰਬੰਧਕੀ ਸੰਜੋਗ ਕਿਹਾ ਜਾ ਸਕਦਾ ਹੈ ਪਰ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੋਂ ਪਹਿਲਾਂ ਗੁਰਮਤਿ ਅਧਿਐਨ ਦਾ ਅਵਸਰ ਪ੍ਰਾਪਤ ਹੋਣਾ ਇਕ ਸੁਖਦ ਸੰਜੋਗ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ 'ਤੇ ਪੂਰਾ ਧਿਆਨ ਦੇਣ ਲਈ ਵੱਖਰੀ 'ਧਰਮ ਪ੍ਰਚਾਰ ਕਮੇਟੀ' ਬਣਾਈ ਹੈ। ਧਰਮ ਪ੍ਰਚਾਰਕ ਤਿਆਰ ਕੀਤੇ ਜਾ ਰਹੇ ਹਨ। ਧਾਰਮਿਕ ਵਿਸ਼ੇ 'ਤੇ ਕਿਤਾਬਚੇ, ਕਿਤਾਬਾਂ, ਗ੍ਰੰਥ ਆਦਿ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਜੋ ਦੇਸ਼ ਹੀ ਨਹੀਂ ਬਾਹਰਲੇ ਦੇਸ਼ਾਂ ਵਿਚ ਵੀ ਪੁੱਜ ਰਹੇ ਹਨ। ਵੱਡੇ ਤੋਂ ਵੱਡੇ ਲੇਖਕ ਵੀ ਸਿੱਖ ਧਰਮ 'ਤੇ ਕੋਈ ਕਿਤਾਬ ਲਿਖਦੇ ਹਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਖਰੜੇ ਦੀ ਪੜਚੋਲ ਕਰਾ ਲੈਂਦੇ ਹਨ। ਇੱਥੇ 'ਸਿੱਖ ਇਤਿਹਾਸ ਰੀਸਰਚ ਬੋਰਡ' ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਜੋ ਸਿੱਖ ਇਤਿਹਾਸ ਨੂੰ ਪ੍ਰਮਾਣਿਕ ਬਣਾਉਣ ਲਈ ਵਡਮੁੱਲਾ ਯੋਗਦਾਨ ਦੇ ਰਿਹਾ ਹੈ। ਕੋਈ ਲਿਖਤ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਿਤ ਕੀਤੀ ਹੋਵੇ ਜਾਂ ਸਹਿਮਤੀ ਦਿੱਤੀ ਹੋਵੇ ਤਾਂ ਸਿੱਖ ਜਗਤ ਉਸ ਨੂੰ ਬਿਨਾਂ ਕਿਸੇ ਸ਼ੰਕਾ ਦੇ ਪ੍ਰਵਾਨ ਕਰ ਲੈਂਦਾ ਹੈ। ਇਹ ਸਾਖ ਬਣਾਉਣੀ ਬੜਾ ਔਖਾ ਕੰਮ ਸੀ ਤੇ ਸਾਖ ਇੱਕ ਦਿਨ ਵਿਚ ਜਾਂ ਨਿਰੀਆਂ ਗੱਲਾਂ ਨਾਲ ਨਹੀਂ ਬਣਦੀ। ਇਸ ਲਈ ਸਮਰਪਣ, ਮਿਹਨਤ ਤੇ ਇਮਾਨਦਾਰੀ ਦੀ ਲੋੜ ਹੁੰਦੀ ਹੈ। ਭਾਈ ਸੰਤੋਖ ਸਿੰਘ ਨੂੰ 'ਮਹਾਂਕਵੀ' ਦਾ ਦਰਜਾ ਦਿੱਤਾ ਗਿਆ ਹੈ। ਉਨ੍ਹਾਂ ਦੀਆਂ ਰਚਨਾਵਾਂ ਸਿੱਖ ਇਤਿਹਾਸ ਦੇ ਪ੍ਰਵਾਨਿਤ ਸ੍ਰੋਤਾਂ 'ਚ ਖਾਸ ਥਾਂ ਰੱਖਦੀਆਂ ਹਨ। ਸਿੱਖ ਧਰਮ ਦੇ ਪ੍ਰਸਿੱਧ ਵਿਦਵਾਨ ਤੇ ਗੁਰੂ ਸਾਹਿਬਾਨ ਦੇ ਸਮਕਾਲੀ ਭਾਈ ਗੁਰਦਾਸ ਜੀ ਤੋਂ ਬਾਅਦ ਜਿਸ ਕਿਸੇ ਦੀਆਂ ਰਚਨਾਵਾਂ ਦਾ ਗੁਰਮਤਿ ਸਮਾਗਮਾਂ ਤੇ ਸ਼ਬਦ ਵਿਚਾਰ ਵਿਚ ਸਭ ਤੋਂ ਜ਼ਿਆਦਾ ਹਵਾਲਾ ਦਿੱਤਾ ਜਾਂਦਾ ਹੈ ਤਾਂ ਉਹ ਭਾਈ ਸੰਤੋਖ ਸਿੰਘ ਹੀ ਹਨ। ਭਾਈ ਸੰਤੋਖ ਸਿੰਘ ਦਾ 'ਗੁਰ ਪ੍ਰਤਾਪ ਸੂਰਜ ਗ੍ਰੰਥ' ਸਿੱਖ

ਪ੍ਰਚਾਰਕਾਂ ਦਾ ਮਨ ਭਾਵੰਦਾ ਗ੍ਰੰਥ ਹੈ ਜਿਸ ਦੀ ਪਹਿਲੀ ਰਚਨਾ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਹੈ। ਇਹ ਮਹਾਂਕਾਵਿ ਬ੍ਰਜ ਭਾਸ਼ਾ ਵਿਚ ਲਿਖਿਆ ਗਿਆ ਹੈ ਜੋ ਸੰਨ ੧੮੨੩ ਵਿਚ ਸੰਪੂਰਨ ਹੋਇਆ ਸੀ। ਭਾਈ ਸੰਤੋਖ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦਾ ਕਾਲ ਵੇਖਿਆ ਪਰ ਆਪਣੇ ਮਹਾਂਕਾਵਿ ਦਾ ਨਾਇਕ ਗੁਰੂ ਨਾਨਕ ਸਾਹਿਬ ਨੂੰ ਬਣਾਇਆ। ਇਸ ਮਹਾਂਕਵਿ ਨੂੰ ਪੜ੍ਹਨ ਵਾਲੇ ਨੂੰ ਇਵੇਂ ਜਾਪਦਾ ਹੈ ਕਿ ਜਿਵੇਂ ਭਾਈ ਸੰਤੋਖ ਸਿੰਘ ਗੁਰੂ ਸਾਹਿਬ ਦੇ ਜੀਵਨ-ਕਾਲ ਦੀ ਹਰ ਘਟਨਾ ਦੇ ਆਪ ਚਸ਼ਮਦੀਦ ਰਹੇ ਹੋਣ। ਭਾਈ ਜੀ ਨੇ ਪਾਠਕਾਂ ਨੂੰ ਬੰਨ੍ਹਣ ਲਈ ਕਲਪਨਾ ਦਾ ਭਰਪੂਰ ਪ੍ਰਯੋਗ ਕੀਤਾ। ਉਨ੍ਹਾਂ ਕਲਪਨਾ ਦੇ ਸਿਖਰ 'ਤੇ ਉਡਾਰੀ ਮਾਰਦਿਆਂ ਇਹ ਵੀ ਵਰਣਨ ਕਰ ਦਿੱਤਾ ਕਿ ਗੁਰੂ ਸਾਹਿਬ ਦੇ ਵਿਆਹ ਵਿਚ ਕਿਹੜੇ ਕਿਹੜੇ ਪਕਵਾਨ ਬਣੇ ਸਨ? ਕਲਪਨਾ ਦੇ ਸਰੂਰ ਵਿਚ ਭਾਈ ਸਾਹਿਬ ਨੇ ਪੌਰਾਣਿਕ ਕਥਾਵਾਂ ਦੀ ਖੁੱਲ ਕੇ ਵਰਤੋਂ ਕੀਤੀ ਤੇ ਗੁਰੂ ਸਾਹਿਬ ਨੂੰ ਵੀ ਹਿੰਦੂ ਅਵਤਾਰਾਂ ਦੇ ਪ੍ਰਚਲਿਤ ਸਵਰੂਪ ਦੇ ਦਾਇਰੇ ਅੰਦਰ ਲੈ ਆਂਦਾ। ਇਸ ਨਾਲ ਭਾਈ ਜੀ ਦਾ ਮਹਾਂਕਾਵਿ ਇਤਿਹਾਸ ਘੱਟ ਮਿਥਿਹਾਸ ਜ਼ਿਆਦਾ ਬਣ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੜੀ ਹੀ ਦੂਰ-ਅੰਦੇਸ਼ੀ ਨਾਲ ਇਸ ਭਰਮ ਨੂੰ ਤੋੜਨ ਦਾ ਜਤਨ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਪ੍ਰਕਾਸ਼ਿਤ ਕੀਤਾ ਤਾਂ ਨਾਲ ਹੀ ਪਾਠਕਾਂ, ਸਰੋਤਿਆਂ ਨੂੰ ਸੁਚੇਤ ਕਰਨ ਲਈ ਉਸ ਸਾਰੇ ਮਿਥਿਹਾਸ, ਪੌਰਾਣਿਕ, ਬਿਪਰਵਾਦੀ ਘਟਨਾਵਾਂ ਦਾ ਭਰਵਾਂ ਖੰਡਨ ਵੀ ਕੀਤਾ ਜੋ ਗੁਰਸਿੱਖੀ ਦੇ ਸਿਧਾਂਤਾਂ ਦੇ ਵਿਰੁੱਧ ਸਨ। ਇਹ ਬੜਾ ਹੀ ਸ਼ਲਾਘਾ ਯੋਗ ਕਦਮ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਆਖਿਆ ਤੇ ਟਿੱਪਣੀਆਂ ਪੜ੍ਹ ਕੇ ਸਾਫ਼ ਹੋ ਜਾਂਦਾ ਹੈ ਕਿ ਭਾਈ ਸੰਤੋਖ ਸਿੰਘ ਦੀ ਗੱਲ ਕਿਸ ਹੱਦ ਤਕ ਸਵੀਕਾਰਨ ਯੋਗ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਫ਼ ਲਿਖਿਆ ਗਿਆ ਹੈ ਕਿ "ਜਿੱਥੇ ਹਿੰਦੂ-ਮਿਥਿਹਾਸ ਨਾਲ ਸਿੱਖ ਗੁਰੂਆਂ ਨੂੰ ਜੋੜਿਆ ਹੈ ਉੱਥੇ ਭਾਈ ਸੰਤੋਖ ਸਿੰਘ ਟਪਲਾ ਖਾ ਗਏ ਹਨ।" ਪੂਰੇ ਮਹਾਂਕਾਵਿ ਵਿਚ ਫੁੱਟ ਨੋਟ ਦੇ ਕੇ ਭਰਮ ਤੋੜਨ ਤੇ ਗੁਰਮਤਿ ਨਾਲ ਜੋੜਨ ਦਾ ਯਤਨ ਕੀਤਾ ਗਿਆ ਹੈ। ਪਰ ਜਿੱਥੇ ਵੀ 'ਸ੍ਰੀ ਗੁਰੂ ਨਾਨਕ ਪ੍ਰਕਾਸ਼', 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਕਥਾ ਹੁੰਦੀ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸੁਚੇਤ ਕਰਨ ਵਾਲੀਆਂ ਟਿੱਪਣੀਆਂ ਦਾ ਜ਼ਿਕਰ ਭਾਵੇਂ ਆਮ ਤੌਰ 'ਤੇ ਨਹੀਂ ਹੁੰਦਾ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਉਪਰਾਲਾ ਮੂਲ ਸਿੱਖੀ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਦ੍ਰਿੜ੍ਹ ਸਮਰਪਣ ਦੇ ਸੰਕਲਪ ਦਾ ਪ੍ਰਤੀਕ ਹੈ। ਧਰਮ ਦੇ ਸੱਚੇ ਸਵਰੂਪ ਦਾ ਪ੍ਰਚਾਰ, ਪ੍ਰਸਾਰ ਹੋਵੇ ਇਹ ਬਹੁਤ ਜ਼ਰੂਰੀ ਹੁੰਦਾ ਹੈ। ਸਮੇਂ ਦੀਆਂ ਕੁਤਾਹੀਆਂ ਤੇ ਭਰਮ ਭਵਿੱਖ ਦਾ ਸੱਚ ਬਣ ਜਾਂਦੇ ਹਨ। ਕਿਸੇ ਨੂੰ ਤਾਂ ਇਸ ਦੀ ਜ਼ਿੰਮੇਵਾਰੀ ਲੈਣੀ ਪੈਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਾਲਾਂਕਿ

ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਬਣੀ ਸੀ ਪਰ ਸਿੱਖੀ ਭਾਵਨਾਵਾਂ ਦਾ ਪ੍ਰਤੀਕ ਬਣ ਜਾਣ ਕਾਰਨ ਉਸ ਨੇ ਪੂਰੇ ਵਿਸ਼ਵ ਅੰਦਰ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਆਪ ਚੁੱਕ ਲਈ। ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅੰਦਰ ਆਏ ਰੋਜ਼ਾਨਾ ਦੇ ਹੁਕਮਨਾਮੇ ਲਈ ਪੂਰੇ ਸਿੱਖ ਜਗਤ ਦੀ ਜਿਗਿਆਸਾ ਬਣੀ ਰਹਿੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੋਜ਼ਾਨਾ ਦਾ ਹੁਕਮਨਾਮਾ ਵਿਸ਼ਵ ਪੱਧਰ 'ਤੇ ਪ੍ਰਸਾਰਿਤ ਹੀ ਨਹੀਂ ਕਰਦੀ ਸਗੋਂ ਇਸ ਦੇ ਨਾਲ ਸ਼ੁਰੂ ਕੀਤੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਤੋਂ ਹੁਕਮਨਾਮੇ ਦੀ ਕਥਾ-ਵਿਚਾਰ ਪੂਰੀ ਕੌਮ ਨੂੰ ਪ੍ਰੇਰਨ ਦਾ ਕੰਮ ਕਰਦੀ ਹੈ। ਸ੍ਰੀ ਮੰਜੀ ਸਾਹਿਬ ਤੋਂ ਕੀਤੀ ਕਥਾ-ਵਿਚਾਰ ਦਾ ਇੱਕ-ਇੱਕ ਸ਼ਬਦ ਮਾਇਨੇ ਰੱਖਦਾ ਹੈ। ਠੀਕ ਹੈ ਕਿ ਇਹ ਸ੍ਰੀ ਹਰਿਮੰਦਰ ਸਾਹਿਬ ਦੀ ਮਹਤੱਤਾ ਕਾਰਨ ਹੈ ਪਰ ਇਸ ਮਹਤੱਤਾ ਨੂੰ ਬਣਾਈ ਰੱਖਣ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਯੋਗਦਾਨ ਵੀ ਆਪਣੀ ਖਾਸ ਥਾਂ ਰੱਖਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀ ਨਹੀਂ ਕੀਤਾ ਤੇ ਕੀ ਕਰਨਾ ਚਾਹੀਦਾ ਹੈ, ਇਸ ਦੀ ਚਰਚਾ ਅਕਸਰ ਸੁਣਨ 'ਚ ਆਉਂਦੀ ਹੈ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਕਰ ਰਹੀ ਹੈ ਜੇ ਉਸ ਨੂੰ ਜਾਣਨ ਦਾ ਯਤਨ ਕਰੀਏ ਤਾਂ ਇਹ ਚਰਚਾ ਫਿੱਕੀ ਪੈ ਜਾਵੇਗੀ। ਹਰ ਗੱਲ ਦਾ ਪ੍ਰਚਾਰ ਮੁਮਕਿਨ ਨਹੀਂ। ਜ਼ਮੀਨ 'ਤੇ ਬਹੁਤ ਕੁਝ ਵਰਤ ਰਿਹਾ ਹੁੰਦਾ ਹੈ ਜਿਸ ਨੂੰ ਵੇਖਣ ਲਈ ਗਰਦਨ ਨੀਵੀਂ ਕਰਨੀ ਪੈਂਦੀ ਹੈ। ਧਰਮ ਪ੍ਰਚਾਰ ਦੀ ਜ਼ਮੀਨੀ ਹਕੀਕਤ ਨੂੰ ਵੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਝ ਸਾਲ ਪਹਿਲਾਂ ਹਿੰਦੀ ਭਾਸ਼ਾ ਵਿਚ ਇਕ ਮਾਸਿਕ ਮੈਗਜ਼ੀਨ 'ਗੁਰਮਤਿ ਗਿਆਨ' ਛਾਪਣ ਦਾ ਫ਼ੈਸਲਾ ਕੀਤਾ। ਇਸ ਦਾ ਮਕਸਦ ਸੀ ਕਿ ਬਹੁਤ ਸਾਰੇ ਸਿੱਖ ਤੇ ਗ਼ੈਰ ਸਿੱਖ ਜੋ ਪੰਜਾਬੀ ਨਹੀਂ ਪੜ੍ਹ ਸਕਦੇ ਉਹ ਹਿੰਦੀ ਵਿਚ ਗੁਰਮਤਿ ਬਾਰੇ ਗਿਆਨ ਪ੍ਰਾਪਤ ਕਰ ਸਿੱਖੀ ਸਿਧਾਂਤਾਂ ਨੂੰ ਸਮਝ ਸਕਣ। 'ਗੁਰਮਤਿ ਗਿਆਨ' ਦੇ ਸ਼ੁਰੂਆਤੀ ਦੌਰ ਵਿਚ ਇਨ੍ਹਾਂ ਪੰਕਤੀਆਂ ਦੇ ਲੇਖਕ ਦੇ ਲੇਖਾਂ ਦੀ ਇਕ ਲੜੀ "ਗੁਰਸਿੱਖੀ ਬਰੀਕ ਹੈ" ਸਿਰਲੇਖ ਹੇਠ ਪ੍ਰਕਾਸ਼ਿਤ ਹੋਈ ਸੀ। ਪਾਠਕਾਂ ਨੂੰ ਇਹ ਲੜੀ ਬਹੁਤ ਪਸੰਦ ਆਈ, ਇਹ ਮਹੱਤਵਪੂਰਨ ਨਹੀਂ ਹੈ, ਮਹੱਤਵਪੂਰਨ ਇਹ ਹੈ ਕਿ ਇਸ ਲੜੀ ਦੇ ਸਿਲਸਿਲੇਵਾਰ ਲੇਖਾਂ ਤੋਂ ਪ੍ਰਭਾਵਿਤ ਹੋ ਕੇ ਜੈਪੁਰ ਦੀ ਇੱਕ ਸਿੱਖ ਵਿਦਵਾਨ ਤੇ ਲੇਖਕ ਨੇ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦਾ ਫ਼ੈਸਲਾ ਕੀਤਾ। ਇਹ ਗੱਲ ਜਾਣਕਾਰੀ 'ਚ ਨਾ ਆਉਂਦੀ ਜੇ ਉਨ੍ਹਾਂ ਨੇ 'ਗੁਰਮਤਿ ਗਿਆਨ' ਦੇ ਸੰਪਾਦਕ ਸਾਹਿਬ ਨੂੰ ਆਪ ਚਿੱਠੀ ਲਿੱਖ ਕੇ ਇਹ ਨਾ ਦੱਸਿਆ ਹੁੰਦਾ ਤੇ ਉਹ ਚਿੱਠੀ 'ਗੁਰਮਤਿ ਗਿਆਨ' ਵਿਚ ਛਾਪੀ ਨਾ ਗਈ ਹੁੰਦੀ। ਕਿੰਨੇ ਹੀ ਸਿੱਖ, ਗੈਰ-ਸਿੱਖ 'ਗੁਰਮਤਿ ਗਿਆਨ' ਦੇ ਪਾਠਕ ਹਨ। ਕਿੰਨੇ ਹੀ ਲੋਕ 'ਗੁਰਮਤਿ ਗਿਆਨ' ਰਾਹੀਂ ਸਿੱਖੀ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਰਹੇ ਹਨ ਇਸ ਬਾਰੇ ਕੋਈ ਬਾਕਾਇਦਾ ਅਧਿਐਨ

ਨਹੀਂ ਹੈ, ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਧਾਰਮਿਕ ਸਾਹਿਤ ਤੇ ਪ੍ਰਚਾਰ ਦੇ ਖੇਤਰ ਵਿਚ ਪੰਜਾਬੀ 'ਚ ਪ੍ਰਕਾਸ਼ਿਤ ਹੋਣ ਵਾਲੇ 'ਗੁਰਮਤਿ ਪ੍ਰਕਾਸ਼' ਦਾ ਕੋਈ ਜੋੜ ਹੀ ਨਹੀਂ ਵਿਖਾਈ ਦਿੰਦਾ। 'ਗੁਰਮਤਿ ਪ੍ਰਕਾਸ਼' ਨੇ ਧਾਰਮਿਕ ਲੇਖਨ 'ਚ ਜੋ ਮਿਆਰ ਬਣਾਇਆ ਹੈ ਉਸ ਦੇ ਆਲੇ-ਦੁਆਲੇ ਵੀ ਕੋਈ ਨਜ਼ਰ ਨਹੀਂ ਆਉਂਦਾ। ਇਹ ਇਕ ਸਦਾ ਲਈ ਸਾਂਭ ਕੇ ਰੱਖਣ ਯੋਗ ਰਸਾਲਾ ਹੈ। ਇਸ ਦੇ ਸਾਲਾਂ ਪੁਰਾਣੇ ਅੰਕਾਂ 'ਚ ਪ੍ਰਕਾਸ਼ਿਤ ਲੇਖ ਦੂਜਿਆਂ ਮੈਗਜ਼ੀਨਾਂ ਵਿਚ ਅਕਸਰ ਪੜ੍ਹਨ ਨੂੰ ਮਿਲ ਜਾਂਦੇ ਹਨ। 'ਗੁਰਮਤਿ ਪ੍ਰਕਾਸ਼' ਨੇ ਕੁਝ ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਖ-ਵੱਖ ਪੱਖਾਂ 'ਤੇ 'ਵਿਸ਼ੇਸ਼ ਅੰਕ' ਸਿਲਸਿਲੇਵਾਰ ਪ੍ਰਕਾਸ਼ਿਤ ਕੀਤੇ ਸਨ। ਇਨ੍ਹਾਂ ਅੰਕਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਦੁਰਲੱਭ ਤੇ ਅਨਮੋਲ ਜਾਣਕਾਰੀ ਇੱਕ ਥਾਂ 'ਤੇ ਇਕੱਤਰ ਮਿਲਦੀ ਹੈ। 'ਗੁਰਮਤਿ ਪ੍ਰਕਾਸ਼' ਦੇ ਪੁਰਾਣੇ ਅੰਕਾਂ ਦੇ ਚੋਣਵੇਂ ਲੇਖਾਂ ਦਾ ਸੰਗ੍ਰਹਿ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ ਜੋ ਇਸ ਖੇਤਰ 'ਚ ਕੰਮ ਕਰ ਰਹੇ ਪ੍ਰਮੁੱਖ ਲੋਕਾਂ ਦੀ ਆਪਣੀ ਜ਼ਿੰਮੇਵਾਰੀ ਪ੍ਰਤੀ ਗੰਭੀਰਤਾ ਦਰਸਾਉਂਦਾ ਹੈ। ਇਹ ਗੰਭੀਰਤਾ ਤਾਂ ਪੂਰਨ ਪ੍ਰਭਾਵਕਾਰੀ ਹੋ ਸਕਦੀ ਹੈ ਜਦੋਂ ਸਾਰਾ ਸਿੱਖ ਜਗਤ ਆਪਣੀ ਜ਼ਿੰਮੇਵਾਰੀ ਸਮਝੇ। ਧਰਮ ਪ੍ਰਚਾਰ ਦਾ ਇਹ ਜਜ਼ਬਾ ਕਿਵੇਂ ਕਾਮਯਾਬ ਹੋਵੇਗਾ, ਜੇ ਅਸੀਂ ਗੁਰਮਤਿ ਸਾਹਿਤ ਪੜ੍ਹੀਏ ਹੀ ਨਹੀਂ! ਹਰ ਗੁਰਸਿੱਖ ਦੇ ਘਰ ਅੰਦਰ 'ਗੁਰਮਤਿ ਪ੍ਰਕਾਸ਼' ਜਾਂ 'ਗੁਰਮਤਿ ਗਿਆਨ' ਆਉਂਦਾ ਹੋਵੇ ਤਾਂ ਤਨੋਂ-ਮਨੋਂ ਸਮਰਪਿਤ ਧਰਮ ਪ੍ਰਚਾਰਕਾਂ ਦਾ ਹੌਂਸਲਾ ਵਧਦਾ ਹੈ ਤੇ ਕੁਝ ਹੋਰ ਸ੍ਰੇਸ਼ਟ ਕਰਨ ਦੀ ਭਾਵਨਾ ਜਨਮ ਲੈਂਦੀ ਹੈ। ਘਰ ਅੰਦਰ ਇਹ ਪਤ੍ਰਿਕਾਵਾਂ ਆਉਣ ਵੀ ਤੇ ਪੜ੍ਹੀਆਂ ਵੀ ਜਾਣ। ਗੁਰਮਤਿ ਕਥਾ-ਵਿਚਾਰ ਕਿੰਨੇ ਹੀ ਪੱਧਰ ਦੀ ਹੋਵੇ, ਜੇ ਸੁਣੀ ਨਾ ਜਾਵੇ ਤਾਂ ਕੀ ਲਾਭ! ਧਰਮ ਪੱਤ੍ਰਿਕਾਵਾਂ ਅੰਦਰ ਕਿੰਨੀਆਂ ਹੀ ਸ੍ਰੇਸ਼ਟ ਰਚਨਾਵਾਂ ਹੋਣ, ਜੇ ਪੜ੍ਹੀਆਂ, ਸਮਝੀਆਂ ਹੀ ਨਾ ਜਾਣ ਤਾਂ ਉਨ੍ਹਾਂ ਦਾ ਕੀ ਮੋਲ!

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਰਮ ਪ੍ਰਚਾਰ ਭਵਿੱਖ ਦੀ ਸਿੱਖ ਕੌਮ ਤਿਆਰ ਕਰਨ 'ਚ ਸਭ ਤੋਂ ਅਹਿਮ ਯੋਗਦਾਨ ਕਰ ਰਿਹਾ ਹੈ। ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਸਿੱਖੀ ਸਿਧਾਂਤਾਂ, ਪਰੰਪਰਾਵਾਂ ਬਾਰੇ ਕਿਸੇ ਵੀ ਭਰਮ ਤੋਂ ਮੁਕਤ ਹੋਣਗੀਆਂ। ਗੁਰੂ-ਘਰ ਦੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਯਾਦਾ ਦੀ ਪਾਲਣਾ ਲਈ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅਜਿਹੀ ਮਿਸਾਲ ਬਣ ਚੁਕਿਆ ਹੈ ਜਿਸ 'ਤੇ ਕੋਈ ਸ਼ੰਕਾ ਜਾਂ ਸਵਾਲ ਖੜਾ ਨਹੀਂ ਕੀਤਾ ਜਾ ਸਕਦਾ। ਅੱਜ ਵੀ ਜੇ ਕਿਤੇ ਦੁਰਵਰਤੋਂ ਹੋ ਰਹੀ ਹੋਵੇ ਤਾਂ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਦੀ ਨਜੀਰ (ਮਿਸਾਲ) ਦਿੱਤੀ ਜਾਂਦੀ ਹੈ ਜੋ ਸਭ ਨੂੰ ਸਵਿਕਾਰ ਹੁੰਦੀ ਹੈ। ਸੰਸਾਰ ਦੇ ਸਾਰੇ ਧਰਮਾਂ ਅੰਦਰ ਕੋਈ ਨਾ ਕੋਈ ਅਜਿਹੀ ਸੱਤਾ ਹੈ ਜਿਸ ਦਾ ਨਿਰਣਾ ਸਾਰਿਆਂ ਲਈ ਪ੍ਰਵਾਨ ਹੁੰਦਾ ਹੈ। ਸਿੱਖ ਪੰਥ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਨੂੰ ਇਹ ਮਾਣ ਪ੍ਰਾਪਤ ਹੈ ਜੋ ਲੋਕਤਾਂਤਰਿਕ ਢੰਗ ਨਾਲ ਚੁਣੀ ਸੰਸਥਾ ਹੈ, ਕੋਈ ਵਿਅਕਤੀ ਨਹੀਂ। ਇਸ ਦਾ ਧਰਮ ਪ੍ਰਚਾਰ ਦਾ ਢੰਗ ਵੀ ਸਰਵ-ਪੱਖੀ ਹੈ। ਰਾਗੀ ਸਿੰਘ, ਪ੍ਰਚਾਰਕ, ਧਾਰਮਿਕ ਸਾਹਿਤ, ਅੰਮ੍ਰਿਤ-ਸੰਚਾਰ ਆਦਿਕ ਇਸ ਪ੍ਰਚਾਰ ਮੁਹਿੰਮ ਦੇ ਖਾਸ ਥੰਮ ਹਨ। ਅੰਮ੍ਰਿਤ-ਸੰਚਾਰ ਸਮਾਗਮ ਲਗਾਤਾਰ ਪੂਰੇ ਦੇਸ਼ 'ਚ ਚੱਲਦੇ ਰਹਿੰਦੇ ਹਨ ਤੇ ਇਨ੍ਹਾਂ ਸਮਾਗਮਾਂ ਦੀ ਬਾਕਾਇਦਾ ਰਿਪੋਰਟ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਦੋ ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਚਲਾਇਆ ਜਾ ਰਿਹਾ ਹੈ। ਇਹ ਕੋਰਸ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਤਿੰਨ ਭਾਸ਼ਾਵਾਂ ਵਿਚ ਕਰਵਾਇਆ ਜਾਂਦਾ ਹੈ ਜਿਸ ਦੀ ਫੀਸ ਨਾ-ਮਾਤਰ ਹੈ ਪਰ ਪੂਰਾ ਲਾਹੇਵੰਦ ਹੈ। ਇਸ ਦਾ ਸਿਲੇਬਸ ਪੂਰੇ ਸੋਚ ਵਿਚਾਰ ਤੇ ਖੋਜ ਤੋਂ ਬਾਅਦ ਤਿਆਰ ਕੀਤਾ ਗਿਆ ਹੈ ਜੋ ਸਿੱਖ ਇਤਿਹਾਸ ਤੇ ਫ਼ਲਸਫ਼ੇ ਦਾ ਪ੍ਰਮਾਣਿਕ ਗਿਆਨ ਦੇਣ ਵਾਲਾ ਹੈ। ਇਹ ਕੋਰਸ ਹਰ ਉਮਰ ਸਿੱਖ ਲਈ ਯੋਗ ਹੈ। ਧਰਮ ਪ੍ਰਤੀ ਵਿਸ਼ਵਾਸ ਦੇ ਨਾਲ ਹੀ ਧਰਮ ਦੇ ਸਿਧਾਂਤਾਂ ਦਾ ਗਿਆਨ ਵੀ ਹੋਵੇ ਤਾਂ ਵਿਸ਼ਵਾਸ ਅਡੋਲ ਹੋ ਜਾਂਦਾ ਹੈ ਤੇ ਭਾਵਨਾ ਦ੍ਰਿੜ੍ਹ ਹੁੰਦੀ ਹੈ। ਕਿਸੇ ਸਿੱਖ ਲਈ ਨਿੱਜੀ ਤੌਰ 'ਤੇ ਧਰਮ ਦੀ ਜਾਣਕਾਰੀ ਇਕੱਤਰ ਕਰਨਾ ਮੁਸ਼ਕਿਲ ਕੰਮ ਹੈ। ਇਹ ਕੰਮ ਪੱਤਰ-ਵਿਹਾਰ ਕੋਰਸ ਨੇ ਸੌਖਾ ਕਰ ਦਿੱਤਾ ਹੈ। ਜਿਵੇਂ ਹਰ ਸਿੱਖ ਲਈ ਅੰਮ੍ਰਿਤ-ਪਾਨ ਕਰਨਾ ਲਾਜ਼ਮੀ ਮੰਨਿਆ ਗਿਆ ਹੈ ਉਵੇਂ ਹੀ ਇਸ ਕੋਰਸ ਨੂੰ ਵੀ ਸਿੱਖੀ ਦੇ ਮਾਰਗ 'ਤੇ ਚੱਲਣ ਦੀ ਮੁਢਲੀ ਲੋੜ ਵਜੋਂ ਵੇਖਿਆ ਜਾਏ ਤਾਂ ਪੰਥ ਦੀ ਚੜ੍ਹਦੀ ਕਲਾ ਨਵੀਆਂ ਉਚਾਈਆਂ ਛੂਹ ਸਕਦੀ ਹੈ।

ਗੁਰੂ ਸਾਹਿਬਾਨ ਨੇ ਸਿੱਖ ਪੰਥ ਨੂੰ 'ਸ਼ਬਦ' ਨਾਲ ਜੋੜਿਆ ਸੀ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਜਿਸ ਕੌਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਧੀਨਤਾ ਸਵੀਕਾਰ ਕੀਤੀ ਹੋਵੇ ਉਸ ਕੌਮ ਦੀ ਉਸਾਰੀ ਤਾਂ ਪੂਰਨ ਸਮਰਪਿਤ ਤੇ ਪਰਮ ਵਿਦਵਾਨ ਕੌਮ ਦੇ ਰੂਪ 'ਚ ਹੋਣੀ ਚਾਹੀਦੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਰਮ ਪ੍ਰਚਾਰ ਇਸ ਦਿਸ਼ਾ ਵੱਲ ਹੀ ਲਿਜਾਣ ਵਾਲਾ ਹੈ। ਪਰ ਲੋੜ ਹੈ ਕਿ ਸਿੱਖ ਇਸ ਮੁਹਿੰਮ ਦੀ ਅਹਿਮੀਅਤ ਸਮਝਣ। ਜੇ ਕਿਸੇ ਸਿੱਖ ਦੇ ਘਰ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਰਮ ਪ੍ਰਚਾਰ ਸਾਹਿਤ ਹੀ ਹੋਵੇ ਤਾਂ ਉਹ ਲੋੜੀਂਦੀ ਹਰ ਜਾਣਕਾਰੀ ਨਾਲ ਭਰਪੂਰ ਹੋ ਜਾਵੇਗਾ। ਧਰਮ ਪ੍ਰਚਾਰ ਕਮੇਟੀ ਦੁਆਰਾ ਪ੍ਰਕਾਸ਼ਿਤ ਇਕ ਕਿਤਾਬ ਹੈ, 'ਸਿੱਖ ਫੇਥ'। ਇਸ ਦੇ ਲੇਖਕ ਡਾ. ਗੁਰਬਖਸ਼ ਸਿੰਘ ਹਨ। ਕਿਤਾਬ ਵਿਚ ਸਵਾਲ-ਜਵਾਬ ਦੇ ਰੂਪ ਵਿਚ ਉਹ ਸਾਰੀ ਜਾਣਕਾਰੀ ਮਿਲ ਜਾਂਦੀ ਹੈ ਜਿਸ ਬਾਰੇ ਅਕਸਰ ਇਕ ਸਿੱਖ ਦੇ ਮਨ ਵਿਚ ਸਵਾਲ ਉੱਠਦੇ ਰਹਿੰਦੇ ਹਨ। ਇਹ ਕਿਤਾਬ ਤਾਂ ਹਰ ਸਿੱਖ ਨੂੰ ਪੜ੍ਹਨੀ ਚਾਹੀਦੀ ਹੈ। ਦਿਲਚਸਪ ਗੱਲ ਹੈ ਕਿ ਇਹ

ਕਿਤਾਬ ਭੇਟਾ-ਰਹਿਤ ਹੈ ਤੇ ਬਿਨਾਂ ਕੋਈ ਮੁੱਲ ਅਦਾ ਕੀਤਿਆਂ ਪ੍ਰਾਪਤ ਕੀਤੀ ਜਾ ਸਕਦੀ ਹੈ। ਅਜਿਹੀਆਂ ਬਹੁਤ ਸਾਰੀਆਂ ਕਿਤਾਬਾਂ ਹਨ ਜੋ ਆਮ ਸਿੱਖ ਲਈ ਤੇ ਸਿੱਖ ਧਰਮ 'ਤੇ ਖੋਜ ਕਰਨ ਵਾਲਿਆਂ ਲਈ ਵੀ ਲਾਭਦਾਇਕ ਹਨ। ਸਭ ਤੋਂ ਜ਼ਿਆਦਾ ਸਵਾਲ ਇਕ ਸਿੱਖ ਦੇ ਮਨ ਵਿਚ ਰਹਿਤ ਮਰਯਾਦਾ ਨੂੰ ਲੈ ਕੇ ਹੁੰਦੇ ਹਨ। ਆਮ ਸਿੱਖ ਦਾ ਇਸ ਬਾਰੇ ਬਹੁਤ ਅਲਪ-ਗਿਆਨ ਹੈ ਕਿ ਰਹਿਤ ਮਰਯਾਦਾ ਕੀ ਹੈ ਤੇ ਕਿਸ ਨੇ ਤਿਆਰ ਕੀਤੀ। ਬਹੁਤ ਸਾਰੇ ਪੁਰਾਤਨ ਰਹਿਤਨਾਮੇ ਮਿਲਦੇ ਹਨ, ਜਿਨ੍ਹਾਂ ਵਿਚ ਵੱਖ-ਵੱਖ ਰਹਿਤਾਂ ਦਾ ਵਰਣਨ ਮਿਲਦਾ ਹੈ। ਰਹਿਤਾਂ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਖਾਸ ਹਵਾਲਾ ਦਿੱਤਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ 'ਸਿੱਖ ਰਹਿਤ ਮਰਯਾਦਾ' ਤਿਆਰ ਕਰ ਸਭ ਤੋਂ ਮਹਾਨ ਕਾਰਜ ਕੀਤਾ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਰਹੁ ਰੀਤੀ ਸਬ ਕਮੇਟੀ ਬਣਾਈ ਸੀ ਜਿਸ ਵਿਚ ੧੭ ਮੈਂਬਰ ਸਨ। ਇਸ ਸਬ-ਕਮੇਟੀ ਨੇ ਸੰਨ ੧੯੩੨ ਈ. ਵਿਚ ਇੱਕ ਖਰੜਾ ਤਿਆਰ ਕੀਤਾ ਜਿਸ 'ਤੇ ਪੂਰੇ ਪੰਥ ਨੇ ਵਿਆਪਕ ਵਿਚਾਰ ਕੀਤਾ। ਵੱਖ-ਵੱਖ ਵਿਦਵਾਨਾਂ, ਸੰਸਥਾਵਾਂ ਦੀ ਰਾਏ ਲਈ ਗਈ। ਲੰਮੇ ਵਿਚਾਰ-ਵਟਾਂਦਰੇ ਤੋਂ ਬਾਅਦ ਸੰਨ ੧੯੩੬ ਵਿਚ ਸਰਬ-ਸੰਮਤੀ ਨਾਲ ਸਿੱਖ ਰਹਿਤ ਮਰਯਾਦਾ ਹੋਂਦ 'ਚ ਆਈ। ਸੰਨ ੧੯੪੫ ਵਿਚ ਇਸ ਵਿਚ ਵਾਧੇ-ਘਾਟੇ ਕੀਤੇ ਗਏ। ਗੁਰਮਤਿ ਅਨੁਸਾਰ ਇੱਕ ਸਿੱਖ ਦੀ ਰਹਿਣੀ, ਬਹਿਣੀ ਕੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਸਾਹਿਬ ਦਾ ਸਤਿਕਾਰ ਕੀ ਹੈ, ਸਿੱਖ ਦੇ ਜੀਵਨ, ਮਰਨ ਦੇ ਸੰਸਕਾਰ ਕੀ ਹਨ, ਨਿੱਤਨੇਮ, ਸਾਧਾਰਣ ਪਾਠ, ਅਖੰਡ ਪਾਠ, ਕਥਾ, ਕੀਰਤਨ ਆਦਿਕ ਮਰਯਾਦਾਵਾਂ ਵੀ ਇਸ ਵਿਚ ਸ਼ਾਮਲ ਹਨ। 'ਸਿੱਖ ਰਹਿਤ ਮਰਯਾਦਾ' ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਹੁਤ ਹੀ ਮਹੱਤਵਪੂਰਨ ਤੇ ਸਤਿਕਾਰਤ ਦੇਣ ਹੈ। ਇਹ ਰਹਿਤ ਮਰਯਾਦਾ ਕਿਤਾਬਚੇ ਦੇ ਰੂਪ ਵਿਚ ਛਾਪੀ ਗਈ ਹੈ ਜੋ ਬਿਨਾਂ ਭੇਟਾ ਲਈ ਜਾ ਸਕਦੀ ਹੈ।

ਸਿੱਖ ਪੰਥ ਅੰਦਰ ਕੋਈ ਹੋਰ ਸੰਸਥਾ ਨਹੀਂ ਜਿਸ ਨੇ ਧਰਮ ਪ੍ਰਚਾਰ ਲਈ ਇੰਨੇ ਵੱਡੇ ਪੱਧਰ 'ਤੇ ਬਹੁਪੱਖੀ ਉਪਰਾਲੇ ਕੀਤੇ ਹੋਣ। ਇਹ ਮੁਹਿਮ ਦਿਨੋਂ ਦਿਨ ਤੇਜ਼ ਹੁੰਦੀ ਜਾ ਰਹੀ ਹੈ। ਹਰ ਸਿੱਖ ਦਾ ਫ਼ਰਜ਼ ਹੈ ਕਿ ਇਸ ਮੁਹਿੰਮ ਵਿਚ ਇਮਾਨਦਾਰੀ ਨਾਲ ਆਪਣਾ ਹਿੱਸਾ ਪਾਵੇ। ਜੇ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਸ ਰੱਖਦੇ ਹਾਂ ਤਾਂ ਆਪਣੇ ਆਪ ਨੂੰ ਉਸ ਨਾਲ ਜੋੜਨਾ ਵੀ ਤਾਂ ਪਵੇਗਾ। ■

# ਜਾਤ-ਪਾਤ ਦੇ ਵਿਤਕਰੇ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਤਿਹਾਸਿਕ ਦੇਣ

*-ਸ. ਤਲਵਿੰਦਰ ਸਿੰਘ ਬੁੱਟਰ ਕਲਾਂ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਵੇਲੇ ਸਿੱਖ ਧਰਮ ਦੀ ਨੀਂਹ ਰੱਖੀ ਸੀ ਤਾਂ ਉਸ ਵੇਲੇ ਸਮਾਜ ਅਤੇ ਧਰਮ ਜਾਤ-ਪਾਤ ਦੇ ਵਿਤਕਰਿਆਂ ਵਿਚ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ। ਜਾਤ-ਵਰਨ ਦੇ ਵੰਡ-ਵਿਤਕਰਿਆਂ ਵਾਲੇ ਸਮਾਜ 'ਚ ਅਖੌਤੀ ਨੀਚ ਜਾਤ ਆਖੇ ਜਾਣ ਵਾਲੇ ਲੋਕਾਂ ਕੋਲੋਂ ਉਨ੍ਹਾਂ ਦੇ ਸਾਰੇ ਮਨੁੱਖੀ ਹਕੂਕ ਅਤੇ ਧਰਮ-ਕਰਮ ਦੇ ਅਧਿਕਾਰ ਖੋਹ ਲਏ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਦਾ ਖੰਡਨ ਕੀਤਾ ਅਤੇ ਹਰੇਕ ਮਨੁੱਖ ਨੂੰ ਇਕ ਪਰਮਾਤਮਾ ਦੀ ਜੋਤ ਜਾਣ ਕੇ ਮਨੁੱਖੀ ਭਾਈਚਾਰੇ ਨੂੰ ਆਪਸੀ ਸਦਭਾਵਨਾ ਅਤੇ ਪਿਆਰ ਦਾ ਸੁਨੇਹਾ ਦਿੱਤਾ। ਗੁਰੂ ਸਾਹਿਬ ਨੇ ਬੁਲੰਦ ਅਵਾਜ਼ ਵਿਚ ਫੁਰਮਾਇਆ:

*ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੯)*

ਗੁਰੂ ਸਾਹਿਬ ਨੇ ਜਾਤ ਨਾਲੋਂ ਮਨੁੱਖ ਦੇ ਕਰਮਾਂ ਦੀ ਪ੍ਰਧਾਨਤਾ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਰੱਬ ਦੀ ਦਰਗਾਹ 'ਚ ਕਿਸੇ ਦੀ ਉੱਚੀ-ਨੀਵੀਂ ਜਾਤ ਨਹੀਂ ਦੇਖੀ ਜਾਂਦੀ, ਉੱਥੇ ਸਿਰਫ਼ ਮਨੁੱਖ ਦੇ ਕੀਤੇ ਭਲੇ ਕਰਮਾਂ ਨੂੰ ਹੀ ਆਦਰ ਮਿਲਦਾ ਹੈ :

*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥*
*ਜਿਨ੍ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੯)*

ਜਾਤ ਅਭਿਮਾਨ ਕਰਨ ਵਾਲਿਆਂ ਨੂੰ ਗੁਰੂ ਸਾਹਿਬ ਨੇ ਇਸ ਤਰ੍ਹਾਂ ਨਕਾਰਿਆ:

*ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੮੩)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਨੀਵੀਂ ਜਾਤ 'ਚੋਂ ਸਮਝੇ ਜਾਂਦੇ ਡੂੰਮ ਭਾਈ ਮਰਦਾਨਾ ਜੀ ਨੂੰ ਆਪਣੇ ਸਫਰਾਂ ਦਾ ਸਾਥੀ ਬਣਾਇਆ ਅਤੇ ਸਾਰੀ ਰੱਬੀ ਬਾਣੀ ਦਾ ਉਚਾਰਨ ਅਤੇ ਗਾਇਨ ਭਾਈ ਮਰਦਾਨਾ ਜੀ ਦੀ ਰਬਾਬ ਨਾਲ ਕੀਤਾ। ਗੁਰੂ ਸਾਹਿਬ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਉੱਚ ਜਾਤ ਦੇ ਅਭਿਮਾਨੀ ਮਲਿਕ ਭਾਗੋ ਨੂੰ ਨਕਾਰ ਕੇ ਇਕ ਕਿਰਤੀ ਤਰਖਾਣ ਭਾਈ ਲਾਲੋ ਜੀ ਦੇ ਘਰ ਪੜਾਅ ਕੀਤਾ ਅਤੇ ਸਮਾਜ 'ਚ ਕਿਰਤੀ ਵਰਗ ਨੂੰ ਸਨਮਾਨ ਦਿੱਤਾ :

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*

*#ਸ਼ਹੀਦ ਬਾਬਾ ਦੀਪ ਸਿੰਘ ਜੀ ਕਲੋਨੀ, ਸ੍ਰੀ ਦਸਮੇਸ਼ ਅਕੈਡਮੀ ਰੋਡ, ਸ੍ਰੀ ਅਨੰਦਪੁਰ ਸਾਹਿਬ। ਮੋ. +੯੧੯੮੭੮੦੭੦੦੦੮

*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫)*

ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਜਾਤ-ਪਾਤ ਦੇ ਫ਼ਰਕ-ਭੇਦ ਨੂੰ ਸਿਧਾਂਤਕ ਤੌਰ 'ਤੇ ਰੱਦ ਕੀਤਾ ਅਤੇ ਜਾਤ-ਪਾਤ ਦਾ ਮਾਣ ਕਰਨ ਵਾਲੇ ਮਨੁੱਖ ਨੂੰ ਗਵਾਰ ਕਰਾਰ ਦਿੱਤਾ :

*ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥੧॥*
*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੭)*

ਇਕ ਵਾਰ ਭੱਲਾ ਖੱਤਰੀ ਬਿਰਾਦਰੀ ਦੇ ਦੋ ਦੌਲਤਮੰਦ ਵਿਅਕਤੀ ਪ੍ਰਿਥੀਮੱਲ ਅਤੇ ਤੁਲਸਾ ਸ੍ਰੀ ਗੁਰੂ ਅਮਰਦਾਸ ਜੀ ਕੋਲ ਆਏ ਅਤੇ ਕਹਿਣ ਲੱਗੇ, "ਤੁਹਾਡੀ ਸਾਡੀ ਜਾਤ ਇੱਕੋ ਹੈ।" ਗੁਰੂ ਜੀ ਬੋਲੇ, "ਸੰਤਾਂ ਦੀ ਕੋਈ ਜਾਤ ਪਾਤ ਨਹੀਂ ਹੁੰਦੀ। ਹਰ ਮਨੁੱਖ ਦੀ ਦੇਹ ਪੰਜ ਤੱਤਾਂ ਦੀ ਬਣੀ ਹੋਈ ਹੈ। ਜੀਵ ਪ੍ਰਮੇਸ਼ਰ ਦੀ ਜਾਤ ਹੈ।" ਜਾਤ-ਪਾਤ ਦਾ ਪਾੜਾ ਖ਼ਤਮ ਕਰਨ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿਚ ਅੰਤਰਜਾਤੀ ਵਿਆਹ ਦੀ ਰੀਤ ਵੀ ਅਰੰਭ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਵਿੱਚੋਂ ਜਾਤ-ਪਾਤ ਦਾ ਫ਼ਰਕ ਮਿਟਾਉਣ ਲਈ ਸਰੋਵਰ ਬਣਵਾਏ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਾਜਨਾ ਕਰ ਕੇ ਚਾਰੇ ਵਰਨਾਂ ਅਤੇ ਚਾਰੇ ਦਿਸ਼ਾਵਾਂ ਦੇ ਲੋਕਾਂ ਨੂੰ ਗੁਰੂ-ਘਰ ਵਿਚ ਬਰਾਬਰ ਪਿਆਰ ਬਖ਼ਸ਼ਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਜਾਤ-ਪਾਤ ਦੇ ਫ਼ਰਕ ਨੂੰ ਮਿਟਾਉਣ ਲਈ ਗੁਰਸਿੱਖਾਂ ਵਿਚ ਬਿਨਾਂ ਜਾਤ-ਪਾਤ ਵਿਚਾਰੇ ਵਿਆਹ ਕਰਵਾਏ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਚਹੁੰ ਵਰਨਾਂ ਦੇ ਲੋਕਾਂ ਨੂੰ ਇੱਕ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ। ਜਾਤ-ਪਾਤ ਭਿੰਨ-ਭੇਦ ਮਿਟਾ ਦਿੱਤਾ। ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਅੱਜ ਤੋਂ ਤੁਸੀਂ *ਸਤਿਗੁਰ ਕੈ ਜਨਮੇ ਗਵਨੁ ਮਿਟਾਇਆ* ਹੈ ਅਤੇ ਪਿਛਲੀ ਕੁਲ਼, ਵੰਸ਼, ਜਾਤ, ਦੇਸ਼ ਅਤੇ ਕਰਮ ਦਾ ਖ਼ਿਆਲ ਤਕ ਤਿਆਗ਼ ਦੇਣਾ ਹੈ। ਜਿਹੜਾ ਸਿੱਖ, ਸਿੱਖ ਨੂੰ ਉਸ ਦੀ ਜਾਤ ਪੁੱਛੇਗਾ, ਸੋ ਤਨਖ਼ਾਹੀਆ ਹੋਵੇਗਾ। ਉਹ ਗੁਰੂ ਦੀ ਪ੍ਰਸੰਨਤਾ ਹਾਸਲ ਨਹੀਂ ਕਰ ਸਕਦਾ।

ਜ਼ਾਹਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸ ਜਾਮਿਆਂ ਵਿਚ ਗੁਰੂ ਸਾਹਿਬਾਨ ਨੇ ੨੩੯ ਸਾਲ ਦੇ ਸਿੱਖ ਇਨਕਲਾਬ ਦੇ

ਵਿਕਾਸ, ਵਿਗਾਸ ਅਤੇ ਮੁਕੰਮਲਤਾ ਦੌਰਾਨ ਸਿੱਖ ਸਮਾਜ ਅੰਦਰੋਂ ਜਾਤ, ਵਰਨ, ਕੁਲ, ਰੰਗ, ਅਮੀਰੀ-ਗ਼ਰੀਬੀ ਦੇ ਭਿੰਨ-ਭੇਦ ਨੂੰ ਮੂਲੋਂ ਹੀ ਖ਼ਤਮ ਕਰ ਦਿੱਤਾ ਸੀ। ਸਦੀਆਂ ਤੋਂ ਮਨੂੰਵਾਦੀ ਵਰਨ-ਵੰਡ ਪ੍ਰਣਾਲੀ ਦੁਆਰਾ ਸਮਾਜ 'ਚ ਨਪੀੜ ਅਤੇ ਲਿਤਾੜ ਕੇ ਰੱਖੇ ਨਿਥਾਵੇਂ, ਨਿਆਸਰੇ ਲੋਕ ਵੱਡੀ ਗਿਣਤੀ 'ਚ ਸਿੰਘ ਸਜ ਕੇ ਸਵੈਮਾਣ ਦੀ ਜ਼ਿੰਦਗੀ ਜਿਊਣ ਲੱਗੇ।

ਅਕਾਲੀ ਫੂਲਾ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਉਪਰੰਤ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਅਤੇ ਬਾਅਦ ਵਿਚ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਉਨ੍ਹਾਂ ਮਹੰਤਾਂ ਕੋਲ ਚਲੀ ਗਈ, ਜਿਨ੍ਹਾਂ ਵਿਚ ਬ੍ਰਾਹਮਣੀ ਕਰਮ-ਕਾਂਡਾਂ ਅਤੇ ਰੀਤੀ-ਰਿਵਾਜ਼ਾਂ ਦਾ ਬੋਲਬਾਲਾ ਸੀ। ਅੰਗਰੇਜ਼ਾਂ ਨੇ ਵੀ ਸਿੱਖਾਂ ਦੀ ਪੰਥਕ ਏਕਤਾ ਨੂੰ ਖੇਰੂੰ-ਖੇਰੂੰ ਕਰਨ ਦੇ ਮਕਸਦ ਲਈ ਇਨ੍ਹਾਂ ਮਹੰਤਾਂ ਨੂੰ ਥਾਪੜਾ ਦਿੱਤਾ ਅਤੇ 'ਜਾਤ-ਪਾਤ' ਨੂੰ ਉਤਸ਼ਾਹਿਤ ਕਰਨ ਵਿਚ ਲੁਕਵੀਂ ਭੂਮਿਕਾ ਨਿਭਾਈ। ਇਸ ਦੌਰਾਨ ਜਿੱਥੇ ਗੁਰਦੁਆਰਾ ਸਾਹਿਬਾਨ ਅੰਦਰ ਮੂਰਤੀਆਂ ਸਥਾਪਿਤ ਹੋਣ ਲੱਗੀਆਂ, ਉੱਥੇ ਜਾਤ-ਪਾਤ ਦਾ ਵਿਤਕਰਾ ਵੀ ਕੀਤਾ ਜਾਣ ਲੱਗਾ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਤੇ ਕਾਬਜ਼ ਪੁਜਾਰੀਆਂ ਨੇ ਸਿੱਖਾਂ ਦਾ ਜਾਤ-ਪਾਤ ਵਿਚ ਵਰਗੀਕਰਨ ਕਰ ਕੇ ਕਥਿਤ ਤੌਰ 'ਤੇ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਕੜਾਹ ਪ੍ਰਸ਼ਾਦ ਕਬੂਲ ਕਰਨਾ ਬੰਦ ਕਰ ਦਿੱਤਾ। ਵੀਹਵੀਂ ਸਦੀ ਦੀ ਸ਼ੁਰੂਆਤ ਦੌਰਾਨ ਸਿੰਘ ਸਭਾ ਲਹਿਰ, ਅਕਾਲੀ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ।

ਸਿੰਘ ਸਭਾ ਲਹਿਰ ਰਾਹੀਂ ਗੁਰਮਤਿ ਦਾ ਪ੍ਰਚਾਰ ਹੋਣ 'ਤੇ ਸਿੱਖਾਂ ਤੇ ਹਿੰਦੂਆਂ ਦੇ ਨਾਲ ਹੀ ਮੁਸਲਮਾਨ ਤੇ ਇਸਾਈ ਵੀ ਕਾਫ਼ੀ ਹੱਦ ਤਕ ਪ੍ਰਭਾਵਿਤ ਹੋਏ। ਬਾਬੂ ਤੇਜਾ ਸਿੰਘ ਜੀ ਸੇਵਕ ਪੰਚ-ਖ਼ਾਲਸਾ ਦੀਵਾਨ ਪੰਚ-ਖੰਡ (ਭਸੌੜ) ਰਿਆਸਤ ਪਟਿਆਲਾ ਦੇ ਯਤਨਾਂ ਨਾਲ ਸੰਨ ੧੯੦੩ ਵਿਚ ੧੪ ਜੂਨ ਦੇ ਦਿਨ ਪਿੰਡ ਬਕਾਪੁਰ, ਜ਼ਿਲ੍ਹਾ ਜਲੰਧਰ ਦਾ ਇਕ ਮੁਸਲਮਾਨ ਪਰਵਾਰ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਇਸ ਪਰਵਾਰ ਦਾ ਮੋਢੀ ਮੌਲਵੀ ਕਰੀਮ ਬਖ਼ਸ਼ ਅੰਮ੍ਰਿਤ ਛਕ ਕੇ ਸੰਤ ਲਖਬੀਰ ਸਿੰਘ ਅਤੇ ਉਨ੍ਹਾਂ ਦਾ ਪੁੱਤਰ ਰੁਕਨਦੀਨ ਭਾਈ ਮਹਿਤਾਬ ਸਿੰਘ ਬੀਰ ਵਜੋਂ ਪੰਥ ਵਿਚ ਸਿੱਖੀ ਦੇ ਪ੍ਰਚਾਰ ਲਈ ਆਪਣੇ ਸੁਹਿਰਦ ਯੋਗਦਾਨ ਕਰਕੇ ਪ੍ਰਸਿੱਧ ਹੋਏ।

ਭਾਈ ਮਹਿਤਾਬ ਸਿੰਘ ਬੀਰ ਨੇ ਇਕ 'ਖ਼ਾਲਸਾ ਬਰਾਦਰੀ ਕਾਰਜ ਸਾਧਕ ਦਲ' ਬਣਾਇਆ, ਜਿਸ ਦੇ ਉਹ ਮੁਖੀ ਸਨ। ਉਨ੍ਹਾਂ ਨੇ ਗੁਰਦੁਆਰਾ ਸੁਧਾਰ ਦੇ ਪੁਨੀਤ ਕਾਰਜ ਨੂੰ ਮੁੱਖ ਰੱਖ ਕੇ ੧੦ ਤੋਂ ੧੨ ਅਕਤੂਬਰ, ੧੯੨੦ ਈ. ਨੂੰ 'ਖ਼ਾਲਸਾ ਬਿਰਾਦਰੀ' ਜਥੇਬੰਦੀ ਦੇ ਨਾਂਅ ਹੇਠਾਂ ਸ੍ਰੀ ਅੰਮ੍ਰਿਤਸਰ ਵਿਖੇ ਜਲਿਆਂਵਾਲਾ ਬਾਗ਼ 'ਚ

ਕਥਿਤ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਇਕ ਵੱਡਾ ਇਕੱਠ ਬੁਲਾਇਆ। ਇਕੱਠ ਦੇ ਪਹਿਲੇ ਦਿਨ ਕੋਈ ਵੀ ਸਿੱਖ ਆਗੂ ਸ਼ਾਮਲ ਨਾ ਹੋਇਆ, ਸਗੋਂ ਉਨ੍ਹਾਂ ਨੂੰ ਲੰਗਰ ਵਾਸਤੇ ਭਾਂਡੇ ਵੀ ਨਾ ਦਿੱਤੇ ਗਏ। ਦੂਜੇ ਦਿਨ ਸੁੰਦਰ ਸਿੰਘ ਮਜੀਠੀਆ, ਜਥੇਦਾਰ ਕਰਤਾਰ ਸਿੰਘ ਝੱਬਰ, ਜਥੇਦਾਰ ਤੇਜਾ ਸਿੰਘ ਭੁੱਚਰ, ਮੰਗਲ ਸਿੰਘ ਮਾਨ ਅਤੇ ਬਹਾਦਰ ਸਿੰਘ ਹਕੀਮ ਵਗੈਰਾ ਦੀਵਾਨ 'ਚ ਹਾਜ਼ਰ ਹੋਏ।

ਨਿਰਧਾਰਿਤ ਪ੍ਰੋਗਰਾਮ ਅਨੁਸਾਰ ਪਹਿਲੇ ਦੋ ਦਿਨ ਜਾਤ-ਪਾਤ ਦੇ ਪੈਦਾ ਹੋਏ ਵਿਤਕਰੇ ਨੂੰ ਮਿਟਾਉਣ ਸਬੰਧੀ ਗੁਰਮਤਿ ਪਰਿਪੇਖ ਵਿਚ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦ੍ਰਿੜ੍ਹ ਕਰਵਾਉਣ ਲਈ ਵਿਚਾਰ-ਵਟਾਂਦਰਾ ਹੋਇਆ। ਇਸੇ ਤਰ੍ਹਾਂ ਦੂਜੇ ਦਿਨ, ੧੧ ਅਕਤੂਬਰ ਨੂੰ ਰਾਤ ਵੇਲੇ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਕਥਿਤ ਪੱਛੜੀਆਂ ਜਾਤਾਂ ਦੇ ਸਿੱਖ ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦ ਲੈ ਕੇ ਜਾਣਗੇ। ਉਨ੍ਹਾਂ ਦੇ ਨਾਲ ਕਈ ਸਿੱਖ ਆਗੂ ਜਾਣ ਵਾਸਤੇ ਤਿਆਰ ਹੋ ਗਏ। ਅਗਲੇ ਦਿਨ ਬਹੁਤ ਸਾਰੇ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੇ ਅੰਮ੍ਰਿਤ ਛਕਿਆ ਅਤੇ ਬਾਅਦ ਵਿਚ ਸਾਰੇ ਸਿੰਘ ਇਕੱਠੇ ਹੋ ਕੇ ਸ੍ਰੀ ਦਰਬਾਰ ਸਾਹਿਬ ਗਏ। ਉਨ੍ਹਾਂ ਦਾ ਪ੍ਰਸ਼ਾਦ ਪੁਜਾਰੀਆਂ ਨੇ ਕਬੂਲ ਨਾ ਕੀਤਾ। ਪ੍ਰੋ. ਹਰਕ੍ਰਿਸ਼ਨ ਸਿੰਘ ਬਾਵਾ ਨੇ ਗਲ਼ ਵਿਚ ਪੱਲਾ ਪਾ ਕੇ ਤਿੰਨ ਵਾਰੀ ਪੁਜਾਰੀਆਂ ਨੂੰ ਅਰਜ ਕੀਤੀ ਪਰ ਉਨ੍ਹਾਂ ਨੇ ਫਿਰ ਵੀ ਪ੍ਰਸ਼ਾਦ ਕਬੂਲ ਨਾ ਕੀਤਾ। ਇਸ ਦੌਰਾਨ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ 'ਚ ਸੰਗਤ ਨੇ ਇਸ ਕੁਰੀਤੀ ਦੇ ਖ਼ਿਲਾਫ਼ ਮੋਰਚਾ ਲਾ ਲਿਆ। ਪੁਜਾਰੀ ਆਪਣੀ ਗੱਲ 'ਤੇ ਅੜੇ ਰਹੇ। ਅਖ਼ੀਰ ਸੰਗਤ ਵੱਲੋਂ ਫ਼ੈਸਲਾ ਕੀਤਾ ਗਿਆ ਕਿ ਅਰਦਾਸ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਵੇ। ਹੁਕਮ ਆਇਆ:

*ਸੋਰਠਿ ਮਹਲਾ ੩ ਦੁਤੁਕੀ॥*
*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥...*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੮)*

ਸੰਗਤ ਇਹ ਇਲਾਹੀ ਹੁਕਮ ਸੁਣ ਕੇ ਵਿਸਮਾਦ 'ਚ ਆ ਗਈ। ਅਖ਼ੀਰ ਪੁਜਾਰੀਆਂ ਨੂੰ ਕਥਿਤ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਕਰਨਾ ਪਿਆ ਅਤੇ ਅਰਦਾਸ ਕਰ ਕੇ ਪ੍ਰਸ਼ਾਦ ਸਾਰੀ ਸੰਗਤ ਵਿਚ ਵਰਤਾਇਆ ਗਿਆ। ਇਸ ਤੋਂ ਬਾਅਦ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚਲੀ ਗਈ। ਸੰਗਤ ਨੂੰ ਆਉਂਦਿਆਂ ਵੇਖ ਕੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ। ਉਨ੍ਹਾਂ ਦੇ ਜਾਣ ਮਗਰੋਂ ਸਿੱਖ ਸੰਗਤ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ।

੧੩ ਅਕਤੂਬਰ ਦੇ ਦਿਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸਿੱਖ ਆਗੂਆਂ, ਸਰਬਰਾਹ ਅਤੇ ਪੁਜਾਰੀਆਂ ਦੀ ਇਕ ਬੈਠਕ ਬੁਲਾਈ। ਬੈਠਕ 'ਚ ਸਿਰਫ਼ ਸਿੱਖ ਆਗੂ ਹੀ ਪਹੁੰਚੇ। ਇਸ 'ਤੇ ਡਿਪਟੀ ਕਮਿਸ਼ਨਰ ਨੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਵੀ ਇਕ ੯ ਮੈਂਬਰੀ ਆਰਜ਼ੀ ਕਮੇਟੀ ਬਣਾ ਦਿੱਤੀ। ਇਸ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਇਕ ਨਵੀਂ ਤੇ ਪਵਿੱਤਰ ਭਾਵਨਾ ਪੈਦਾ ਹੋਈ, ਜਿਸ ਨੇ 'ਗੁਰਦੁਆਰਿਆਂ ਅਤੇ ਸਿੱਖ ਸਮਾਜ ਅੰਦਰੋਂ ਜਾਤ-ਪਾਤ ਦੇ ਪੈਦਾ ਹੋਏ ਵਿਤਕਰੇ ਨੂੰ ਦੂਰ ਕਰਨ ਦਾ ਮੁੱਢ ਬੰਨ੍ਹਿਆ।' ਅਖ਼ੀਰ ਮਹੰਤਾਂ ਨੂੰ ਗੁਰਦੁਆਰੇ ਛੱਡਣੇ ਪਏ ਅਤੇ ਬੇਅੰਤ ਕੁਰਬਾਨੀਆਂ ਅਤੇ ਸ਼ਹੀਦੀਆਂ ਵਿੱਚੋਂ ਪੰਥ ਦੀ ਮਾਣਮੱਤੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਈ। ਭਾਵੇਂ ਕਿ ਅੱਜ 'ਦਲਿਤਾਂ' ਨੂੰ ਗੁੰਮਰਾਹ ਕਰਨ ਲਈ ਸਿੱਖ ਸਮਾਜ ਅੰਦਰ 'ਜਾਤ-ਪਾਤ' ਦੀ ਪਛਾਣ ਨੂੰ ਉਭਾਰਨ ਦੇ ਮਕਸਦ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖ਼ਿਲਾਫ਼ ਵੀ ਕਈ ਪ੍ਰਕਾਰ ਦਾ ਕੂੜ-ਪ੍ਰਚਾਰ ਕੀਤਾ ਜਾਂਦਾ ਹੈ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸਿਕ ਰਿਕਾਰਡ ਨੂੰ ਘੋਖਿਆਂ, ਪਤਾ ਲੱਗਦਾ ਹੈ ਕਿ ਵੀਹਵੀਂ ਸਦੀ ਦੇ ਅਰੰਭ ਵਿਚ ਅਨਮਤੀ ਪ੍ਰਭਾਵ ਕਾਰਨ ਸਿੱਖ ਸਮਾਜ ਅੰਦਰ ਜਾਤ-ਪਾਤ ਦੇ ਪੈਦਾ ਹੋ ਚੁੱਕੇ ਵਿਤਕਰੇ ਨੂੰ ਦੂਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਤਿਹਾਸਿਕ ਭੂਮਿਕਾ ਰਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੇ ਨਾਲ ਹੀ ਸਿੱਖ ਪੰਥ ਨੇ ਜਾਤ-ਪਾਤ ਦੀ ਕੁਰੀਤੀ ਨੂੰ ਖ਼ਤਮ ਕਰਨ ਲਈ ਕਥਿਤ ਨੀਵੀਆਂ ਜਾਤਾਂ ਸਮਝੇ ਜਾਣ ਵਾਲੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਵਿਚ ਸ਼ਾਮਲ ਕਰਨ ਦੀ ਜ਼ੋਰਦਾਰ ਮੁਹਿੰਮ ਅਰੰਭੀ। ਇਨ੍ਹਾਂ ਨਵੇਂ ਸਜੇ ਸਿੰਘਾਂ ਨਾਲ ਵੀ ਕੁਝ ਕੁ ਥਾਵਾਂ 'ਤੇ ਪਿਛਲੀ ਜਾਤ-ਪਾਤ ਦੇ ਆਧਾਰ 'ਤੇ ਵਿਤਕਰਾ ਕਰਨ ਦੀਆਂ ਪੰਥ ਨੂੰ ਖ਼ਬਰਾਂ ਮਿਲੀਆਂ ਤਾਂ ੧੪ ਮਾਰਚ, ੧੯੨੭ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਸ਼ੇਰ ਸਿੰਘ ਦੀ ਤਜਵੀਜ਼, ਸ. ਮਾਨ ਸਿੰਘ ਦੀ ਤਾਈਦ ਅਤੇ ਸ. ਸਾਧੂ ਸਿੰਘ ਦੀ ਤਾਈਦ ਮਜੀਦ ਨਾਲ ਹੇਠ ਲਿਖਿਆ ਗੁਰਮਤਾ ਸਰਬਸੰਮਤੀ ਨਾਲ ਪਾਸ ਹੋਇਆ:-

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਮਾਗਮ ਸਮੂਹ ਸਿੱਖ ਸੰਗਤਾਂ ਦੀ ਸੇਵਾ ਵਿਚ ਪ੍ਰਾਰਥਨਾ ਕਰਦਾ ਹੈ ਕਿ ਸਿੱਖਾਂ ਵਿਚ ਜਾਤ-ਪਾਤ ਦੇ ਖ਼ਿਆਲ ਨਾਲ ਕਿਸੇ ਵਿਅਕਤੀ ਨੂੰ ਉੱਚਾ ਜਾਂ ਨੀਵਾਂ ਨਹੀਂ ਮੰਨਿਆ ਜਾਂਦਾ। ਇਸ ਲਈ ਹਰ ਇਕ ਜਾਤ ਵਿੱਚੋਂ ਸਜ ਕੇ ਆਏ ਸਿੱਖ ਨਾਲ ਸੰਗਤ ਪੰਗਤ

ਦੁਆਰਾ ਅਭੇਦ ਵਰਤਿਆ ਜਾਵੇ। ਖ਼ਾਸ ਕਰਕੇ ਯਤਨ ਕੀਤਾ ਜਾਵੇ ਕਿ ਜਿੱਥੇ ਸਿੱਖਾਂ ਨੂੰ ਖੂਹ ਉੱਪਰ ਇਸ ਲਈ ਚੜ੍ਹਨ ਨਹੀਂ ਦਿੱਤਾ ਜਾਂਦਾ, ਕਿ ਉਹ ਕਿਸੇ ਛੋਟੀ ਜਾਤਿ ਵਿੱਚੋਂ ਸਿੱਖ ਬਣੇ ਹਨ, ਉੱਤੇ ਪੂਰੀ ਹਿੰਮਤ ਤੇ ਯੋਗ ਯਤਨ ਕਰਕੇ ਉਨ੍ਹਾਂ ਨੂੰ ਖੂਹਾਂ ਉੱਪਰ ਚੜ੍ਹਾਇਆ ਜਾਵੇ, ਕਿਉਂਕਿ ਮੌਜੂਦਾ ਹਾਲਤ ਵਿਚ ਉਨ੍ਹਾਂ ਦੀ ਇਹ ਬੇਇੱਜ਼ਤੀ ਸਿੱਖ ਧਰਮ ਦੀ ਬੇਅਦਬੀ ਹੈ।'

ਇਸ ਤੋਂ ਅਗਲੇ ਹੀ ਦਿਨ, ੧੫ ਮਾਰਚ, ੧੯੨੭ ਈ. ਨੂੰ ਸ. ਭਗਤ ਸਿੰਘ ਜੀ ਸੰਧਾਕੋਟੀਆ ਦੀ ਤਜਵੀਜ਼ ਤੇ ਸ. ਹਰੀ ਸਿੰਘ ਅੰਮ੍ਰਿਤਸਰ ਦੀ ਤਾਈਦ 'ਤੇ 'ਸਰਕਾਰੀ ਕਾਗ਼ਜ਼ਾਂ ਵਿਚ ਸਿੱਖਾਂ ਦੀ ਜਾਤ-ਪਾਤ ਨਾ ਲਿਖਣ ਸਬੰਧੀ' ਇਕ ਮਤਾ ਪੇਸ਼ ਹੋਇਆ, ਜੋ ਇਸ ਨਾਲ ਜੁੜੇ ਬਹੁਤ ਸਾਰੇ ਭਵਿੱਖਤ ਪੱਖ ਵਿਚਾਰਨ ਅਤੇ ਬਹਿਸ ਉਪਰੰਤ ਵਾਪਸ ਕਰਨਾ ਪਿਆ। ਉਹ ਮਤਾ ਸੀ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਜਨਰਲ ਇਕੱਤ੍ਰਤਾ ਪੰਜਾਬ ਸਰਕਾਰ ਪਾਸ ਸਿਫ਼ਾਰਸ਼ ਕਰਦੀ ਹੈ ਕਿ ਚੂੰਕਿ ਸਿੱਖ ਮਜ਼੍ਹਬ ਜਾਤ-ਪਾਤ ਦੀ ਵੰਡ ਦੀ ਆਗਿਆ ਨਹੀਂ ਦਿੰਦਾ, ਇਸ ਵਾਸਤੇ ਸਰਕਾਰੀ ਕਾਗ਼ਜ਼ਾਂ ਵਿਚ ਸਿੱਖਾਂ ਦੀ ਕੋਈ ਜਾਤਿ-ਪਾਤਿ ਨਾ ਲਿਖੀ ਜਾਵੇ।'

ਪੰਥ ਵੱਲੋਂ ਭਰਵਾਂ ਹੁੰਗਾਰਾ ਮਿਲਣ ਪਿੱਛੋਂ ਗੁਰੂ-ਪੰਥ ਦੀ ਪ੍ਰਤੀਨਿਧ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਤ-ਪਾਤ ਦੇ ਆਧਾਰ 'ਤੇ ਸਿੱਖਾਂ ਵਿੱਚੋਂ ਵਿਤਕਰੇਬਾਜ਼ੀ ਦੂਰ ਕਰਨ, ਵਰਨ ਵੰਡ ਦੇ ਹਿਸਾਬ ਨਾਲ ਹੁੰਦੀ ਆਰਥਿਕ ਨਾ-ਬਰਾਬਰੀ ਖ਼ਤਮ ਕਰਨ ਅਤੇ ਹਰੇਕ ਜਾਤ ਵਿੱਚੋਂ ਸਜੇ ਸਿੱਖਾਂ ਨੂੰ ਵਿੱਦਿਆ ਹਾਸਲ ਕਰਨ ਲਈ ਬਰਾਬਰ ਮੌਕੇ ਦੇਣ ਦੇ ਉਦੇਸ਼ ਨਾਲ ਸਿੱਖ ਪੰਥ ਨੂੰ ਗੁਰਮਤਿ ਅਨੁਸਾਰੀ ਸੇਧ ਪ੍ਰਦਾਨ ਕਰਨ ਲਈ ਸਮੇਂ-ਸਮੇਂ ਇਹ ਮਤੇ ਪਾਸ ਕੀਤੇ:

੧. 'ਜਨਰਲ ਕਮੇਟੀ ਦਾ ਇਹ ਸਮਾਗਮ ਅੰਤ੍ਰਿੰਗ ਕਮੇਟੀ ਨੂੰ ਆਗਿਆ ਕਰਦਾ ਹੈ ਕਿ ਬਹੁਤ ਛੇਤੀ ਇਕ ਅਪੀਲ ਪ੍ਰਕਾਸ਼ਿਤ ਕਰੇ ਤੇ ਉਸ ਅਪੀਲ ਦੇ ਅਧੀਨ ਸਾਰੇ ਇਲਾਕਿਆਂ ਵਿਚ ਜਾ ਕੇ ਪੰਥ ਅੰਦਰ ਪ੍ਰਸਿੱਧ ਸੱਜਣਾਂ ਦੇ ਦਸਤਖ਼ਤ ਕਰਾਏ ਜਾਣ ਤੇ ਇਸ ਦੁਆਰਾ ਸੰਗਤਾਂ ਨੂੰ ਪ੍ਰੇਰਿਆ ਜਾਵੇ ਕਿ ਉਹ ਖੂਹਾਂ ਉੱਪਰ ਪਾਣੀ ਭਰਨ ਤੇ ਗੁਰਦੁਆਰਿਆਂ ਅਤੇ ਦੀਵਾਨਾਂ ਵਿਚ ਜੁੜੀ ਸੰਗਤ-ਪੰਗਤ ਅੰਦਰ ਸ਼ਾਮਲ ਹੋਣ ਤੋਂ ਕਿਸੇ ਸਿੱਖ ਨੂੰ ਇਸ ਕਰਕੇ ਨਾ ਰੋਕਣ ਕਿ ਉਸ ਦੀ ਪਿਛਲੀ ਅਖੌਤੀ ਜਾਤ ਮਜ਼੍ਹਬੀ, ਰਵਿਦਾਸੀਆ ਆਦਿ ਹੈ, ਜਿਨ੍ਹਾਂ ਜਾਤਾਂ ਨੂੰ ਲੋਕ ਗ਼ਲਤੀ ਨਾਲ ਨੀਚ ਆਖਦੇ ਹਨ ਤੇ ਇਹ ਜਨਰਲ ਇਕੱਤ੍ਰਤਾ ਪ੍ਰਧਾਨ ਸਾਹਿਬ ਨੂੰ ਇਹ ਅਧਿਕਾਰ ਦੇਂਦੀ ਹੈ ਕਿ ਉਹ ਯੋਗ ਸਮੇਂ ਅਨੁਸਾਰ ਉਕਤ ਭਾਵ ਦਾ ਇਕ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਪ੍ਰਕਾਸ਼ਿਤ ਕਰਵਾ ਦੇਣ।' (ਮਿਤੀ: ੮-੧੦-੧੯੨੭)

੨. 'ਅੱਜ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ ਪਾਸ

ਕਰਦਾ ਹੈ ਕਿ:

ੳ) ਭਿੰਨ-ਭਿੰਨ ਪੰਥਕ ਜਥੇ ਆਪਣੇ-ਆਪਣੇ ਇਲਾਕਿਆਂ ਵਿਚ ਪ੍ਰਚਾਰ ਕਰ ਕੇ ਛੂਤ ਦੇ ਭੂਤ ਨੂੰ ਦੂਰ ਕਰਨ ਤੇ ਅਖੌਤੀ ਅਛੂਤਾਂ ਵਿੱਚੋਂ ਸਿੱਖ ਸਜਿਆਂ ਨਾਲ ਅਭੇਦ ਵਰਤਣ ਅਤੇ ਸਭ ਸਿੱਖ ਸੰਗਤਾਂ ਖੂਹਾਂ ਆਦਿਕ 'ਤੇ ਚੜ੍ਹਨ, ਪੰਗਤਾਂ ਵਿਚ ਪ੍ਰਸ਼ਾਦੇ ਛਕਣ ਤੇ ਲੰਗਰਾਂ ਵਿਚ ਸੇਵਾ ਕਰਨ ਦੀ ਅਜਿਹੇ ਸੱਜਣਾਂ ਨੂੰ ਖੁੱਲ੍ਹ ਬਖ਼ਸ਼ਣ।

ਅ) ਸਿੱਖ ਜ਼ਿਮੀਂਦਾਰਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਵੇ ਕਿ ਜਿੱਥੇ ਕਿਤੇ ਤਰਾਫ਼ੀ 'ਤੇ ਰੇਹ ਲਿਆ ਜਾਂਦਾ ਹੈ, ਘੱਟ ਤੋਂ ਘੱਟ ਅਖੌਤੀ ਅਛੂਤਾਂ ਵਿੱਚੋਂ ਸਿੱਖ ਸਜਿਆਂ ਤੋਂ. . . ਤਰਾਫ਼ੀ ਨਾ ਲਿਆ ਕਰਨ ਤੇ ਉਨ੍ਹਾਂ ਦੀ ਖਾਦ ਉਨ੍ਹਾਂ ਦੀ ਮਲਕੀਅਤ ਉਨ੍ਹਾਂ ਦੇ ਪਾਸ ਰਹਿਣ ਦਿਆ ਕਰਨ।

ੲ) ਕਿਸੇ ਵੀ ਜਾਤ ਜਾਂ ਫ਼ਿਰਕੇ ਵਿੱਚੋਂ ਸਿੱਖ ਸਜੇ ਨੂੰ, ਕਿਸੇ ਸਿੱਖ ਆਸ਼ਰਮ ਵਿਚ ਪੜ੍ਹਨ ਤੋਂ ਨਾ ਰੋਕਿਆ ਜਾਵੇ, ਸਗੋਂ ਅਜਿਹੇ ਬੱਚਿਆਂ ਨੂੰ ਪੂਰੀਆਂ-ਪੂਰੀਆਂ ਸਹੂਲਤਾਂ ਦਿੱਤੀਆਂ ਜਾਣ ਤੇ ਵੱਧ ਤੋਂ ਵੱਧ ਰਿਆਇਤਾਂ ਦਿੱਤੀਆਂ ਜਾਣ।

ਸ) ਅਖੌਤੀ ਅਛੂਤਾਂ ਵਿੱਚੋਂ ਸਿੱਖ ਸਜਿਆਂ ਦੀਆਂ ਹੋਰ ਮਾਲੀ ਔਕੜਾਂ ਅਤੇ ਮੁਲਾਜ਼ਮਤਾਂ ਤੇ ਜ਼ਮੀਨ ਹਾਸਲ ਕਰਨ ਸਬੰਧੀ, ਦਿੱਕਤਾਂ ਦੂਰ ਕਰਨ ਲਈ ਇਕ ਸਬ-ਕਮੇਟੀ ਬਣਾਈ ਜਾਵੇ, ਜੋ ਕਿ ਸਾਰੇ ਮਾਮਲੇ 'ਤੇ ਵਿਚਾਰ ਕਰ ਕੇ ਉਪਰੋਕਤ ਔਕੜਾਂ ਨੂੰ ਦੂਰ ਕਰਨ ਵਾਸਤੇ ਅਮਲੀ ਕਾਰਵਾਈ ਕਰੇ। ਅੰਤ੍ਰਿੰਗ ਕਮੇਟੀ ਨੂੰ ਇਹ ਸਬ-ਕਮੇਟੀ ਬਣਾਉਣ ਲਈ ਆਗਿਆ ਕੀਤੀ ਜਾਵੇ। (੨੮-੨-੧੯੩੧)

ਉਪਰੋਕਤ ਗੁਰਮਤਾ ਵੱਡੀ ਗਿਣਤੀ ਵਿਚ ਛਪਵਾ ਕੇ ਵੰਡਿਆ ਗਿਆ ਅਤੇ ਇਸ ਨਾਲ ਹਰ ਪੱਖ ਤੋਂ ਸੰਮਲਿਤ ਸਿੱਖ ਸਮਾਜ ਦੀ ਸਿਰਜਣਾ ਵਾਸਤੇ ਕਾਫ਼ੀ ਸੇਧ ਮਿਲੀ। ਕਥਿਤ ਅਛੂਤਾਂ ਵਿੱਚੋਂ ਸਜੇ ਸਿੱਖਾਂ ਨੂੰ ਆਰਥਿਕ ਤੌਰ 'ਤੇ ਉੱਚਾ ਚੁੱਕਣ ਲਈ ਉਚੇਚੇ ਯਤਨ ਕੀਤੇ ਗਏ। ਇਸ ਤੋਂ ਬਾਅਦ ਕਥਿਤ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਸਜੇ ਸਿੱਖਾਂ ਨੂੰ ਰਾਜਨੀਤਕ ਖੇਤਰ ਵਿਚ ਵੀ ਅੱਗੇ ਲਿਆਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਰਥਿਕ ਪਹਿਲਕਦਮੀ ਰਹੀ। ਇਸ ਸਬੰਧੀ ੧੯੩੭ ਦੀਆਂ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੀਆਂ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ੧੨ ਨਵੰਬਰ, ੧੯੩੬ ਨੂੰ ਪਾਸ ਹੋਏ ਮਤੇ ਜ਼ਿਕਰਯੋਗ ਹਨ:

'ਅਸੀਂ ਇਨ੍ਹਾਂ ਅਖੌਤੀ ਅਛੂਤ ਜਾਤੀਆਂ ਵਿੱਚੋਂ ਸਿੰਘ ਸਜੇ ਭਰਾਵਾਂ ਨਾਲ, ਬਰਾਬਰੀ ਦਾ ਸਲੂਕ ਕਰਨ ਦਾ ਜੋ ਦਮ ਮਾਰਦੇ ਰਹੇ ਹਾਂ, ਉਸ ਦਾ ਅਮਲੀ ਸਬੂਤ ਦੇਣ ਦਾ ਹੁਣ ਵੇਲਾ ਹੈ। ਸਾਡੇ ਵਿੱਚੋਂ ਉਹ ਭਰਾ, ਜਿਨ੍ਹਾਂ ਦੀ ਕਾਮਯਾਬੀ ਇਸ ਚੋਣ ਵਿਚ ਯਕੀਨੀ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਸੀਟਾਂ ਖ਼ਾਲੀ ਕਰ ਕੇ ਇਨ੍ਹਾਂ

ਵੀਰਾਂ ਨੂੰ ਕਾਮਯਾਬ ਬਣਾਉਣ ਅਤੇ ਆਪਣੀ ਕੁਰਬਾਨੀ ਦਾ ਸਬੂਤ ਦੇਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥ ਪਾਸ ਅਪੀਲ ਕਰ ਕੇ ਇਸ ਕਾਰਜ ਲਈ ਮਾਇਆ ਇਕੱਤ੍ਰ ਕਰੇ।'

'ਪ੍ਰਵਾਨ ਹੋਇਆ ਕਿ ਸਿੱਖ ਧਰਮ ਦੇ ਪ੍ਰਚਾਰ ਨੂੰ ਮੁੱਖ ਰੱਖਦੇ ਹੋਏ ਅਤੇ ਅਛੂਤ ਜਾਤੀਆਂ ਵਿੱਚੋਂ ਸਜੇ ਸਿੰਘਾਂ ਨਾਲ ਭਰਾਵਾਂ ਵਾਲਾ ਬਰਾਬਰੀ ਦਾ ਸਲੂਕ ਕਰਨ ਅਤੇ ਉਨ੍ਹਾਂ ਨੂੰ ਉਭਾਰਨ ਹਿੱਤ ਪੰਥ ਦੇ ਦਿਲੀ ਭਾਵਾਂ ਨੂੰ ਅਮਲੀ ਸ਼ਕਲ ਦੇਣ ਖ਼ਾਤਰ ਪੰਥ ਐਸੇ ਸਿੰਘਾਂ ਵਿੱਚੋਂ ਕੁਝ ਸੱਜਣਾਂ ਨੂੰ ਆਉਣ ਵਾਲੀ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੀ ਚੋਣ ਵਿਚ ਕਾਮਯਾਬ ਬਣਾਉਣ ਦਾ ਖ਼ਾਸ ਉਪਰਾਲਾ ਕਰੇ।

ਇਸ ਦੇ ਨਾਲ ਹੀ ਇਹ ਵੀ ਪਾਸ ਹੋਇਆ ਕਿ ਸ. ਅਮਰ ਸਿੰਘ ਸ਼ੇਰਿ ਪੰਜਾਬ ਅਤੇ ਸ. ਗੋਪਾਲ ਸਿੰਘ ਕੌਮੀ ਇਕ ਹੋਰ ਸੱਜਣ ਨੂੰ ਮਿਲਾ ਕੇ ਇਕ ਕਮੇਟੀ ਬਣਾ ਲੈਣ ਤੇ ਉਪਰੋਕਤ ਜਾਤੀ ਦੇ ਸਿੰਘਾਂ ਦੀ ਮਾਲੀ ਮਦਦ ਕਰਨ।'

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਿਆਂ ਵਿਚ ਸੇਵਾ-ਸੰਭਾਲ ਲਈ ਭਰਤੀ ਕੀਤੇ ਜਾਂਦੇ ਸੇਵਾਦਾਰਾਂ/ ਮੁਲਾਜ਼ਮਾਂ ਵਿਚ, ਪੱਛੜੀਆਂ ਸ਼੍ਰੇਣੀਆਂ ਵਿੱਚੋਂ ਸਿੱਖ ਸਜ ਕੇ ਆਏ ਵੀਰਾਂ ਨਾਲ ਖ਼ਾਸ ਤੌਰ 'ਤੇ ਭਰਾਤਰੀ ਸਲੂਕ ਅਤੇ ਹਮਦਰਦੀ ਭਰਿਆ ਵਤੀਰਾ ਅਪਨਾਉਣ ਲਈ, ਤਾਂ ਜੋ ਜਾਤੀਵਾਦੀ ਵਿਵਸਥਾ ਵਿੱਚੋਂ ਨਿਕਲ ਕੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਵਾਲੇ ਇਨ੍ਹਾਂ ਲੋਕਾਂ ਅੰਦਰ ਕਿਸੇ ਵੀ ਹਾਲਤ 'ਚ ਪਿਛਲੇ ਜੀਵਨ ਵਾਲੀ ਹੀਣ-ਭਾਵਨਾ ਪੈਦਾ ਨਾ ਹੋਵੇ, ਜਾਰੀ ਇਕ ਮਤਾ ਵੀ ਧਿਆਨ ਮੰਗਦਾ ਹੈ:

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਧਿਆਨ ਇਸ ਪਾਸੇ ਦਿਵਾਉਂਦੀ ਹੋਈ ਉਨ੍ਹਾਂ ਪਾਸੋਂ ਆਸ ਰੱਖਦੀ ਹੈ ਕਿ ਗੁਰਦੁਆਰਿਆਂ ਵਿਚ ਸੇਵਾਦਾਰ ਰੱਖਣ ਵੇਲੇ ਨਾਮਧਰੀਕ ਅਛੂਤਾਂ ਵਿੱਚੋਂ ਸਜੇ ਸਿੰਘਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਇਆ ਕਰੇਗਾ।' (੧੨-੧੧-੧੯੩੬)

ਹਿੰਦੁਸਤਾਨੀ ਸਮਾਜ ਅੰਦਰ ਵਰਨ-ਵੰਡ ਅਨੁਸਾਰ ਸ਼ੂਦਰ ਕਹਿ ਕੇ ਸਦੀਆਂ ਤੋਂ ਲਿਤਾੜੇ ਲੋਕਾਂ ਦੇ ਹਰ ਤਰ੍ਹਾਂ ਦੇ ਮੌਲਿਕ ਅਧਿਕਾਰ ਖੋਹ ਲਏ ਜਾਂਦੇ ਸਨ। ਉਨ੍ਹਾਂ ਨੂੰ ਵਿੱਦਿਆ ਪੱਖੋਂ ਵੀ ਕੋਰਾ ਰੱਖਣ ਲਈ ਪਾਬੰਦੀਆਂ ਆਇਦ ਕੀਤੀਆਂ ਜਾਂਦੀਆਂ ਸਨ। ਆਰਥਿਕ ਤੌਰ 'ਤੇ ਨਪੀੜੇ ਹੋਣ ਕਾਰਨ ਉਹ ਉਂਝ ਵੀ ਉੱਚ ਵਰਨਾਂ ਦੇ ਬਰਾਬਰ ਸਿੱਖਿਆ ਹਾਸਲ ਕਰਨ ਦੇ ਸਮਰੱਥ ਨਹੀਂ ਹੁੰਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਪਾਸੇ ਵੀ ਠੋਸ ਉਪਰਾਲੇ ਕੀਤੇ ਗਏ, ਜਿਨ੍ਹਾਂ ਦਾ ਪਤਾ ੧੦ ਮਾਰਚ, ੧੯੩੮ ਦੀ ਜਨਰਲ ਇਕੱਤਰਤਾ 'ਚ ਪਾਸ ਹੋਏ ਮਤੇ ਤੋਂ ਲੱਗਦਾ ਹੈ:

'ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਕਿ ਸਿੱਖ ਵਿੱਦਿਅਕ ਆਸ਼ਰਮਾਂ ਦੇ

ਪ੍ਰਬੰਧਕ ਉਹ ਵਜ਼ੀਫ਼ੇ ਦੇਣ ਲੱਗਿਆਂ ਅਤੇ ਫ਼ੀਸਾਂ ਮਾਫ਼ ਕਰਨ ਵੇਲੇ ਅਖੌਤੀ ਅਛੂਤ ਸਿੰਘਾਂ ਦੇ ਬੱਚਿਆਂ ਦਾ ਖ਼ਾਸ ਖ਼ਿਆਲ ਰੱਖਿਆ ਕਰਨ। '

ਇਸ ਤੋਂ ਪਹਿਲਾਂ ਸੰਨ ੧੯੩੬ 'ਚ ਜਦੋਂ ਡਾ. ਭੀਮ ਰਾਓ ਅੰਬੇਦਕਰ ਦੀ ਅਗਵਾਈ ਹੇਠ ੯ ਕਰੋੜ ਕਥਿਤ ਅਛੂਤਾਂ ਨੇ ਸਿੱਖ ਧਰਮ ਗ੍ਰਹਿਣ ਕਰਨ ਦਾ ਫ਼ੈਸਲਾ ਕੀਤਾ ਤਾਂ ਉਸ ਤੋਂ ਭੈ-ਭੀਤ ਹੋ ਕੇ, ਮਹਾਤਮਾ ਗਾਂਧੀ ਨੇ ਮਰਨ ਵਰਤ ਰੱਖਦਿਆਂ ਅੰਗਰੇਜ਼ ਸਰਕਾਰ ਕੋਲੋਂ 'ਹਿੰਦੂ ਅਛੂਤਾਂ' ਨੂੰ ਵਿਸ਼ੇਸ਼ ਰਿਆਇਤਾਂ ਦੇਣ ਦਾ ਐਲਾਨ ਕਰਵਾ ਕੇ, ਡਾ. ਅੰਬੇਦਕਰ ਨੂੰ ਵੀ ਹਿੰਦੂ ਧਰਮ ਨਾ ਛੱਡਣ ਲਈ ਮਨਾ ਲਿਆ ਸੀ। 'ਹਿੰਦੂ ਅਛੂਤਾਂ' ਨੂੰ ਵਿਸ਼ੇਸ਼ ਸਰਕਾਰੀ ਰਿਆਇਤਾਂ ਮਿਲਣ ਕਾਰਨ ਬਹੁਤ ਸਾਰੇ ਕਥਿਤ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਚਾਹੁੰਦਿਆਂ ਹੋਇਆਂ ਵੀ, ਆਰਥਿਕ ਲਾਭਾਂ ਦੇ ਲਾਲਚਵੱਸ ਸਿੱਖੀ ਵਿਚ ਪ੍ਰਵੇਸ਼ ਕਰਨ ਤੋਂ ਗੁਰੇਜ਼ ਕਰਨ ਲੱਗੇ। ਇਸ ਮੌਕੇ ਸਿੱਖ ਲੀਡਰਸ਼ਿਪ ਨੇ ਸਿੱਖਾਂ ਵਿਚ ਵੀ ਸਮਾਂਬੱਧ ਰਾਖ਼ਵੇਂਕਰਨ ਸਬੰਧੀ, ਉਸ ਵੇਲੇ ਦੇ ਹਾਲਾਤਾਂ ਦਾ ਟਾਕਰਾ ਕਰਨ ਲਈ, ਇਕ ਅਹਿਮ ਫ਼ੈਸਲਾ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਤਾ ਪਾਸ ਕਰਕੇ ਅਖੌਤੀ ਅਛੂਤਾਂ ਵਿੱਚੋਂ ਸਜੇ ਸਿੱਖਾਂ ਨੂੰ ਆਰਥਿਕ ਅਤੇ ਰਾਜਨੀਤਕ ਖੇਤਰ 'ਚ ਅੱਗੇ ਅਤੇ ਬਰਾਬਰਤਾ ਵਾਲੇ ਸਥਾਨ 'ਤੇ ਲਿਆਉਣ ਲਈ 'ਸਿਰਫ਼ ਦਸ ਸਾਲਾਂ ਲਈ' ਉਨ੍ਹਾਂ ਲਈ ਵੀ 'ਹਿੰਦੂ ਅਛੂਤਾਂ' ਵਾਲੀਆਂ ਸਹੂਲਤਾਂ ਦੀ ਮੰਗ ਕੀਤੀ ਗਈ ਸੀ।

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਇਸ ਰਾਏ ਨੂੰ ਲਿਖਤ ਵਿਚ ਲਿਆਉਂਦੀ ਹੈ ਕਿ ਸਿੱਖ ਧਰਮ ਵਿਚ ਜਾਤ-ਪਾਤ ਦਾ ਵਿਤਕਰਾ ਨਹੀਂ ਮੰਨਿਆ ਜਾਂਦਾ। ਪਰ ਵੇਖਣ ਵਿਚ ਆਇਆ ਹੈ ਕਿ ਸਿੱਖ ਧਰਮ ਤੋਂ ਬਾਹਰਲੇ ਸਿੱਖਾਂ 'ਤੇ ਪਏ ਅਸਰਾਂ ਦੇ ਕਾਰਨ ਇਹ ਵਿਤਕਰਾ ਸਿੱਖਾਂ ਵਿਚ ਅਜੇ ਤਕ ਕਿਧਰੇ ਕਿਧਰੇ ਮੌਜੂਦ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਇਹ ਵੀ ਦੁੱਖ ਨਾਲ ਨੋਟ ਕਰਦੀ ਹੈ ਕਿ ਗ਼ੈਰ-ਸਿੱਖਾਂ ਦੇ ਗੁਮਰਾਹ ਕਰਨ ਵਾਲੇ ਪ੍ਰਚਾਰ ਦੇ ਕਾਰਨ ਪੰਜਾਬ ਦੇ ਅਖੌਤੀ ਅਛੂਤਾਂ ਵਿਚ ਸਿੱਖ ਬਣਨ ਦੀ ਲਹਿਰ ਵਿਚ ਰੋਕ ਪੈ ਗਈ ਹੈ ਅਤੇ ਇਸ ਰੋਕ ਦਾ ਕਾਰਨ, ਹਿੰਦੂ ਅਛੂਤਾਂ ਨੂੰ ਵੱਖਰੀਆਂ ਸੀਟਾਂ ਦਾ ਮਿਲਣਾ ਹੈ। ਇਨ੍ਹਾਂ ਹਾਲਾਤ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਗਵਰਨਮੈਂਟ, ਹਕੂਮਤ ਹਿੰਦ ਅਤੇ ਬ੍ਰਿਟਿਸ਼ ਪਾਰਲੀਮੈਂਟ 'ਤੇ ਜ਼ੋਰ ਦਿੰਦੀ ਹੈ ਕਿ ਸ਼ਡਿਊਲਡ ਜਾਤੀਆਂ ਵਿੱਚੋਂ ਸਜੇ ਸਿੰਘਾਂ ਲਈ ਸਿੱਖ ਸੀਟਾਂ ਵਿੱਚੋਂ ਤਿੰਨ ਸੀਟਾਂ ਰਿਜ਼ਰਵ ਕਰ ਦੇਵੇ ਅਤੇ ਸ਼ਡਿਊਲਡ ਜਾਤੀਆਂ ਵਿੱਚੋਂ ਸਜੇ ਸਿੰਘਾਂ ਲਈ ਵੋਟਰ ਬਣਨ ਦੇ ਗੁਣ (ਕੁਆਲੀਫ਼ੀਕੇਸ਼ਨਜ਼) ਉਹੋ ਨਿਯਤ ਕੀਤੇ ਜਾਣ, ਜੋ ਹੋਰ ਸ਼ਡਿਊਲਡ ਜਾਤੀਆਂ ਲਈ ਨਿਯਤ ਕੀਤੇ ਗਏ ਹਨ। ਇਹ ਸੀਟਾਂ ਦਸ ਸਾਲਾਂ ਵਾਸਤੇ ਰਿਜ਼ਰਵ ਰਹਿਣ ਤੇ ਫਿਰ ਆਪਣੇ ਆਪ ਇਹ ਰੀਜ਼ਰਵੇਸ਼ਨ ਹਟ

ਜਾਵੇ।' (ਸ਼੍ਰੋਮਣੀ ਕਮੇਟੀ ਦਾ ਮਤਾ, ੨੯-੪-੧੯੩੯)

ਇਸੇ ਤਰ੍ਹਾਂ ਇਕ ਹੋਰ ਮਤਾ ਪਾਸ ਕਰ ਕੇ ਅਖੌਤੀ ਸ਼ੂਦਰਾਂ ਵਿੱਚੋਂ ਸਜੇ ਸਿੱਖਾਂ ਨੂੰ ਸਿੱਖ ਕੋਟੇ ਵਿਚ ਫ਼ੌਜ ਅਤੇ ਪੁਲਿਸ ਵਿਚ ਭਰਤੀ ਕਰਨ ਸਬੰਧੀ ਸਰਕਾਰ ਨੂੰ ਅਪੀਲ ਕੀਤੀ ਗਈ, ਕਿਉਂਕਿ ਅਖੌਤੀ ਅਛੂਤਾਂ ਦੇ ਸਰਕਾਰੀ ਕਾਗ਼ਜਾਂ ਵਿਚ ਪੁਰਾਣਾ ਧਰਮ 'ਹਿੰਦੂ' ਲਿਖਿਆ ਹੋਣ ਕਾਰਨ ਉਨ੍ਹਾਂ ਨੂੰ ਸਿੱਖ ਕੋਟੇ ਵਿਚ ਨਹੀਂ ਵਿਚਾਰਿਆ ਜਾਂਦਾ ਸੀ।

'ਅੱਜ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਜਨਰਲ ਇਜਲਾਸ ਸਰਕਾਰ ਦੇ ਨੋਟਿਸ ਵਿਚ ਲਿਆਉਂਦਾ ਹੈ ਕਿ ਜਿਸ ਤਰ੍ਹਾਂ ਆਮ ਸਿੱਖਾਂ ਨੂੰ ਮਹਿਕਮਾ ਪੁਲਿਸ ਵਿਚ ਭਰਤੀ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਰਾਇ ਸਿੱਖਾਂ, ਮਜ਼੍ਹਬੀ ਸਿੱਖਾਂ ਆਦਿ ਨੂੰ ਪੁਲਿਸ ਵਿਚ ਭਰਤੀ ਕੀਤਾ ਜਾਵੇ।' (ਸ਼੍ਰੋਮਣੀ ਕਮੇਟੀ ਦਾ ਮਤਾ, ੨੬-੧੦-੧੯੪੧)

ਅੰਗਰੇਜ਼ਾਂ ਦੇ ਭਾਰਤ ਛੱਡ ਜਾਣ ਪਿੱਛੋਂ, ੧੫ ਅਗਸਤ, ੧੯੪੭ ਨੂੰ ਭਾਰਤ ਆਜ਼ਾਦ ਹੋ ਗਿਆ। ਪੰਜਾਬ ਦਾ ਬਟਵਾਰਾ ਹੋਇਆ, ਜਿਸ ਨੇ ਸਿੱਖ ਪੰਥ ਨੂੰ ਵੱਡੀ ਸੱਟ ਮਾਰੀ। ਗੁਰੂ ਸਾਹਿਬਾਨ ਦੀ ਪਾਵਨ ਚਰਨ-ਛੋਹ ਪ੍ਰਾਪਤ ਬਹੁਤ ਸਾਰੇ ਇਤਿਹਾਸਿਕ ਗੁਰਧਾਮ ਸਰਹੱਦ ਦੇ ਪਾਰਲੇ ਪਾਸੇ ਰਹਿ ਗਏ। ਸਿੱਖਾਂ ਨੂੰ ਆਪਣੀਆਂ ਲਹਿਰਾਉਂਦੀਆਂ ਅਤੇ ਉਪਜਾਊ ਖੇਤੀਆਂ ਨੂੰ ਛੱਡ ਕੇ ਬੰਜਰ ਜ਼ਮੀਨਾਂ 'ਤੇ ਆਉਣਾ ਪਿਆ। ਜੋ ਹਰੀਆਂ-ਭਰੀਆਂ ਬਾਰਾਂ ਸਿੱਖ ਕਿਸਾਨਾਂ ਨੇ ਆਪਣੇ ਲਹੂ-ਪਸੀਨੇ ਨਾਲ ਵਸਾਈਆਂ ਸਨ, ਉਨ੍ਹਾਂ ਨੂੰ ਛੱਡ ਕੇ ਆਉਣ ਤੋਂ ਇਲਾਵਾ ਦਿਹਾਤੀ ਅਤੇ ਸ਼ਹਿਰੀ ਇਲਾਕੇ ਵਿਚ ਵੀ ਆਪਣੇ ਕੀਮਤੀ ਸਰਮਾਏ ਦੀ ਆਹੂਤੀ ਦੇਣੀ ਪਈ। ਇਸ ਦੌਰਾਨ ਵੀ ਪੰਥ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਨੀਤੀਗਤ ਪ੍ਰੋਗਰਾਮ ਉਲੀਕੇ, ਜਿਨ੍ਹਾਂ ਵਿਚ ਵੀ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੂੰ ਆਰਥਿਕ, ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਵਿਸ਼ੇਸ਼ ਕਰਕੇ ਮਨੋਬਲ ਦੇ ਪੱਖ ਤੋਂ ਉੱਚਾ ਚੁੱਕਣ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ, ਜਿਸ ਦੀ ਗਵਾਹੀ 'ਗੁਰਦੁਆਰਾ ਗਜ਼ਟ', ਅਗਸਤ ੧੯੪੮ ਦੇ ਅੰਕ ਵਿਚ ਇਉਂ ਮਿਲਦੀ ਹੈ:

'ਪੱਛੜੀਆਂ ਸਿੱਖ ਸ਼੍ਰੇਣੀਆਂ, ਜਿਨ੍ਹਾਂ ਵਿਚ ਮਜ਼੍ਹਬੀ, ਰਵਿਦਾਸੀਏ, ਕਬੀਰ-ਪੰਥੀ ਆਦਿ ਸ਼੍ਰੇਣੀਆਂ ਸ਼ਾਮਲ ਹਨ, ਪ੍ਰਾਚੀਨ ਕਾਲ ਤੋਂ ਅਛੂਤ ਜਾਤੀਆਂ ਨਾਲ ਸੰਬੰਧਿਤ ਹੋਣ ਕਰਕੇ, ਸਮਾਜਿਕ ਤੇ ਮਾਲੀ ਕਮਜ਼ੋਰੀ ਦੇ ਕਾਰਨ, ਪਿੰਡਾਂ ਵਿਚ ਆਮ ਤੌਰ 'ਤੇ ਹਿਕਾਰਤ ਦੀ ਨਿਗਾਹ ਨਾਲ ਦੇਖੇ ਜਾਂਦੇ ਸਨ। ਸ਼੍ਰੋਮਣੀ ਕਮੇਟੀ ਦੇ ਮੈਂਬਰ ਚੂੰਕਿ ਬਾਕਾਇਦਾ ਕਾਨੂੰਨੀ ਕਾਇਦੇ ਮੁਤਾਬਕ ਚੋਣ ਜਿੱਤਣ 'ਤੇ ਬਣਦੇ ਹਨ, ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਨੂੰ ਧਾਰਮਿਕ ਤੇ ਸਮਾਜਿਕ ਬਰਾਬਰੀ ਦੇਣ ਲਈ ਗੁਰਦੁਆਰਾ ਤਰਮੀਮ ਬਿੱਲ ਰਾਹੀਂ ਕਮੇਟੀ ਦੀਆਂ

੧੨ ਸੀਟਾਂ ਇਨ੍ਹਾਂ ਵਾਸਤੇ ਰੀਜ਼ਰਵ ਕਰ ਦਿੱਤੀਆਂ ਤੇ ਇਹ ਕਰੜੀ ਰੋਕ ਲਾ ਦਿੱਤੀ ਕਿ ਇਨ੍ਹਾਂ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੂੰ ਹਰੀਜਨ ਕੋਈ ਨਾ ਆਖੇ, ਕਿਉਂਕਿ ਹਰੀਜਨ ਸ਼ਬਦ ਵੀ, ਜੋ ਕਾਂਗਰਸੀਆਂ ਦੀ ਨਵੀਂ ਕਾਢ ਹੈ, ਇਕ ਤਰੀਕੇ ਨਾਲ ਨੀਵੀਂ ਜਾਤ ਦਾ ਹੀ ਸੂਚਕ ਹੈ ਤੇ ਇਸ ਨਵੇਂ ਲਫ਼ਜ਼ ਦਾ ਅਯੋਗ ਵਰਤਾਉ ਕਰਕੇ ਉਹ ਇਨ੍ਹਾਂ ਸ਼੍ਰੇਣੀਆਂ ਦੇ ਲੋਕਾਂ ਨੂੰ ਆਪਣੇ ਨਿੱਜੀ ਲਾਭ ਲਈ ਧੋਖਾ ਦਿੰਦੇ ਸਨ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਪੱਛੜੀਆਂ ਸ਼੍ਰੇਣੀਆਂ ਦੇ ੧੨ ਤੇ ਇਕ ਨਾਮਜ਼ਦ ਮੈਂਬਰ, ਕੁੱਲ ੧੩ ਮੈਂਬਰ ਉਸ ਸਮੇਂ ਤੋਂ ਸ਼੍ਰੋਮਣੀ ਕਮੇਟੀ ਦਾ ਅੰਗ ਬਣ ਗਏ। ਸਰਦਾਰ ਗੁਰਬਖਸ਼ ਸਿੰਘ 'ਰਾਹੀ' ਜ਼ਿਲ੍ਹਾ ਲੁਧਿਆਣਾ ਨੂੰ ਕਮੇਟੀ ਵੱਲੋਂ ਇਤਫ਼ਾਕ ਰਾਇ ਨਾਲ ਅੰਤ੍ਰਿੰਗ ਕਮੇਟੀ ਦਾ ਮੈਂਬਰ ਚੁਣਿਆ ਗਿਆ ਤੇ ਇਸ ਦੇ ਨਾਲ ਹੀ ਇਨ੍ਹਾਂ ਸ਼੍ਰੇਣੀਆਂ ਵਿਚ ਕਮੇਟੀ ਵੱਲੋਂ ਬਾਕਾਇਦਾ ਗੁਰਮਤਿ ਪ੍ਰਚਾਰ ਦੀ ਲਹਿਰ ਚਲਾਈ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਥੇ ਹੀ ਬਸ ਨਹੀਂ, ਸਗੋਂ ਇਕ ਵੱਖਰਾ ਮਹਿਕਮਾ ਵੀ ਕਮੇਟੀ ਵੱਲੋਂ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਗਿਆ, ਤਾਂਕਿ ਇਨ੍ਹਾਂ ਵਿਚ ਸਿੰਘਾਂ ਵਾਲੀ ਗੌਰਵਤਾ ਪੈਦਾ ਕੀਤੀ ਜਾਵੇ।'

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਕਾਰ 'ਤੇ ਦਬਾਅ ਪਾ ਕੇ ਕਥਿਤ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਸਜੇ ਸਿੱਖਾਂ ਨੂੰ 'ਹਿੰਦੂ ਅਛੂਤਾਂ' ਨੂੰ ਮਿਲਣ ਵਾਲੀਆਂ ਵਿਸ਼ੇਸ਼ ਰਿਆਇਤਾਂ ਦਿਵਾਉਣ ਅਤੇ ਸ਼੍ਰੋਮਣੀ ਕਮੇਟੀ ਵਿਚ ਵੀ ਇਨ੍ਹਾਂ ਲਈ ਰਾਖ਼ਵਾਂਕਰਨ ਦੇਣ ਦਾ ਅਰਥ ਇਹ ਕਦੇ ਵੀ ਨਹੀਂ ਸੀ ਕਿ ਸਿੱਖਾਂ ਵਿਚ ਇਨ੍ਹਾਂ ਦਾ ਦਰਜਾ ਅਤੇ ਪਛਾਣ ਉਹੋ ਹੀ ਰਹੇ ਜੋ ਹਿੰਦੂ ਸਮਾਜ ਅੰਦਰ ਅਛੂਤਾਂ ਦਾ ਹੈ, ਬਲਕਿ ਸ਼੍ਰੋਮਣੀ ਕਮੇਟੀ ਦਾ ਉਦੇਸ਼ ਇਨ੍ਹਾਂ ਨੂੰ ਹਰ ਖੇਤਰ 'ਚ ਬਰਾਬਰ ਮੌਕੇ ਦੁਆ ਕੇ ਜੀਵਨ ਦੇ ਹਰ ਪੱਖੋਂ ਸਮਰੱਥ ਅਤੇ ਸੰਪੂਰਨ ਬਣਾਉਣਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਭਾਵਨਾ ਨੂੰ ਸ਼੍ਰੋਮਣੀ ਕਮੇਟੀ ਦਾ ਮਿਤੀ ੬ ਮਾਰਚ, ੧੯੪੯ ਨੂੰ ਪਾਸ ਕੀਤਾ ਗਿਆ ਇਤਿਹਾਸਿਕ ਮਤਾ ਖ਼ੁਦ-ਬ-ਖ਼ੁਦ ਪ੍ਰਗਟ ਕਰਦਾ ਹੈ:

'ਪਿੱਛੇ ਰਹੀਆਂ ਸਿੱਖ ਸ਼੍ਰੇਣੀਆਂ ਦੀ ਧਾਰਮਿਕ, ਸਮਾਜਿਕ ਤੇ ਵਿੱਦਿਅਕ ਉੱਨਤੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾਂ ਤੋਂ ਯਤਨ ਕਰਦੀ ਆ ਰਹੀ ਹੈ। ਕਮੇਟੀ ਨੇ ੧੨ ਸੀਟਾਂ ਇਨ੍ਹਾਂ ਲਈ ਰਾਖ਼ਵੀਆਂ ਕੀਤੀਆਂ ਹੋਈਆਂ ਹਨ। ਇਸ ਸਮੇਂ ਇਨ੍ਹਾਂ ਸ਼੍ਰੇਣੀਆਂ ਵਿੱਚੋਂ ੧੩ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਨ ਤੇ ਇਕ ਸੱਜਣ ਐਗਜ਼ੈਕਟਿਵ ਵਿਚ ਲਏ ਹੋਏ ਹਨ।

ਪਿੱਛੇ ਰਹੀਆਂ ਸਿੱਖ ਸ਼੍ਰੇਣੀਆਂ ਦੇ ਪ੍ਰਤੀਨਿਧਾਂ ਦੀ ਇਕ ਸਲਾਹਕਾਰ ਕਮੇਟੀ ਬਣਾਈ ਗਈ ਹੈ, ਜਿਸ ਤੋਂ ਲੋੜ ਅਨੁਸਾਰ ਜ਼ਰੂਰੀ ਮਾਮਲਿਆਂ 'ਤੇ ਮਸ਼ਵਰਾ ਲੈ

ਲਿਆ ਜਾਂਦਾ ਹੈ। ਇਸ ਸਮੇਂ ਇਨ੍ਹਾਂ ਸ਼੍ਰੇਣੀਆਂ ਵਿਚ ਧਰਮ ਪ੍ਰਚਾਰ ਕਰਨ ਲਈ ਅੱਠ ਪ੍ਰਚਾਰਕ ਰੱਖੇ ਹੋਏ ਹਨ ਤੇ ਪੰਜ ਸੁਪਰਵਾਈਜ਼ਰ ਨਿਯਤ ਕੀਤੇ ਗਏ ਹਨ। ਇਸ ਤੋਂ ਇਲਾਵਾ ਧਾਰਮਿਕ ਉੱਨਤੀ ਲਈ ਫਤਿਹਗੜ੍ਹ ਸਾਹਿਬ ਤੇ ਮੁਕਤਸਰ ਸਾਹਿਬ ਵਿਖੇ ਦੋ ਭਾਰੀ ਕਾਨਫ਼੍ਰੰਸਾਂ ਵੀ ਕੀਤੀਆਂ ਗਈਆਂ ਹਨ।

ਇਨ੍ਹਾਂ ਸ਼੍ਰੇਣੀਆਂ ਦੇ ਲੜਕਿਆਂ ਦੀ ਆਰਥਿਕ ਉੱਨਤੀ ਲਈ ਖੱਡੀਆਂ ਤੇ ਚਮੜੇ ਰੰਗਣ ਆਦਿ ਦਾ ਕੰਮ ਸਿਖਾਉਣ ਵਾਸਤੇ ਵੱਖ-ਵੱਖ ਥਾਵਾਂ 'ਤੇ ਦਸਤਕਾਰੀ ਟਰੇਨਿੰਗ ਸਕੂਲ ਖੋਲ੍ਹਣ ਦਾ ਭੀ ਫ਼ੈਸਲਾ ਕੀਤਾ ਗਿਆ ਹੈ। ਇਸ ਤਰ੍ਹਾਂ ਵਿੱਦਿਅਕ ਉੱਨਤੀ ਲਈ ੪੫ ਗ਼ਰੀਬ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਗਏ ਹਨ।

ਇਹ ਗੱਲ ਖ਼ਾਸ ਵਰਣਨਯੋਗ ਹੈ ਕਿ ਕਮੇਟੀ ਦੇ ਯਤਨਾਂ ਦਾ ਸਦਕਾ ਹੀ ਪੂਰਬੀ ਪੰਜਾਬ ਸਰਕਾਰ ਨੇ ਐਲਾਨ ਕੀਤਾ ਹੈ ਕਿ ਪਿੱਛੇ ਰਹੀਆਂ ਸਿੱਖ ਸ਼੍ਰੇਣੀਆਂ ਨੂੰ ਜ਼ਮੀਨਾਂ, ਵਜ਼ੀਫੇ ਤੇ ਨੌਕਰੀ ਆਦਿ ਦੀਆਂ ਸਾਰੀਆਂ ਸਰਕਾਰੀ ਰਿਆਇਤਾਂ ਹਰੀਜਨਾਂ ਵਾਂਗ ਹੀ ਦਿੱਤੀਆਂ ਜਾਣਗੀਆਂ। ਇਸ 'ਤੇ ਅਮਲ ਵੀ ਹੋਣਾ ਸ਼ੁਰੂ ਹੋ ਗਿਆ ਹੈ।

ਸਾਡੀ ਇੱਛਾ ਹੈ ਕਿ ਇਨ੍ਹਾਂ ਗ਼ਰੀਬ ਸਿੱਖਾਂ ਦੀ ਹਰ ਪਹਿਲੂ ਤੋਂ ਉੱਨਤੀ ਹੋਵੇ ਤੇ ਇਨ੍ਹਾਂ ਨੂੰ 'ਪਿੱਛੇ ਰਹੀਆਂ ਸਿੱਖ ਸ਼੍ਰੇਣੀਆਂ' ਆਖਣ ਦੀ ਲੋੜ ਨਾ ਰਹੇ। '

ਇਸੇ ਤਰ੍ਹਾਂ ਸਮੇਂ-ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਥਿਤ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਉੱਚਾ ਨਾ ਉੱਠ ਸਕੇ ਸਿੱਖਾਂ ਦੇ ਸਰਬਪੱਖੀ ਜੀਵਨ ਨੂੰ ਸਮਰੱਥ ਤੇ ਸੰਪੂਰਨ ਬਣਾਉਣ ਲਈ ਵਿਸ਼ੇਸ਼ ਯੋਜਨਾਵਾਂ ਉਲੀਕਦੀ ਰਹੀ ਹੈ। ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੀ ਸ਼ਤਾਬਦੀ ਪੂਰੀ ਹੋਣ 'ਤੇ ਇਸ ਪੱਖ ਤੋਂ ਵੀ ਅਕਾਦਮਿਕ ਪੱਧਰ 'ਤੇ ਮੁਤਾਲਿਆ ਹੋਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨ ਦੇ ਆਦਰਸ਼ਾਂ ਦੇ ਸਰਬ-ਸਾਂਝੀਵਾਲਤਾ ਅਤੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਤਿਹਾਸਿਕ ਦੇਣ ਕੀ ਰਹੀ ਹੈ? ਅਤੇ ਇਸ ਦੇਣ ਨੂੰ ਉਭਾਰਨਾ ਸਮੇਂ ਦੀ ਲੋੜ ਹੈ ਤਾਂ ਜੋ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੀਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਖੋਲ੍ਹ ਕੇ, ਸਿੱਖ ਸਮਾਜ ਅੰਦਰ ਸਮੇਂ ਦੇ ਨਾਲ ਆਉਂਦੀਆਂ ਕੁਰੀਤੀਆਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਇਤਿਹਾਸ ਤੋਂ ਸੇਧ ਲਈ ਜਾ ਸਕੇ।

ਹਵਾਲਾ ਪੁਸਤਕ ਸੂਚੀ:


੧. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ* -ਸ. ਸ਼ਮਸ਼ੇਰ ਸਿੰਘ ਅਸ਼ੋਕ

੨. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?* -ਡਾ. ਹਰਜਿੰਦਰ ਸਿੰਘ ਦਿਲਗੀਰ

੩. *ਜਾਤ ਪਾਤ ਅਤੇ ਸਿੱਖ ਲਹਿਰ* -ਸ. ਬਲਜੀਤ ਸਿੰਘ ਖ਼ਾਲਸਾ


■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਰਮ ਅਧਿਐਨ ਅਤੇ ਗੁਰਮਤਿ ਖੋਜ ਵਿਚ ਯੋਗਦਾਨ

*-ਡਾ. ਅਜੈਪਾਲ ਸਿੰਘ**

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਸਿੱਖ ਪੰਥਕ ਗਤੀਵਿਧੀਆਂ ਦੀ ਰਹਿਨੁਮਾਈ ਕਰਨ ਵਾਲੀ ਇਕ ਸਿਰਮੌਰ ਸੰਸਥਾ ਹੈ। ਇਸ ਮਹਾਨ ਸੰਸਥਾ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਸੰਬੰਧੀ ਸ਼ੁਰੂ ਤੋਂ ਹੀ ਮਹਾਨ ਉਪਰਾਲੇ ਕੀਤੇ ਗਏ। ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਅਤੇ ਪ੍ਰਬੰਧ ਤੋਂ ਇਲਾਵਾ ਅਨੇਕਾਂ ਪੰਥਕ/ਕੌਮੀ ਮਸਲਿਆਂ ਪ੍ਰਤੀ ਇਹ ਸੰਸਥਾ ਹਮੇਸ਼ਾ ਚੇਤੰਨ ਰਹੀ ਹੈ। ਵਿਸ਼ੇਸ਼ ਰੂਪ ਵਿਚ ਇਸ ਸੰਸਥਾ ਵੱਲੋਂ ਧਰਮ ਅਧਿਐਨ ਜਾਂ ਅਕਾਦਮਿਕ ਖੋਜ ਸੰਬੰਧੀ ਕੀਤੇ ਗਏ ਯਤਨ ਤਾਂ ਬਹੁਤ ਹੀ ਸ਼ਲਾਘਾਯੋਗ ਹਨ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਵਿੱਦਿਅਕ ਪੱਧਰ ਨੂੰ ਉੱਚਾ ਚੁੱਕਣ ਹਿੱਤ ਅਕਾਦਮਿਕ ਪੱਖ ਦਾ ਬਹੁਤ ਮਹੱਤਵਪੂਰਨ ਸਥਾਨ ਹੈ, ਪ੍ਰੰਤੂ ਵਿੱਦਿਆ ਦੇ ਸਹੀ ਮਿਆਰਾਂ ਦੀ ਸਥਾਪਤੀ ਲਈ ਅਧਿਆਤਮਿਕ ਖੋਜ ਵੀ ਅਤਿਅੰਤ ਜ਼ਰੂਰੀ ਹੈ, ਇਸ ਲਈ ਇਹ ਪੱਖ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿ ਜਿਸ ਤਰੀਕੇ ਦੁਆਰਾ ਭਵਿੱਖ ਵਿਚ ਨਵੇਂ ਆਦਰਸ਼ਾਂ ਦੀ ਸਥਾਪਤੀ ਹੋਣੀ ਹੈ, ਉਨ੍ਹਾਂ ਦਾ ਬੁਨਿਆਦੀ ਧੁਰਾ ਵੀ ਅਧਿਆਤਮਿਕ ਹੋਵੇ। ਅਧਿਆਤਮਿਕ ਜਾਂ ਗੁਰਮਤਿ ਖੋਜ ਦਾ ਵਿਸ਼ੇਸ਼ ਲਕਸ਼ ਜਗਿਆਸੂ ਨੂੰ ਸੱਚੇ ਤੇ ਸਪੱਸ਼ਟ ਗਿਆਨ ਨਾਲ ਜੋੜਨਾ ਹੈ ਪ੍ਰੰਤੂ ਜੇਕਰ ਅਧਿਆਤਮਿਕ ਗਿਆਨ ਨਾਲੋਂ ਅਕਾਦਮਿਕ ਗਿਆਨ ਦਾ ਪੱਲੜਾ ਭਾਰੀ ਹੋ ਜਾਵੇ ਤਾਂ ਉਹ ਗੁਣਾਤਮਿਕ ਨਾਲੋਂ ਗਿਣਾਤਮਿਕ ਖੋਜ ਨੂੰ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਇਸ ਪੱਖ ਦੀ ਪੁਸ਼ਟੀ ਲਈ ਗੁਰਬਾਣੀ ਵਿਚ ਦਰਜ ਹੈ *ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ* ਤਥਾ *ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥*...... ਸੋ ਸਪੱਸ਼ਟ ਰੂਪ ਵਿਚ ਵਿੱਦਿਆ ਦਾ ਅਸਲ ਉਦੇਸ਼ ਆਪਣੀ ਹਉਮੈਂ ਨੂੰ ਪੱਠੇ ਨਾ ਪਾਉਣਾ ਹੋ ਕੇ ਮਨ, ਬਚਨ ਅਤੇ ਕਰਮ ਦੁਆਰਾ ਗੁਣਾਂ ਦੀ ਸਥਾਪਤੀ ਕਰ ਕੇ ਇਕ ਪਰਉਪਕਾਰੀ ਬਿਰਤੀ ਧਾਰਨ ਕਰਨਾ ਹੈ।[੧]

ਅਸਲ ਵਿਚ ਮਨੁੱਖ ਦੇ ਪੂਰਨ ਵਿਕਾਸ ਲਈ ਦੋਵੇਂ ਪ੍ਰਕਾਰ ਦੀ ਵਿੱਦਿਆ ਭਾਵ ਅਕਾਦਮਿਕ ਅਤੇ ਅਧਿਆਤਮਿਕ ਦਾ ਸੰਤੁਲਨ ਹੋਣਾ ਬਹੁਤ ਜ਼ਰੂਰੀ ਹੈ। ਜਗਿਆਸੂ ਲਈ ਅਕਾਦਮਿਕ ਵਿੱਦਿਆ ਪ੍ਰਾਪਤੀ ਦੇ ਨਾਲ-ਨਾਲ ਗੁਰਬਾਣੀ ਵਿਚਾਰ ਅਤੇ ਨਾਮ ਸਿਮਰਨ ਦਾ ਪੱਖ ਵੀ ਅਤਿਅੰਤ ਜ਼ਰੂਰੀ ਹੈ। ਗੁਰਬਾਣੀ ਦਾ

** ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ- ੧੫੧੩੦੨; ਮੋ:+੯੧੯੪੧੭੧੬੪੦੦੫.*

ਫੁਰਮਾਨ ਹੈ *'ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥ ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥'* ਗੁਰੂ ਪਾਤਸ਼ਾਹ ਵੱਲੋਂ ਗੁਰਬਾਣੀ ਵਿਚ ਅਸਲ ਵਿੱਦਿਆ ਜਾਂ ਬਿਬੇਕ ਬੁੱਧ[2] ਧਾਰਨ ਕਰਨ ਸੰਬੰਧੀ ਵਿਸ਼ੇਸ਼ ਰੂਪ ਵਿਚ ਪ੍ਰੇਰਨਾ ਦਿੱਤੀ ਗਈ ਹੈ।

ਡਾ. ਰਤਨ ਸਿੰਘ ਜੱਗੀ 'ਸਿੱਖ ਪੰਥ ਵਿਸ਼ਵਕੋਸ਼' ਵਿਚ ਵਿੱਦਿਆ ਦੇ ਦੋਨਾਂ ਪੱਖਾਂ ਦਾ ਵੇਰਵਾ ਦਿੰਦੇ ਹਨ। ਜਿਵੇਂ ਵਿੱਦਿਆ ਦਾ ਮੂਲ ਅਰਥ ਹੈ ਸਤ ਦਾ ਗਿਆਨ, ਪਰਮਾਰਥ ਤਤਵ ਦਾ ਗਿਆਨ ਜਾਂ ਆਤਮ ਗਿਆਨ। ਵਿੱਦਿਆ ਦੇ ਦੋ ਰੂਪ ਹਨ। ਇੱਕ 'ਅਪਰਾ ਵਿੱਦਿਆ' ਜੋ ਨੀਵੇਂ ਦਰਜੇ ਦੀ ਵਿੱਦਿਆ ਮੰਨੀ ਗਈ ਹੈ। ਇਸ ਦਾ ਸੰਬੰਧ ਬ੍ਰਹਮ ਸੰਬੰਧੀ ਸਰਗੁਣ ਗਿਆਨ ਨਾਲ ਹੈ। ਇਸ ਨਾਲ ਮੋਖ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਦੂਜੀ 'ਪਰਾ ਵਿੱਦਿਆ' ਰਾਹੀਂ ਮੋਖ ਪ੍ਰਾਪਤ ਹੁੰਦਾ ਹੈ। ਇਸ ਨੂੰ ਬ੍ਰਹਮ ਵਿੱਦਿਆ ਜਾਂ ਆਤਮ ਵਿੱਦਿਆ ਕਿਹਾ ਜਾ ਸਕਦਾ ਹੈ।[3] ਵਿੱਦਿਆ ਤੋਂ ਭਾਵ ਜਾਣਨ ਦੀ ਕਿਰਿਆ ਇਲਮ ਆਦਿ ਤੋਂ ਹੈ ਅਤੇ ਗਿਆਨ ਸ਼ਬਦ ਜਾਣਨਾ, ਬੋਧ, ਸਮਝ ਆਦਿ ਦੇ ਭਾਵ ਦਿੰਦਾ ਹੈ। ਸਿੱਖਿਆ ਦੇ ਸੰਕੁਚਿਤ ਅਰਥਾਂ ਅਨੁਸਾਰ ਇਕ ਬਾਲਗ ਨੂੰ ਇਕ ਨਿਸ਼ਚਿਤ ਯੋਜਨਾ ਅਨੁਸਾਰ, ਇਕ ਨਿਸ਼ਚਿਤ ਸਮੇਂ ਤਕ ਅਤੇ ਨਿਸ਼ਚਿਤ ਵਿਧੀਆਂ ਦੁਆਰਾ, ਨਿਸ਼ਚਿਤ ਪ੍ਰਕਾਰ ਦਾ ਗਿਆਨ ਦਿੱਤਾ ਜਾਂਦਾ ਹੈ। ਵਿਆਪਕ ਅਰਥਾਂ ਅਨੁਸਾਰ ਵਿਅਕਤੀ ਜਨਮ ਤੋਂ ਲੈ ਕੇ ਮੌਤ ਤਕ ਹਮੇਸ਼ਾ ਸਿੱਖਦਾ ਰਹਿੰਦਾ ਹੈ।[4]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਅਰੰਭਲੇ ਸਮੇਂ ਤੋਂ ਹੀ ਇਸ ਵਿਚਾਰ ਤੋਂ ਭਲੀ-ਭਾਂਤ ਵਾਕਫ ਸੀ ਕਿ ਕਿਸੇ ਵਿਅਕਤੀ ਦੀ ਸਰਵਪੱਖੀ ਸ਼ਖ਼ਸੀਅਤ ਉਸਾਰੀ ਲਈ ਸੰਸਾਰਕ ਅਤੇ ਅਧਿਆਤਮਿਕ ਵਿੱਦਿਆ ਦਾ ਸੁਮੇਲ ਅਤਿ ਜ਼ਰੂਰੀ ਹੈ। ਇਸੇ ਕਾਰਨ ਇਸ ਸੰਸਥਾ ਵੱਲੋਂ ਵਿੱਦਿਆ ਦੇ ਅਲੱਗ-ਅਲੱਗ ਵਿਸ਼ਿਆਂ ਨੂੰ ਆਪਣੇ ਅਦਾਰਿਆਂ ਦਾ ਭਾਗ ਬਣਾਇਆ ਗਿਆ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ, ਕਾਲਜਾਂ, ਮੈਡੀਕਲ ਕਾਲਜਾਂ, ਡਿਗਰੀ ਕਾਲਜਾਂ, ਇੰਜੀਨੀਅਰਿੰਗ ਕਾਲਜਾਂ ਤੋਂ ਇਲਾਵਾ ਵਿਸ਼ੇਸ਼ ਰੂਪ ਵਿਚ ਧਰਮ ਅਧਿਐਨ ਤੇ ਖੋਜ ਸੰਬੰਧੀ ਵਿਸ਼ਿਆਂ ਦੀ ਸਥਾਪਤੀ ਵੀ ਇਨ੍ਹਾਂ ਅਦਾਰਿਆਂ ਵਿਚ ਕੀਤੀ ਗਈ। ਭਾਈ ਗੁਰਦਾਸ ਜੀ ਦੇ ਕਥਨ *ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ* ਅਨੁਸਾਰ ਇਸ ਸੰਸਥਾ ਵੱਲੋਂ ਲੋਕਾਈ ਵਿਚ ਗੁਰਬਾਣੀ/ਸ਼ਬਦ ਦੇ ਲੰਗਰ ਨੂੰ ਖਾਸ ਤੌਰ 'ਤੇ ਵੰਡਿਆ ਗਿਆ ਤਾਂ ਜੋ ਵਿੱਦਿਆ ਦੇ ਅਸਲ ਉਦੇਸ਼, ਗੁਰਮਤਿ ਖੋਜ ਅਤੇ ਗੁਰਮਤਿ ਸਿਧਾਂਤਾਂ ਨੂੰ ਸਮੁੱਚੇ ਜਗਤ ਵਿਚ ਪ੍ਰਕਾਸ਼ਮਾਨ ਕੀਤਾ ਜਾ ਸਕੇ। ਇਸ ਲੇਖ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਉਨ੍ਹਾਂ ਅਦਾਰਿਆਂ ਦਾ ਵਿਸ਼ੇਸ਼ ਰੂਪ ਵਿਚ ਜ਼ਿਕਰ ਕੀਤਾ

ਜਾਵੇਗਾ, ਜਿਨ੍ਹਾਂ ਵਿਚ ਖਾਸ ਤੌਰ 'ਤੇ ਧਰਮ ਅਧਿਐਨ ਤੇ ਗੁਰਮਤਿ ਖੋਜ ਸੰਬੰਧੀ ਯਤਨ ਕੀਤੇ ਜਾ ਰਹੇ ਹਨ।

ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਧਰਮ ਅਧਿਐਨ ਹੁੰਦਾ ਕੀ ਹੈ? ਜਿਵੇਂ ਧਰਮ ਅਧਿਐਨ ਇਕ ਅਜਿਹਾ ਅਧਿਐਨ ਹੈ ਜਿਸ ਵਿਚ ਕਿਸੇ ਵਿਅਕਤੀ ਦੁਆਰਾ ਆਪਣੇ ਧਰਮ ਦੇ ਨਾਲ-ਨਾਲ ਹੋਰ ਦੂਜੇ ਧਰਮਾਂ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਧਰਮ ਅਧਿਐਨ, ਕਿਸੇ ਧਰਮ ਦੇ ਧਾਰਮਿਕ ਵਿਸ਼ਵਾਸਾਂ, ਵਿਹਾਰਾਂ, ਰੀਤੀ-ਰਿਵਾਜਾਂ, ਸੱਭਿਆਚਾਰਾਂ ਅਤੇ ਸੰਸਥਾਵਾਂ ਦੇ ਨਿਰਪੱਖ ਅਧਿਐਨ ਨੂੰ ਕਿਹਾ ਜਾਂਦਾ ਹੈ। ਇਸ ਅਧਿਐਨ ਵਿਚ ਸਾਰੇ ਧਰਮਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਧਰਮ ਅਧਿਐਨ ਧਾਰਮਿਕ ਵਰਤਾਰੇ ਦਾ ਅਧਿਐਨ ਵਿਭਿੰਨ ਪੱਖਾਂ ਤੋਂ ਕਰਦਾ ਹੈ। ਧਰਮਾਂ ਦਾ ਇਤਿਹਾਸ (Religionswissenchaft) ਧਰਮਾਂ ਦੇ ਅਧਿਐਨ ਨੂੰ ਦਿੱਤਾ ਗਿਆ ਇਕ ਆਮ ਨਾਂ ਹੈ, ਜਿਹੜਾ ਕਿ ਅਕਾਦਮਿਕ ਵਿਸ਼ੇ ਦੇ ਤੌਰ 'ਤੇ ਹੁਣੇ ਜਿਹੇ ਵਿਸ਼ੇਸ਼ ਤੌਰ 'ਤੇ ਪੱਛਮ ਵਿਚ ਵਿਕਸਿਤ ਹੋਇਆ ਹੈ ਅਤੇ ਇਸ ਨੇ ਅਕਾਦਮਿਕ ਖੇਤਰ ਵਿਚ ਆਪਣੀ ਯੋਗ ਥਾਂ ਬਣਾ ਲਈ ਹੈ।[੫] ਮੈਕਸਮੂਲਰ ਨੇ ਸਭ ਤੋਂ ਪਹਿਲਾਂ ਧਰਮ ਅਧਿਐਨ ਲਈ 'Religionswissenchaft' ਸ਼ਬਦ ਵਰਤਿਆ ਸੀ। ਇਹ ਜਰਮਨ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਭਾਵ 'ਧਰਮ ਦਾ ਵਿਗਿਆਨ' ਹੈ। ਵਰਤਮਾਨ ਸਮੇਂ ਵਿਚ ਇਹ ਸ਼ਬਦ ਧਰਮ ਅਧਿਐਨ ਲਈ ਬਹੁਤ ਪ੍ਰਚਲਿਤ ਹੋ ਗਿਆ ਹੈ। ਧਰਮ ਅਧਿਐਨ ਮਨੁੱਖ ਦਾ ਸਮੁੱਚਾ ਅਧਿਐਨ ਹੈ। ਮਨੁੱਖਾਂ ਦੇ ਧਰਮਾਂ ਦਾ ਅਧਿਐਨ ਕਰਨ ਨਾਲ ਸੰਸਾਰ ਦੇ ਮਨੁੱਖਾਂ ਬਾਰੇ ਵਾਕਫੀ ਤੇ ਸੂਝ ਵਿਚ ਵਾਧਾ ਹੁੰਦਾ ਹੈ। ਤੁਸੀਂ ਇਕ ਜਪਾਨੀ ਦੀਆਂ ਧਾਰਮਿਕ ਰਹੁਰੀਤਾਂ ਤੇ ਵਿਚਾਰਾਂ ਨੂੰ ਸਮਝੇ ਬਿਨਾਂ ਉਸ ਬਾਰੇ ਕੀ ਸੋਝੀ ਪ੍ਰਾਪਤ ਕਰੋਗੇ? ਤੁਹਾਨੂੰ ਉਸ ਨੂੰ ਜਾਣਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ 'ਮਹਾਯਾਨ' ਧਰਮ ਬਾਰੇ ਵਾਕਫੀ ਪ੍ਰਾਪਤ ਕਰਨੀ ਪਵੇਗੀ।[੬] ਮੈਕਸਮੂਲਰ ਵੱਲੋਂ ਧਰਮ ਅਧਿਐਨ ਦੀ ਨੀਂਹ ਰੱਖਣ ਉਪਰੰਤ ਵਿਸ਼ਵ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿਚ ਇਸ ਵਿਸ਼ੇ ਦੀ ਸਥਾਪਨਾ ਦਾ ਕਾਰਜ ਸ਼ੁਰੂ ਹੋ ਗਿਆ। ੧੮੭੩ ਈ. ਵਿਚ ਜਨੇਵਾ ਵਿਖੇ ਧਰਮ ਅਧਿਐਨ ਦੀ ਪਹਿਲੀ ਚੇਅਰ ਸਥਾਪਿਤ ਹੋਈ ਅਤੇ ਇਸ ਤੋਂ ਤਿੰਨ ਸਾਲਾਂ ਬਾਅਦ ਨੀਦਰਲੈਂਡ ਵਿਚ ਚਾਰ ਚੇਅਰਾਂ ਦੀ ਸਥਾਪਨਾ ਹੋਈ। ੧੮੭੯ ਈ. ਵਿਚ 'ਕਾਲਜ ਆਫ ਫਰਾਂਸ' ਪੈਰਿਸ ਵਿਖੇ ਇਸ ਅਧਿਐਨ ਦੀ ਸ਼ੁਰੂਆਤ ਹੋਈ ਅਤੇ ੧੮੮੫ ਈ. ਵਿਚ ਪੈਰਿਸ ਦੀ ਯੂਨੀਵਰਸਿਟੀ 'ਸੋਰਬੋਨ' ਵਿਖੇ ਧਰਮ ਅਧਿਐਨ ਦਾ ਪਹਿਲਾ ਵਿਲੱਖਣ ਵਿਭਾਗ ਖੋਲ੍ਹਿਆ ਗਿਆ ਸੀ।[੭] ਧਰਮ ਅਧਿਐਨ ਨਾਲ ਸੰਬੰਧਿਤ ਕਈ ਪ੍ਰਕਾਰ ਦੀਆਂ ਵਿਧੀਆਂ ਅਕਾਦਮਿਕ ਖੇਤਰ ਵਿਚ ਪ੍ਰਚਲਿਤ ਹਨ। ਜਿਵੇਂ ੧. ਸਮਾਜ ਵਿਗਿਆਨੀ ਵਿਧੀ, ੨. ਮਾਨਵ ਵਿਗਿਆਨੀ ਵਿਧੀ,

੩. ਪਰਪੰਚ ਵਿਗਿਆਨੀ ਵਿਧੀ ਅਤੇ ੪. ਮਨੋਵਿਗਿਆਨੀ ਵਿਧੀ ਆਦਿ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਅਰੰਭਲੇ ਵਰ੍ਹਿਆਂ ਸਮੇਂ ਪਾਸ ਕੀਤੇ ਗਏ ਮਤਿਆਂ ਤੋਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸੰਸਥਾ ਸ਼ੁਰੂ ਤੋਂ ਹੀ ਧਰਮ ਜਾਂ ਗੁਰਮਤਿ ਅਧਿਐਨ ਪ੍ਰਤੀ ਕਿੰਨੀ ਚੇਤੰਨ ਸੀ। ਜਿਵੇਂ : ੧੦ ਮਾਰਚ, ੧੯੪੫ ਨੂੰ ਕਮੇਟੀ ਦੀ ਜਨਰਲ ਇਕੱਤਰਤਾ ਵਿਚ ਇਹ ਮਤਾ ਸਰਬਸੰਮਤੀ ਨਾਲ ਪਾਸ ਹੋਇਆ ਕਿ ਸਿੱਖ ਸੱਭਿਆਚਾਰ, ਸਿੱਖ ਰਵਾਇਤਾਂ ਅਤੇ ਹੋਰ ਹਰ ਕਿਸਮ ਦੀ ਪੜ੍ਹਾਈ ਲਈ ਕੌਮ ਦੀ ਆਪਣੀ ਯੂਨੀਵਰਸਿਟੀ ਹੋਣੀ ਚਾਹੀਦੀ ਹੈ। ਇਹ ਇਕੱਤਰਤਾ ਤਿੰਨ ਸੱਜਣਾਂ ਦੀ ਇਕ ਕਮੇਟੀ ਨਿਯਤ ਕਰਨ ਦੇ ਅਧਿਕਾਰ ਅੰਤ੍ਰਿੰਗ ਕਮੇਟੀ ਨੂੰ ਦਿੰਦੀ ਹੈ ਜੋ ਦੂਸਰੇ ਸਿੱਖ ਜਥੇਬੰਦੀਆਂ ਅਤੇ ਹੋਰ ਇਸ ਸੰਬੰਧੀ ਮਦਦ ਕਰਨ ਵਾਲੀਆਂ ਸਾਰੀਆਂ ਤਾਕਤਾਂ ਦੀ ਸਹਾਇਤਾ ਲੈਣ ਲਈ ਉਨ੍ਹਾਂ ਨਾਲ ਮਿਲਵਰਤਨ ਕਰ ਕੇ ਇਸ ਸ਼ੁੱਭ ਕੰਮ ਨੂੰ ਸਿਰੇ ਚੜ੍ਹਾਵੇ।[੮] ਇਸੇ ਦਿਨ ਹੀ ਇਕ ਹੋਰ ੬ ਸਾਲਾ ਪ੍ਰੋਗਰਾਮ ਵੀ ਮਿਥਿਆ ਗਿਆ ਜਿਸ ਵਿਚ ਗੁਰਮਤਿ ਵਿੱਦਿਆ ਅਤੇ ਧਰਮ ਅਧਿਐਨ ਸੰਬੰਧੀ ਵਿਸ਼ੇਸ਼ ਯਤਨਾਂ ਨੂੰ ਉਲੀਕਿਆ ਗਿਆ। ਜਿਵੇਂ :

(ੳ) ਗੁਰਮੁਖੀ ਦੀ ਪੜ੍ਹਾਈ ਖਾਸ ਕਰਕੇ ਬਾਲਗ ਵਿੱਦਿਆ ਲਈ ਉੱਦਮ ਵਿਚ ਵਾਧਾ ਕਰਨਾ।

(ਅ) ਸਿੱਖ ਯੂਨੀਵਰਸਿਟੀ ਬਣਾਉਣੀ, ਜਿਸ ਦੇ ਅਧੀਨ ਮੈਡੀਕਲ, ਐਜੂਕੇਸ਼ਨਲ, ਇਲੈਕਟ੍ਰੀਸ਼ੀਅਨ, ਇੰਜੀਨੀਅਰਿੰਗ, ਕੈਮਿਸਟਰੀ, ਮੈਡੀਕਲ ਸਾਇੰਸ ਆਦਿ ਕਾਰਜ ਹੋਣ।

(ੲ) ਸਿੱਖ ਸਕੂਲਾਂ, ਕਾਲਜਾਂ ਵਿਚ ਸਿੱਖ ਇਤਿਹਾਸ, ਧਰਮ ਵਿੱਦਿਆ ਤੇ ਪੰਜਾਬੀ ਦੀ ਪੜ੍ਹਾਈ ਨੂੰ ਜ਼ੋਰ ਦੇ ਕੇ ਪ੍ਰਫੁੱਲਤ ਕਰਾਉਣਾ।

(ਸ) ਪਿੰਡਾਂ ਵਿਚ ਲਾਇਬਰੇਰੀਆਂ ਖੋਲ੍ਹਣੀਆਂ ਆਦਿ।[੯]

੭ ਮਾਰਚ, ੧੯੫੯ ਦੇ ਜਨਰਲ ਸਮਾਗਮ ਵਿਚ ਇਸ ਸੰਸਥਾ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ, ਗੁਰੂ ਕੀ ਕਾਸ਼ੀ, ਤਲਵੰਡੀ ਸਾਬੋ ਵਿਖੇ ਧਰਮ ਅਧਿਐਨ ਦੀ ਲੋੜ ਅਤੇ ਮਹੱਤਤਾ ਨੂੰ ਸਮਝਦਿਆਂ ਇੱਥੇ ਖਾਲਸਾ ਕਾਲਜ ਬਣਾਉਣ ਦੀ ਤਜਵੀਜ਼ ਰੱਖੀ ਗਈ। ਇਸ ਦੇ ਨਾਲ ਹੀ ਫਤਿਹਗੜ੍ਹ ਸਾਹਿਬ ਵਿਖੇ ਮਾਤਾ ਗੁਜਰੀ ਜੀ ਦੇ ਨਾਮ ਉੱਪਰ ਇਕ ਕਾਲਜ ਸਥਾਪਿਤ ਕਰਨ ਲਈ ੫੦ ਹਜ਼ਾਰ ਦੀ ਰਕਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੱਢੀ ਜਾਣ ਸੰਬੰਧੀ ਤਜਵੀਜ਼ ਹੋਈ।[੧੦] ਬੀਤੇ ਕੁਝ ਸਮੇਂ ਦੌਰਾਨ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਅਤੇ ਧਰਮ ਅਧਿਐਨ ਦੇ ਪ੍ਰਸਾਰ ਸੰਬੰਧੀ ਯਤਨ ਵਜੋਂ ਕਈ ਸਿਰਮੌਰ ਅਦਾਰਿਆਂ ਦੀ ਸਥਾਪਤੀ ਕੀਤੀ ਗਈ ਹੈ ਕਿਉਂਕਿ ਅਣ-ਧਰਮਾਂ ਦੇ ਲੋਕਾਂ ਨੂੰ ਗੁਰਮਤਿ ਮਾਰਗ ਤੋਂ ਜਾਣੂ ਕਰਾਉਣ ਲਈ ਗੁਣਵਾਨ ਪ੍ਰਚਾਰਕਾਂ ਦੀ ਇਸ ਸਮੇਂ ਬੜੀ ਵੱਡੀ ਲੋੜ ਹੈ।

ਗੁਰਮਤਿ ਗਿਆਨ ਨੂੰ ਵਿਦਿਆਰਥੀਆਂ ਵਿਚ ਪਸਾਰ ਕੇ ਹੀ ਉਨ੍ਹਾਂ ਵਿਚ ਅਸਲ ਵਿੱਦਿਆ, ਸ਼ਰਧਾ ਭਾਵਨਾ, ਚੰਗੇ ਸੰਸਕਾਰਾਂ, ਸੇਵਾ ਅਤੇ ਸਿਮਰਨ ਵਰਗੇ ਉੱਤਮ ਗੁਣਾਂ ਨੂੰ ਪੈਦਾ ਕੀਤਾ ਜਾ ਸਕਦਾ ਹੈ। ਗੁਰਮਤਿ ਗਿਆਨ ਦੇ ਪ੍ਰਕਾਸ਼ ਦੁਆਰਾ ਹੀ ਅਗਿਆਨਤਾ ਦਾ ਵਿਨਾਸ਼ ਸੰਭਵ ਹੈ। ਪੰਚਮ ਪਾਤਸ਼ਾਹ ਦਾ ਫੁਰਮਾਨ ਹੈ *ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*

ਉਪਰੋਕਤ ਪੱਖ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਦਰਸ਼ਨ, ਜੀਵਨ-ਜਾਚ, ਇਤਿਹਾਸ, ਧਰਮਾਂ ਦਾ ਤੁਲਨਾਤਮਿਕ ਅਧਿਐਨ ਆਦਿ ਪੱਖਾਂ ਨੂੰ ਆਪਣੇ ਮੁਢਲੇ ਉਦੇਸ਼ਾਂ ਵਿਚ ਸ਼ਾਮਲ ਕੀਤਾ ਗਿਆ ਹੈ। ਹੁਣ ਅੱਗੇ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜੇ ਉਨ੍ਹਾਂ ਕੁਝ ਵਿਸ਼ੇਸ਼ ਅਦਾਰਿਆਂ ਦਾ ਜ਼ਿਕਰ ਕਰਾਂਗੇ ਜਿੱਥੇ ਧਰਮ ਅਧਿਐਨ/ਗੁਰਮਤਿ ਖੋਜ ਆਦਿ ਪੱਖਾਂ ਦੀ ਵਿਸ਼ੇਸ਼ ਰੂਪ ਵਿਚ ਪੂਰਤੀ ਕੀਤੀ ਜਾ ਰਹੀ ਹੈ :

### ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ

ਧਰਮ ਅਧਿਐਨ ਅਤੇ ਖੋਜ ਸੰਬੰਧੀ ਪੱਖਾਂ ਦੀ ਪੂਰਤੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਅਦਾਰਾ ਸਭ ਤੋਂ ਮੁਹਰਲੀ ਕਤਾਰ ਵਿਚ ਹੈ। ਇਸ ਯੂਨੀਵਰਸਿਟੀ ਦਾ ਨੀਂਹ ਪੱਥਰ ੧ ਸਤੰਬਰ, ੨੦੦੮ ਈ. ਨੂੰ ਰੱਖਿਆ ਗਿਆ। ਇਸ ਯੂਨੀਵਰਸਿਟੀ ਵਿਚ ਸੰਸਾਰਕ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਦੀ ਸਿਖਲਾਈ ਵੀ ਵੱਡੇ ਪੱਧਰ 'ਤੇ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਹੈ, ਜਿਸ ਨਾਲ ਸਿੱਖ ਪੰਥ ਲਈ ਆ ਰਹੀਆਂ ਦਰਪੇਸ਼ ਚੁਣੌਤੀਆਂ ਦਾ ਹੱਲ ਕਾਫੀ ਹੱਦ ਤਕ ਸੰਭਵ ਹੋ ਸਕਿਆ ਹੈ। ਖੋਜ ਨੂੰ ਮੁੱਖ ਰੱਖਦਿਆਂ ਹੋਇਆਂ ਯੂਨੀਵਰਸਿਟੀ ਵਿਚ ੩ ਖੋਜ ਕੇਂਦਰ ਪ੍ਰਮੁੱਖ ਰੂਪ ਵਿਚ ਸਥਾਪਿਤ ਕੀਤੇ ਗਏ ਹਨ, ਜਿਵੇਂ ੧. ਗੁਰੂ ਅਰਜਨ ਦੇਵ ਸੈਂਟਰ ਫਾਰ ਗੁਰੂ ਗ੍ਰੰਥ ਸਾਹਿਬ ਸਟੱਡੀਜ਼, ੨. ਭਾਈ ਗੁਰਦਾਸ ਸੈਂਟਰ ਫਾਰ ਸਿੱਖ ਸਟੱਡੀਜ਼, ੩. ਸ੍ਰੀ ਗੁਰੂ ਨਾਨਕ ਦੇਵ ਸੈਂਟਰ ਫਾਰ ਸਿੱਖ ਸਟੱਡੀਜ਼।[੧੧]

ਵਿਭਾਗ ਵਿਚ ਅਕਾਦਮਿਕ ਅਤੇ ਧਰਮ ਅਧਿਐਨ ਸੰਬੰਧੀ ਖੋਜ ਬਾਰੇ ਯੂਨੀਵਰਸਿਟੀ ਦੇ ਪ੍ਰਾਸਪੈਕਟ ਵਿਚ ਦਰਜ ਸ਼ਬਦ ਇਸ ਪ੍ਰਕਾਰ ਹਨ, "ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਦੀ ਸਥਾਪਤੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਉਚੇਰੀ ਵਿੱਦਿਆ ਦੇ ਇਤਿਹਾਸ ਵਿਚ ਇਕ ਅਹਿਮ ਤੇ ਸਾਰਥਕ ਕਾਰਜ ਹੈ। ਇਸ ਵਿਭਾਗ ਦਾ ਮੂਲ ਮਨੋਰਥ ਵਿਸ਼ਵ ਧਰਮਾਂ ਦੀ ਸੂਝ ਤੇ ਅਗਾਂਹ-ਵਧੂ ਖੋਜ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਵਿਭਾਗ ਅੰਤਰ-ਧਰਮ ਸੰਵਾਦ, ਕਾਨਫਰੰਸਾਂ,

ਸੈਮੀਨਾਰਾਂ ਵਿਸ਼ੇਸ਼ ਲੈਕਚਰ, ਖੋਜ ਪੱਤ੍ਰਿਕਾਵਾਂ ਤੇ ਪੁਸਤਕਾਂ ਦੇ ਪ੍ਰਕਾਸ਼ਨ ਜਿਹੇ ਅਕਾਦਮਿਕ ਉਪਰਾਲੇ ਕਰਦਾ ਹੈ। ''[੧੨]

ਇਸ ਯੂਨੀਵਰਸਿਟੀ ਵਿਚ ਐਮ.ਏ. ਧਰਮ ਅਧਿਐਨ ਕਰਵਾਈ ਜਾ ਰਹੀ ਹੈ ਅਤੇ ਇਸ ਸਾਲ ਬੀ.ਏ. ਵਿਚ ਵੀ ਇਸ ਵਿਸ਼ੇ ਨੂੰ ਪੜ੍ਹਾਉਣਾ ਉਲੀਕਿਆ ਗਿਆ ਹੈ। ਯੂਨੀਵਰਸਿਟੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਵੱਲੋਂ ਕੁਝ ਇਕ ਰਸਾਲੇ ਵੀ ਚਲਾਏ ਜਾ ਰਹੇ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਦੇ ਵਿਸ਼ੇਸ਼ ਅੰਕਾਂ ਦੀ ਵੀ ਲੜੀ ਚੱਲ ਰਹੀ ਹੈ। ਵਿਭਾਗ ਵੱਲੋਂ 'ਰਿਲੀਜ਼ਨ ਐਂਡ ਸਿੱਖ ਸਟੱਡੀਜ਼' ਨਾਮੀ ਰਸਾਲੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਿੱਖ ਵੂਮੈਨ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਸੰਬੰਧਿਤ ਅੰਕ ਪ੍ਰਕਾਸ਼ਿਤ ਕਰਵਾਏ ਗਏ ਹਨ। ਇਸ ਸਾਲ ਇਕ ਰਸਾਲਾ ਪੰਥ ਦੇ ਮਹਾਨ ਜਰਨੈਲਾਂ ਅਤੇ ਸੂਰਬੀਰਾਂ ਨਾਲ ਅਤੇ ਇਕ ਹੋਰ ਰਸਾਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਸ਼ਤਾਬਦੀ ਨੂੰ ਮੁੱਖ ਰੱਖ ਕੇ ਕੱਢਣ ਦਾ ਉਪਰਾਲਾ ਮਿਥਿਆ ਗਿਆ ਹੈ, ਜੋ ਕਿ ਇਕ ਸ਼ਲਾਘਾਯੋਗ ਕਾਰਜ ਹੈ। ਯੂਨੀਵਰਸਿਟੀ ਵਿਖੇ ਭਵਨ ਵਿਚ ਕੁੱਝ ਖੋਜਾਰਥੀਆਂ ਨੂੰ ਸੀਨੀਅਰ ਰਿਸਰਚ ਫੈਲੋਸ਼ਿਪ ਵਜੋਂ ਰੱਖਿਆ ਗਿਆ ਹੈ, ਜੋ ਵੱਖ-ਵੱਖ ਖੋਜ ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਹਨ।[੧੩]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਕਾਲਜਾਂ ਅਤੇ ਸਕੂਲਾਂ ਵਿਚ ਧਰਮ ਅਧਿਐਨ:

੧. ਸ੍ਰੀ ਗੁਰੂ ਤੇਗ ਬਹਾਦਰ ਖਾਲਜਾ ਕਾਲਜ ਫਾਰ ਗਰਲਜ਼, ਆਕੜ, (ਪਟਿਆਲਾ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਇਸ ਪਵਿੱਤਰ ਧਰਤੀ 'ਤੇ ੨੦੧੨-੧੩ ਵਿਚ ਇਸ ਕਾਲਜ ਦੀ ਸਥਾਪਤੀ ਹੋਈ। ਇਸ ਜਗ੍ਹਾ ਕਾਲਜ ਦੇ ਨਾਲ-ਨਾਲ ਇਕ ਕਾਲਜੀਏਟ ਸਕੂਲ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਇਆ ਜਾ ਰਿਹਾ ਹੈ। ਸਕੂਲ ਵਿਚ ਧਰਮ ਅਧਿਐਨ ਦਾ ਵਿਸ਼ਾ ੧੧ਵੀਂ ਅਤੇ ੧੨ਵੀਂ ਅਤੇ ਕਾਲਜ ਵਿਚ ਬੀ.ਏ. ਵਿਚ ਪੜ੍ਹਾਇਆ ਜਾ ਰਿਹਾ ਹੈ।

੨. ਬੀਬੀ ਸ਼ਰਨ ਕੌਰ ਖਾਲਸਾ ਕਾਲਜ, ਚਮਕੌਰ ਸਾਹਿਬ, (ਰੋਪੜ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਾਲਜ ਦੀ ਸਥਾਪਤੀ ੨੦੧੬ ਈ. ਵਿਚ ਕੀਤੀ ਗਈ। ਹੋਰਨਾਂ ਵਿਸ਼ਿਆਂ ਤੋਂ ਇਲਾਵਾ ਇਸ ਕਾਲਜ ਵਿਚ ੧੧ਵੀਂ, ੧੨ਵੀਂ ਅਤੇ ਗ੍ਰੈਜੂਏਸ਼ਨ ਵਿਚ ਧਰਮ ਅਧਿਐਨ ਦੀ ਪੜ੍ਹਾਈ ਕਰਵਾਈ ਜਾ ਰਹੀ ਹੈ।

੩. ਮੀਰੀ ਪੀਰੀ ਖਾਲਸਾ ਕਾਲਜ ਭਦੌੜ, ਬਰਨਾਲਾ : ਇਸ ਸਥਾਨ ਨੂੰ ਵੀ ਛੇਵੇਂ ਅਤੇ ਦਸਵੇਂ ਪਾਤਸ਼ਾਹ ਦੀ ਚਰਨ-ਛੋਹ ਪ੍ਰਾਪਤ ਹੈ। ੨੦੦੯ ਈ. ਵਿਚ ਇਸ ਕਾਲਜ ਦੀ ਸਥਾਪਨਾ ਹੋਈ। ਇੱਥੇ ੧੧ਵੀਂ, ੧੨ਵੀਂ ਅਤੇ ਗ੍ਰੈਜੂਏਸ਼ਨ ਵਿਚ ਧਰਮ ਅਧਿਐਨ ਦਾ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ।

੪. ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ, (ਬਠਿੰਡਾ) : ਮਾਲਵੇ ਦੀ ਪਵਿੱਤਰ ਧਰਤੀ ਜਿਸ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰ ਪ੍ਰਾਪਤ ਹੈ, ਉੱਪਰ ਸਥਾਪਿਤ ਇਸ ਕਾਲਜ ਦੀ ਸਥਾਪਨਾ ੧੯੯੭ ਈ. ਵਿਚ ਹੋਈ। ਇਸ ਕਾਲਜ ਵਿਚ ਅਲੱਗ-ਅਲੱਗ ਪ੍ਰਕਾਰ ਦੇ ਕੋਰਸ ਕਰਵਾਏ ਜਾ ਰਹੇ ਹਨ। ਧਰਮ ਅਧਿਐਨ ਦਾ ਵਿਸ਼ਾ ਬੀ.ਏ. ਤੋਂ ਇਲਾਵਾ ੧੧ਵੀਂ ਅਤੇ ੧੨ਵੀਂ ਜਮਾਤ ਵਿਚ ਚੋਣਵੇਂ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾ ਰਿਹਾ ਹੈ। ਇਸ ਕਾਲਜ ਵਿਚ ਧਰਮ ਅਧਿਐਨ ਦੀ ਐਮ.ਏ. ਵੀ ਕਰਵਾਈ ਜਾ ਰਹੀ ਹੈ।

੫. ਮਾਤਾ ਗੁਜਰੀ ਕਾਲਜ, (ਫਤਿਹਗੜ੍ਹ ਸਾਹਿਬ) : ਇਸ ਕਾਲਜ ਦੀ ਸਥਾਪਨਾ ੧੯੫੭ ਈ. ਵਿਚ ਇਕ ਨੇਤਰਹੀਣ ਬੀਬੀ ਗੁਰਬਚਨ ਕੌਰ ਮਾਨ ਜੀ ਵੱਲੋਂ ਕੀਤੀ ਗਈ। ਇਹ ਕਾਲਜ ਵਿੱਦਿਆ ਦੇ ਖੇਤਰ ਵਿਚ ਸ਼ੁਰੂ ਤੋਂ ਹੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ੧੯੬੪ ਈ. ਤੋਂ ਚੱਲ ਰਿਹਾ ਹੈ। ਇਸ ਕਾਲਜ ਵਿਚ ਧਰਮ ਅਧਿਐਨ ਨੂੰ ਬੀ.ਏ. ਵਿਚ ਚੋਣਵੇਂ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾ ਰਿਹਾ ਹੈ।

੬. ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖਾਲਸਾ ਕਾਲਜ, (ਪਟਿਆਲਾ) : ਇਸ ਕਾਲਜ ਦੀ ਸਥਾਪਨਾ ੧੯੬੦ ਈ. ਵਿਚ ਪਦਮ ਸ੍ਰੀ ਡਾ. ਖੁਸ਼ਦੇਵਾ ਸਿੰਘ ਅਤੇ ਡਾ. ਗੰਡਾ ਸਿੰਘ ਦੇ ਅਣਥੱਕ ਯਤਨਾਂ ਨਾਲ ਹੋਈ। ੧੯੯੧ ਵਿਚ ਇਸ ਕਾਲਜ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੱਥਾਂ ਵਿਚ ਲੈ ਲਿਆ। ਇਸ ਕਾਲਜ ਵਿਚ ਧਰਮ ਅਧਿਐਨ ਦਾ ਵਿਸ਼ਾ (Optional) ਰੂਪ ਵਿਚ ਪੜ੍ਹਾਇਆ ਜਾ ਰਿਹਾ ਹੈ।

੭. ਦਸ਼ਮੇਸ਼ ਖਾਲਸਾ ਕਾਲਜ, ਜ਼ੀਰਕਪੁਰ (ਮੋਹਾਲੀ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ੨੦੧੪ ਵਿਚ ਇਸ ਕਾਲਜ ਦੀ ਸਥਾਪਨਾ ਕੀਤੀ ਗਈ। ਇਸ ਕਾਲਜ ਵਿਚ ਵੀ ਬੀ.ਏ. ਵਿਚ ਧਰਮ ਅਧਿਐਨ ਦਾ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ।

੮. ਗੁਰੂ ਨਾਨਕ ਕਾਲਜ, ਬੁਢਲਾਡਾ : ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਹਲਕੇ ਵਿਚ ਸਥਿਤ ਇਸ ਕਾਲਜ ਦੀ ਸਥਾਪਨਾ ੧੯੭੧ ਈ. ਵਿਚ ਹੋਈ। ੯ ਨਵੰਬਰ, ੧੯੯੪ ਈ. ਨੂੰ ਇਸ ਕਾਲਜ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ। ਇਸ ਕਾਲਜ ਦੇ ਵਿਚ ਇਕ ਸਕੂਲ ਵੀ ਚਲਾਇਆ ਜਾ ਰਿਹਾ ਹੈ। ਇਸ ਕਾਲਜ ਨੂੰ ਪੰਜਾਬ ਸਰਕਾਰ ਵੱਲੋਂ ੯੫% ਦੀ ਗਰਾਂਟ ਵੀ ਪ੍ਰਾਪਤ ਹੁੰਦੀ ਹੈ। ਇਸ ਕਾਲਜ ਵਿਚ ਧਰਮ ਅਧਿਐਨ ਨਾਲ ਸੰਬੰਧਿਤ ਅਹਿਮ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ ਅਤੇ ਧਰਮ ਅਧਿਐਨ ਦੇ ਵਿਸ਼ੇ ਨੂੰ ਬੀ.ਏ. ਦੇ ਸਿਲੇਬਸ ਵਿਚ ਸ਼ਾਮਲ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ

ਪਾਠਕ੍ਰਮ (Sllaybus) ਅਨੁਸਾਰ ਅਲੱਗ-ਅਲੱਗ ਧਰਮਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ।

੯. ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਭਗਤਾ ਭਾਈ ਕਾ, (ਬਠਿੰਡਾ) : ਇਸ ਪਵਿੱਤਰ ਧਰਤੀ ਨੂੰ ਛੇਵੇਂ ਅਤੇ ਦਸਵੇਂ ਪਾਤਸ਼ਾਹ ਦੀ ਚਰਨ-ਛੋਹ ਪ੍ਰਾਪਤ ਹੈ। ਇੱਥੇ ਸਥਾਪਿਤ ਕਾਲਜ ਦਾ ਨੀਂਹ ਪੱਥਰ ੧੧ ਅਪ੍ਰੈਲ, ੨੦੧੩ ਈ. ਨੂੰ ਰੱਖਿਆ ਗਿਆ। ਇਸ ਕਾਲਜ ਵਿਚ ਧਰਮ ਅਧਿਐਨ ਦਾ ਵਿਸ਼ਾ ਬੀ.ਏ. ਦੀ ਜਮਾਤ ਵਿਚ ਚੋਣਵੇਂ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾ ਰਿਹਾ ਹੈ।

੧੦. ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਗਹਿਲ (ਬਰਨਾਲਾ) : ੧੩ ਮਈ, ੧੯੯੯ ਈ. ਨੂੰ ਇਸ ਕਾਲਜ ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਉਹ ਇਤਿਹਾਸਕ ਥਾਂ ਹੈ ਜਿੱਥੇ ਵੱਡੇ ਘੱਲੂਘਾਰੇ ਸਮੇਂ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਅਤੇ ਸਿੱਖਾਂ ਵਿਚ ਇਕ ਭਿਆਨਕ ਲੜਾਈ ਹੋਈ। ਹੋਰਨਾਂ ਕੋਰਸਾਂ ਤੋਂ ਇਲਾਵਾ ਇਸ ਕਾਲਜ ਵਿਚ ਬੀ.ਏ. ਵਿਚ ਧਰਮ ਅਧਿਐਨ ਦਾ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ।

੧੧. ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਗਰਲਜ਼ ਕਾਲਜ, ਕਰਹਾਲੀ ਸਾਹਿਬ, (ਪਟਿਆਲਾ) : ਇਸ ਇਲਾਕੇ ਨੂੰ ਇਤਿਹਾਸਿਕ ਤੌਰ 'ਤੇ ਵਿਸ਼ੇਸ਼ ਦਰਜਾ ਹਾਸਲ ਹੈ, ਕਿਉਂਕਿ ਇਸ ਸਥਾਨ ਨੂੰ ਛੇਵੇਂ ਅਤੇ ਨੌਵੇਂ ਪਾਤਸ਼ਾਹ ਦੀ ਚਰਨ-ਛੋਹ ਦਾ ਮਾਣ ਪ੍ਰਾਪਤ ਹੈ। ਇਸ ਕਾਲਜ ਦਾ ਨੀਂਹ ਪੱਥਰ ੨੭ ਮਈ, ੨੦੧੦ ਨੂੰ ਰੱਖਿਆ ਗਿਆ ਅਤੇ ਅਰੰਭ ਤੋਂ ਹੀ ਹੋਰਨਾਂ ਵਿਸ਼ਿਆਂ ਤੋਂ ਇਲਾਵਾ ੧੧ਵੀਂ ਅਤੇ ੧੨ਵੀਂ ਵਿਚ ਚੋਣਵੇਂ ਵਿਸ਼ੇ ਦੇ ਰੂਪ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪਾਠਕ੍ਰਮ ਅਨੁਸਾਰ ਇਸ ਵਿਸ਼ੇ ਨੂੰ ਪੜ੍ਹਾਇਆ ਜਾ ਰਿਹਾ ਹੈ। ਇਸ ਕਾਲਜ ਦੁਆਰਾ 'ਪਰਵਾਜ਼' ਮੈਗਜ਼ੀਨ ਛਪਵਾਇਆ ਜਾਂਦਾ ਹੈ ਜਿਸ ਵਿਚ ਧਰਮ ਅਧਿਐਨ ਨਾਲ ਸੰਬੰਧਿਤ ਲੇਖਾਂ ਨੂੰ ਛਾਪਿਆ ਜਾਂਦਾ ਹੈ। ਇਸ ਕਾਲਜ ਵੱਲੋਂ ੨ ਕਿਤਾਬਾਂ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਕ ਯੁੱਗ ਪਰਿਵਰਤਕ ਅਤੇ ਗੁਰੂ ਨਾਨਕ ਬਾਣੀ) ਵੀ ਪ੍ਰਕਾਸ਼ਿਤ ਕਰਵਾਈਆਂ ਜਾ ਚੁੱਕੀਆਂ ਹਨ।[੧੪]

੧੨. ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ : ੧੯੬੮ ਈ. ਵਿਚ ਖਾਲਸੇ ਦੀ ਪਵਿੱਤਰ ਜਨਮ-ਭੂਮੀ ਉੱਪਰ ਇਸ ਕਾਲਜ ਦੀ ਸਥਾਪਨਾ ਕੀਤੀ ਗਈ। ੧੯੭੭ ਈ. ਵਿਚ ਇਸ ਕਾਲਜ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆ ਗਿਆ। ਇਸ ਕਾਲਜ ਵਿਚ ਵੀ ਧਰਮ ਅਧਿਐਨ ਦਾ ਵਿਸ਼ਾ ਬੀ.ਏ. ਵਿਚ ਪੜ੍ਹਾਇਆ ਜਾ ਰਿਹਾ ਹੈ।

੧੩. ਭਾਈ ਬਹਿਲੋ ਖਾਲਸਾ ਗਰਲਜ਼ ਕਾਲਜ, ਫਫੜੇ ਭਾਈ ਕੇ (ਮਾਨਸਾ) : ਇਸ ਕਾਲਜ ਦੀ ਸਥਾਪਨਾ ੨੦੧੧ ਈ. ਵਿਚ ਹੋਈ। ਇਹ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਭੀਖੀ ਹਲਕੇ ਵਿਚ ਸਥਿਤ ਹੈ। ਇਸ ਕਾਲਜ ਵਿਚ ਧਰਮ ਅਧਿਐਨ ਦਾ

ਵਿਸ਼ਾ ੧੧ਵੀਂ, ੧੨ਵੀਂ ਅਤੇ ਬੀ.ਏ. ਵਿਚ ਚੋਣਵੇਂ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾਂਦਾ ਹੈ।

੧੪. ਬਾਬਾ ਅਜੈ ਸਿੰਘ ਖਾਲਸਾ ਕਾਲਜ ਫਾਰ ਗਰਲਜ਼, ਗੁਰਦਾਸ ਨੰਗਲ, (ਗੁਰਦਾਸਪੁਰ) : ਸੰਨ ੨੦੧੪ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਾਲਜ ਦਾ ਅਰੰਭ ਗੁਰਦਾਸ ਨੰਗਲ ਵਿਖੇ ਕੀਤਾ ਗਿਆ। ਇਸ ਕਾਲਜ ਦੀ ਸਥਾਪਨਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਪੁੱਤਰ ਬਾਬਾ ਅਜੈ ਸਿੰਘ ਦੀ ਸ਼ਹਾਦਤ ਨੂੰ ਮੁੱਖ ਰੱਖ ਕੇ ਕੀਤੀ ਗਈ। ਇੱਥੇ ਕਾਲਜ ਦੇ ਨਾਲ ਇਕ ਕਾਲਜੀਏਟ ਸਕੂਲ ਵੀ ਸਥਾਪਿਤ ਹੈ। ਸਕੂਲ ਵਿਚ ੧੧ਵੀਂ, ੧੨ਵੀਂ ਅਤੇ ਬੀ.ਏ. ਵਿਚ ਧਰਮ ਅਧਿਐਨ ਦਾ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ।

੧੫. ਬਾਬਾ ਜੀਵਨ ਸਿੰਘ ਖਾਲਸਾ, ਸਤਲਾਣੀ ਸਾਹਿਬ (ਸ੍ਰੀ ਅੰਮ੍ਰਿਤਸਰ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਨ ੨੦੧੧ ਵਿਚ ਬਾਬਾ ਜੀਵਨ (ਭਾਈ ਜੈਤਾ ਜੀ ਰੰਗਰੇਟਾ ਗੁਰੂ ਕਾ ਬੇਟਾ) ਦੇ ਨਾਮ ਨਾਲ ਸੰਬੰਧਿਤ ਕਾਲਜ ਦੀ ਸਥਾਪਨਾ ਸ੍ਰੀ ਅੰਮ੍ਰਿਤਸਰ ਦੇ ਨੇੜੇ ਅਟਾਰੀ ਰੋਡ 'ਤੇ ਸਤਲਾਣੀ ਸਾਹਿਬ ਵਿਖੇ ਕੀਤੀ ਗਈ। ਇਸ ਦਾ ਨੀਂਹ ਪੱਥਰ ੧੭ ਦਸੰਬਰ, ੨੦੦੮ ਈ. ਨੂੰ ਰੱਖਿਆ ਗਿਆ ਅਤੇ ਸੰਨ ੨੦੧੩ ਤੋਂ ਇਸ ਦੀ ਐਫੀਲੀਏਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਕੈਂਪਸ ਵਿਚ ਚੱਲ ਰਹੇ ਸਕੂਲ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਹੋ ਚੁੱਕੀ ਹੈ। ਇਸ ਕਾਲਜ ਦੀ ਸਥਾਪਨਾ ਦਾ ਉਦੇਸ਼ ਸਰਹੱਦੀ ਖੇਤਰ ਵਿਚ ਉੱਚ ਵਿੱਦਿਆ ਦਾ ਪ੍ਰਸਾਰ ਕਰ ਕੇ ਪਤਿਤਪੁਣੇ ਦਾ ਸ਼ਿਕਾਰ ਹੋ ਰਹੀ ਪੀੜ੍ਹੀ ਨੂੰ ਸਿੱਧੇ ਰਸਤੇ ਪਾਉਣਾ ਅਤੇ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨਾ ਹੈ। ਇੱਥੇ ਸਕੂਲ ਵਿਚ ੧੧ਵੀਂ, ੧੨ਵੀਂ ਅਤੇ ਕਾਲਜ ਵਿਚ ਬੀ.ਏ. ਵਿਚ ਧਰਮ ਅਧਿਐਨ ਦਾ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ।

੧੬. ਮਾਤਾ ਗੁਜਰੀ ਖਾਲਸਾ ਕਾਲਜ, ਕਰਤਾਰਪੁਰ (ਜਲੰਧਰ) : ਸੰਨ ੨੦੧੪ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਕਾਲਜ ਸਥਾਪਿਤ ਕੀਤਾ ਗਿਆ। ਇੱਥੇ ਬੀ.ਏ. ਵਿਚ ਧਰਮ ਅਧਿਐਨ ਦਾ ਵਿਸ਼ਾ ਚੋਣਵੇਂ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾ ਰਿਹਾ ਹੈ।

੧੭. ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ, ਡੁਮੇਲੀ (ਕਪੂਰਥਲਾ): ੧੯੭੨ ਈ. ਵਿਚ ਇਸ ਕਾਲਜ ਦੀ ਸਥਾਪਨਾ ਸਵਰਗੀ ਸੰਤ ਬਾਬਾ ਸਰਵਣ ਸਿੰਘ ਗੰਦਰਭ ਜੀ ਵੱਲੋਂ ਕੀਤੀ ਗਈ ਅਤੇ ੧੯੯੬ ਈ. ਵਿਚ ਇਸ ਕਾਲਜ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਆ ਗਿਆ। ਇਹ ਪਵਿੱਤਰ ਧਰਤੀ ਨੂੰ ਛੇਵੇਂ ਪਾਤਸ਼ਾਹ ਜੀ ਦੀ ਚਰਨ-ਛੋਹ ਪ੍ਰਾਪਤ ਹੋਣ ਦਾ ਮਾਣ ਪ੍ਰਾਪਤ ਹੈ। ਇੱਥੇ ਵੀ ਸਕੂਲ ਵਿਚ ੧੧ਵੀਂ, ੧੨ਵੀਂ ਅਤੇ ਕਾਲਜ ਵਿਚ ਬੀ.ਏ. ਵਿਚ ਧਰਮ ਅਧਿਐਨ ਦਾ

ਵਿਸ਼ਾ ਚੋਣਵੇਂ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ੁਰੂ ਤੋਂ ਹੀ ਸਿੱਖ ਪੰਥ ਅਤੇ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਾਰਜਸ਼ੀਲ ਰਹੀ ਹੈ। ਅਜੋਕੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਰਜ ਖੇਤਰ ਬਹੁਤ ਜ਼ਿਆਦਾ ਵਧ ਚੁੱਕਾ ਹੈ, ਜਿਸ ਕਾਰਨ ਕਮੇਟੀ ਆਪਣੇ ਅਲੱਗ-ਅਲੱਗ ਅਦਾਰਿਆਂ ਦਾ ਪ੍ਰਬੰਧ ਅਲੱਗ-ਅਲੱਗ ਵਿਭਾਗਾਂ ਦੁਆਰਾ ਕਰਦੀ ਹੈ। ਜਿਵੇਂ ਸਿੱਖ ਇਤਿਹਾਸ ਰਿਸਰਚ ਬੋਰਡ, ਵਿੱਦਿਅਕ ਬੋਰਡ, ਧਰਮ ਪ੍ਰਚਾਰ ਕਮੇਟੀ ਆਦਿ। ਧਰਮ ਪ੍ਰਚਾਰ ਕਮੇਟੀ ਵੱਲੋਂ ਵਿਸ਼ੇਸ਼ ਰੂਪ ਵਿਚ 'ਗੁਰਮਤਿ ਪ੍ਰਕਾਸ਼' (ਪੰਜਾਬੀ) ਅਤੇ 'ਗੁਰਮਤਿ ਗਿਆਨ' (ਹਿੰਦੀ) ਨਾਂ ਦਾ ਰਸਾਲਾ ਚਲਾਇਆ ਜਾ ਰਿਹਾ ਹੈ, ਜਿਨ੍ਹਾਂ ਵਿਚ ਪੰਥ ਦੇ ਪ੍ਰਸਿੱਧ ਵਿਦਵਾਨਾਂ ਵੱਲੋਂ ਲਿਖੇ ਖੋਜ-ਭਰਪੂਰ ਲੇਖਾਂ ਨੂੰ ਪ੍ਰਕਾਸ਼ਿਤ ਕਰਵਾਇਆ ਜਾਂਦਾ ਹੈ। ਇਹ ਖੋਜ-ਭਰਪੂਰ ਲੇਖ ਕਥਾਵਾਚਕਾਂ, ਪ੍ਰਚਾਰਕਾਂ ਅਤੇ ਖੋਜਾਰਥੀਆਂ ਲਈ ਬਹੁਤ ਲਾਹੇਵੰਦ ਸਾਬਿਤ ਹੋ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ ਅਤੇ ਕਾਲਜਾਂ ਤੋਂ ਇਲਾਵਾ ਵਿਸ਼ੇਸ਼ ਰੂਪ ਵਿਚ ਕਈ ਮਿਸ਼ਨਰੀ ਕਾਲਜਾਂ ਜਾਂ ਸੰਸਥਾਵਾਂ ਆਦਿ ਵੱਖਰੇ-ਵੱਖਰੇ ਪ੍ਰਾਂਤਾਂ ਵਿਚ ਚਲਾਈਆਂ ਜਾ ਰਹੀਆਂ ਹਨ। ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

੧. ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ) : ਦਸਵੇਂ ਪਾਤਸ਼ਾਹ ਨਾਲ ਸੰਬੰਧਿਤ ਇਸ ਇਤਿਹਾਸਿਕ ਇਲਾਕੇ ਵਿਚ ਸੰਨ ੧੯੯੧ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੁਆਰਾ ਇਸ ਅਦਾਰੇ ਦੀ ਸਥਾਪਨਾ ਕੀਤੀ ਗਈ। ਇਸ ਅਦਾਰੇ ਵਿਚ ਵੀ ਪ੍ਰਚਾਰਕ ਕੋਰਸ, ਸੰਗੀਤ ਅਤੇ ਤਬਲੇ ਦਾ ਕੋਰਸ ਕਰਵਾਇਆ ਜਾਂਦਾ ਹੈ। ਸੰਨ ੨੦੦੯ ਈ. ਵਿਚ ਇਸ ਅਦਾਰੇ ਵਿਚ ਬੀ.ਏ. ਦਾ ਕੋਰਸ ਅਤੇ ਸੰਨ ੨੦੧੨ ਈ. ਵਿਚ ਐਮ.ਏ. ਸਿੱਖ ਸਟੱਡੀਜ਼ ਦਾ ਕੋਰਸ ਵੀ ਸ਼ੁਰੂ ਕੀਤਾ ਗਿਆ ਜਿੱਥੇ ਪੰਜਾਬੀ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਸਿਲੇਬਸ ਪੜ੍ਹਾਇਆ ਜਾਂਦਾ ਸੀ ਪ੍ਰੰਤੂ ਇਸ ਸਮੇਂ ਬਾਕੀ ਕੋਰਸ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਵਿਚ ਚਲੇ ਜਾਣ ਕਰ ਕੇ ਸਿਰਫ ਪ੍ਰਚਾਰਕ ਕੋਰਸ ਚਲਾਇਆ ਜਾ ਰਿਹਾ ਹੈ।

੨. ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) : ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਯਾਦ ਵਿਚ ਸਥਾਪਿਤ ਇਸ ਅਦਾਰੇ ਦਾ ਨੀਂਹ-ਪੱਥਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੧੬ ਮਾਰਚ, ੨੦੧੧ ਨੂੰ ਰੱਖਿਆ ਗਿਆ।[੧੫] ਇਸ ਅਦਾਰੇ ਵਿਚ ਸਿੱਖ ਇਤਿਹਾਸ ਅਤੇ ਗੁਰਮਤਿ ਦੀ ਖੋਜ ਲਈ ਧਰਮ ਪ੍ਰਚਾਰਕਾਂ, ਸਕਾਲਰਾਂ ਅਤੇ ਅਧਿਆਪਕਾਂ ਦੀ ਬਹੁਪੱਖੀ ਸਿਖਲਾਈ ਲਈ ਵਿਭਿੰਨ ਪ੍ਰਕਾਰ ਦੀ ਟ੍ਰੇਨਿੰਗ ਅਤੇ ਖੋਜ ਕਾਰਜ ਅਰੰਭ ਕਰਨ ਦੀ ਯੋਜਨਾ ਹੈ। ਇੱਥੇ ਬੀ.ਏ.

ਵਿਚ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਹੋਰਨਾਂ ਧਰਮਾਂ ਦੀ ਜਾਣਕਾਰੀ, ਵੱਖ-ਵੱਖ ਭਾਸ਼ਾਵਾਂ ਦੀ ਜਾਣਕਾਰੀ ਅਤੇ ਇਸ ਤੋਂ ਇਲਾਵਾ ਪੀਐਚ.ਡੀ. ਆਧਾਰਿਤ ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਦਿੱਤੀ ਜਾਵੇਗੀ। ਸੰਨ ੨੦੧੪ ਈ. ਤੋਂ ਇੱਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਫੀਲੀਏਸ਼ਨ ਪ੍ਰਾਪਤ ਕਰਕੇ ਐਮ.ਏ. ਸਿੱਖ ਸਟੱਡੀਜ਼ ਦਾ ਕੋਰਸ ਆਰੰਭ ਕੀਤਾ ਗਿਆ ਹੈ ਅਤੇ ਜੁਲਾਈ ੨੦੧੯ ਤੋਂ 'ਬੈਚੂਲਰ ਆਫ ਮੈਨੇਜਮੈਂਟ ਸਟੱਡੀਜ਼' (ਗੁਰਦੁਆਰਾ ਮੈਨੇਜਮੈਂਟ) ਦਾ ੩ ਸਾਲਾ ਕੋਰਸ ਸ਼ੁਰੂ ਕੀਤਾ ਗਿਆ ਹੈ।

੩. ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ : ਸੰਨ ੧੯੨੭ ਈ. ਵਿਚ ਇਸ ਕਾਲਜ ਦੀ ਸਥਾਪਨਾ ਹੋਈ। ਇਸ ਕਾਲਜ ਦਾ ਮੁੱਖ ਉਦੇਸ਼ ਸਿੱਖ ਪ੍ਰਚਾਰਕ, ਗ੍ਰੰਥੀ ਅਤੇ ਰਾਗੀ ਤਿਆਰ ਕਰਨਾ ਸੀ। ੧੯੨੫ ਈ. ਵਿਚ ਸਿੱਖ ਗੁਰਦੁਆਰਾ ਐਕਟ ਦੀ ਲੋਅ ਵਿਚ ਬਣੀ ਸ੍ਰੀ ਨਨਕਾਣਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ੨੦ ਫਰਵਰੀ, ੧੯੨੧ ਈ. ਨੂੰ ਉੱਥੇ ਹੋਏ ਸਾਕੇ ਵਿਚ ਸ਼ਹੀਦ ਸਿੰਘਾਂ ਦੀ ਯਾਦ ਵਿਚ ਇਕ ਸਮਾਰਕ ਬਣਾਉਣ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਪ੍ਰਚਾਰਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਕਿਸੇ ਅਧਿਆਪਨ ਕੇਂਦਰ ਦੀ ਸਥਾਪਨਾ ਕਰਨ ਦੇ ਮਸਲੇ ਉੱਤੇ ਵਿਚਾਰ ਕੀਤਾ ਅਤੇ ਸ਼ਹੀਦੀ ਫੰਡ ਇਕੱਠਾ ਕਰਨ ਲਈ ਵਿਵਸਥਾ ਕੀਤੀ। ਸੰਨ ੧੯੨੭ ਈ. ਵਿਚ ਇਸ ਕਾਲਜ ਦੀ ਸਥਾਪਨਾ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਪਰੋਕਤ ਦੋਵੇਂ ਮਨੋਰਥ ਪੂਰਾ ਕਰਨ ਦਾ ਵੀ ਉੱਦਮ ਕੀਤਾ ਗਿਆ।[੧੬] ਇਸ ਸਮੇਂ ਇਸ ਕਾਲਜ ਵਿਚ ਤਿੰਨ ਪ੍ਰਕਾਰ ਦੇ ਕੋਰਸ ਚੱਲ ਰਹੇ ਹਨ। ਜਿਵੇਂ : ਪ੍ਰਚਾਰਕ ਕੋਰਸ, ਸੰਗੀਤ ਕੋਰਸ ਅਤੇ ਤਬਲਾ ਕੋਰਸ। ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਅਲੱਗ-ਅਲੱਗ ਪੱਖਾਂ ਤੋਂ ਇਲਾਵਾ ਹੋਰਨਾਂ ਧਰਮਾਂ ਦਾ ਗਿਆਨ ਵੀ ਦਿੱਤਾ ਜਾਂਦਾ ਹੈ। ਇਸ ਕਾਲਜ ਨਾਲ ਸੰਬੰਧਿਤ ਅਧਿਆਪਕਾਂ ਅਤੇ ਵਿਦਵਾਨਾਂ ਦਾ ਪੰਥ ਵਿਚ ਅਹਿਮ ਯੋਗਦਾਨ ਰਿਹਾ ਹੈ।

੪. ਸੰਤ ਫਤਿਹ ਸਿੰਘ ਚੰਨਣ ਸਿੰਘ ਮਿਸ਼ਨਰੀ ਕਾਲਜ, ਬੁੱਢਾ ਜੌਹੜ, ਜ਼ਿਲ੍ਹਾ ਸ੍ਰੀ ਗੰਗਾਨਗਰ, (ਰਾਜਸਥਾਨ) : ਇਸ ਕਾਲਜ ਵਿਚ ਵੀ ਵਿਦਿਆਰਥੀਆਂ ਨੂੰ ਤਿੰਨ ਸਾਲਾ ਪ੍ਰਚਾਰਕ ਸੰਗੀਤ ਅਤੇ ਤਬਲਾ ਕੋਰਸ ਦਾ ਡਿਪਲੋਮਾ ਕਰਵਾਇਆ ਜਾਂਦਾ ਹੈ। ਵਿਦਿਆਰਥੀਆਂ ਨੂੰ ਇਸ ਪੜ੍ਹਾਈ ਦੌਰਾਨ ਵਿਸ਼ੇਸ਼ ਰੂਪ ਵਿਚ ਵਜੀਫਾ ਵੀ ਪ੍ਰਦਾਨ ਕੀਤਾ ਜਾਂਦਾ ਹੈ।

੫. ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ (ਰੂਪਨਗਰ) : ਸੰਨ ੧੯੯੯ ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਸ ਅਕੈਡਮੀ ਦੀ ਸਥਾਪਨਾ ਕੀਤੀ ਗਈ। ੧੨ਵੀਂ ਉਪਰੰਤ ਵਿਦਿਆਰਥੀ ਇਸ ਅਕੈਡਮੀ ਵਿਚ ਦਾਖ਼ਲਾ ਲੈ ਕੇ ਵਿਸ਼ੇਸ਼ ਰੂਪ ਵਿਚ ਤੰਤੀ ਸਾਜ਼ਾਂ ਦੁਆਰਾ ਕੀਰਤਨ ਕਲਾ ਅਤੇ ਤਬਲਾ ਵਾਦਨ ਦੀ

ਕਲਾ ਹਾਸਲ ਕਰਦੇ ਹਨ।

ਸਿੱਖ ਰੈਫਰੈਂਸ ਲਾਇਬ੍ਰੇਰੀ

ਇਸ ਲਾਇਬ੍ਰੇਰੀ ਦਾ ਸੰਬੰਧ 'ਸਿੱਖ ਹਿਸਟੋਰੀਕਲ ਸੁਸਾਇਟੀ' ਨਾਲ ਜੋੜਿਆ ਜਾਂਦਾ ਹੈ, ਜਿਸ ਦੀ ਸਥਾਪਨਾ ਸੰਨ ੧੯੩੦ ਈ. ਵਿਚ ਬਾਵਾ ਬੁੱਧ ਸਿੰਘ ਦੇ ਉੱਦਮ ਨਾਲ ਲਾਹੌਰ ਵਿਚ ਹੋਈ। ਬਾਵਾ ਜੀ ਦੀ ਮੌਤ ਤੋਂ ਬਾਅਦ ਭਾਵੇਂ ਉਹ ਸੁਸਾਇਟੀ ਅੱਗੇ ਨਾ ਚੱਲ ਸਕੀ ਪਰ ਇਕ ਗੱਲ ਮੰਨਣੀ ਪਵੇਗੀ ਕਿ ਉਸ ਸੋਸਾਇਟੀ ਦੇ ਸੰਕਲਪ ਨੇ ਇਕ ਸਿੱਖ ਸੈਂਟਰਲ ਲਾਇਬ੍ਰੇਰੀ ਕਾਇਮ ਕਰਨ ਦੇ ਵਿਚਾਰ ਨੂੰ ਜਨਮ ਦਿੱਤਾ ਜਿਸ ਵਿਚ ਸਿੱਖ ਗੁਰੂ ਸਾਹਿਬਾਨ, ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੋਥੀਆਂ, ਬੀੜਾਂ, ਦਸਤਾਵੇਜ਼ਾਂ ਅਤੇ ਪੁਸਤਕਾਂ ਨੂੰ ਇੱਕੋ ਥਾਂ ਤੇ ਸੰਭਾਲਿਆ ਜਾ ਸਕੇ ਅਤੇ ਖੋਜ ਕਰਨ ਵਾਲਿਆਂ ਨੂੰ ਇੱਕੋ ਥਾਂ 'ਤੇ ਹਰ ਪ੍ਰਕਾਰ ਦੀ ਜਾਣਕਾਰੀ ਉਪਲਬਧ ਹੋ ਸਕੇ।[੧੭] ਇਸ ਆਸ਼ੇ ਨੂੰ ਪੂਰਾ ਕਰਨ ਲਈ ਪਹਿਲੀ ਇਕੱਤਰਤਾ ੨੦ ਫਰਵਰੀ, ੧੯੪੫ ਈ. ਨੂੰ ਖਾਲਸਾ ਕਾਲਜ ਵਿਚ ਹੋਈ, ਜਿਸ ਵਿਚ ਸਿੱਖ ਹਿਸਟਰੀ ਨਾਮ ਦੀ ਸੁਸਾਇਟੀ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ। ਪਿੱਛੋਂ ਜਾ ਕੇ ਇਸ ਸੁਸਾਇਟੀ ਦਾ ਨਾਂ 'ਸਿੱਖ ਰੈਫਰੈਂਸ ਲਾਇਬ੍ਰੇਰੀ' ਰੱਖ ਦਿੱਤਾ ਗਿਆ। ਇਸ ਲਾਇਬ੍ਰੇਰੀ ਦਾ ਮੁੱਖ ਉਦੇਸ਼ ਸਿੱਖ ਧਰਮ, ਸਿੱਖ ਸਾਹਿਤ, ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਨਾਲ ਸੰਬੰਧਿਤ ਅਪ੍ਰਕਾਸ਼ਿਤ ਖ਼ਜ਼ਾਨੇ ਨੂੰ ਇਕ ਥਾਂ ਤੇ ਇਕੱਤਰ ਕਰਨਾ ਸੀ ਤਾਂ ਜੋ ਇਤਿਹਾਸਿਕ ਖੋਜ ਦੇ ਕਾਰਜ ਸੁਚੱਜੇ ਢੰਗ ਨਾਲ ਨੇਪਰੇ ਚੜ੍ਹ ਸਕਣ। ਇਸ ਲਾਇਬ੍ਰੇਰੀ ਵਿਚ ਸਿੱਖ ਇਤਿਹਾਸ, ਗੁਰ-ਇਤਿਹਾਸ ਸੰਬੰਧੀ ਮੂਲ ਸ੍ਰੋਤ, ਹੱਥ ਲਿਖਤ ਖਰੜੇ, ਪੋਥੀਆਂ, ਪੁਰਾਣੇ ਰਿਕਾਰਡ, ਦੁਰਲਭ ਪੁਸਤਕਾਂ, ਹੁਕਮਨਾਮੇ, ਸਨਦਾਂ ਅਤੇ ਤਸਵੀਰਾਂ ਆਦਿ ਰੱਖੀਆਂ ਜਾਣ ਲੱਗੀਆਂ। ਇਸ ਲਾਇਬ੍ਰੇਰੀ ਵਿਚ ਬਹੁਤ ਕੀਮਤੀ ਖ਼ਜ਼ਾਨਾ ਇਕੱਠਾ ਹੋ ਚੁੱਕਾ ਸੀ ਪ੍ਰੰਤੂ ੧੯੮੪ ਈ. ਦੇ ਫੌਜੀ ਹਮਲੇ ਸਮੇਂ ਭਾਰਤੀ ਫ਼ੌਜ ਦੁਆਰਾ ਇਹ ਬਹੁਮੁੱਲਾ ਖ਼ਜ਼ਾਨਾ ਅਗਨ ਭੇਂਟ ਕਰਨ/ਚੁਰਾ ਲੈਣ ਦੀ ਦੁਖਦਾਈ ਘਟਨਾ ਵਾਪਰ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਲਾਇਬ੍ਰੇਰੀ ਦੀ ਦੁਬਾਰਾ ਉਸਾਰੀ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਮੇਂ ਲਾਇਬ੍ਰੇਰੀ ਵਿਚ ਲੱਗਭਗ ੨੫-੩੦ ਹਜ਼ਾਰ ਪੁਸਤਕਾਂ ਜੋ ਕਿ ਵੱਖ-ਵੱਖ ਭਾਸ਼ਾਵਾਂ ਨਾਲ ਸੰਬੰਧਿਤ ਹਨ, ਮੌਜੂਦ ਹਨ। ਹੋਰ ਵੀ ਕਈ ਹੱਥ-ਲਿਖਤ ਪੋਥੀਆਂ ਅਤੇ ਖਰੜੇ ਮੌਜੂਦ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਇਕ ਸੁਨਹਿਰੀ ਬੀੜ ਵੀ ਇਸ ਲਾਇਬ੍ਰੇਰੀ ਵਿਚ ਸੁਸ਼ੋਭਿਤ ਹੈ। ਇਸ ਲਾਇਬ੍ਰੇਰੀ ਵਿਚ ਜ਼ਿਆਦਾਤਰ ਪੁਸਤਕਾਂ ਸਿੱਖ ਸਾਹਿਤ ਨਾਲ ਸੰਬੰਧਿਤ ਹੋਣ ਕਾਰਨ ਧਰਮ ਅਧਿਐਨ ਕਰਨ ਵਾਲੇ ਸਮੁੱਚੇ ਵਿਦਵਾਨਾਂ ਜਾਂ ਖੋਜਾਰਥੀਆਂ ਲਈ ਇਹ ਅਨਮੋਲ ਗਿਆਨ ਦਾ ਸ੍ਰੋਤ ਹੈ।

ਸਿੱਖ ਇਤਿਹਾਸ ਰਿਸਰਚ ਬੋਰਡ

ਸਿੱਖ ਇਤਿਹਾਸ ਜਾਂ ਸਿੱਖ ਸਿਧਾਂਤਾਂ ਦੀ ਖੋਜ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਅਦਾਰੇ ਦੁਆਰਾ ਵੀ ਕਈ ਮਹੱਤਵਪੂਰਨ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਬੋਰਡ ਵਿਚ ਸਿੱਖ ਧਰਮ ਸੰਬੰਧੀ ਵਿਸ਼ੇਸ਼ ਖੋਜ ਕਾਰਜ ਕੀਤੇ ਜਾ ਰਹੇ ਹਨ। ਸਿੱਖ ਇਤਿਹਾਸ ਰੀਸਰਚ ਬੋਰਡ ਜੋ ਕਿ ੧੯੪੫ ਈ. ਤੋਂ ਲੈ ਕੇ ਲੱਗਭਗ ੭੫ ਸਾਲਾਂ ਤੋਂ ਅੰਗ ਬਣ ਕੇ ਨਿਰੰਤਰ ਕਾਰਜ ਕਰ ਰਿਹਾ ਹੈ। ਪ੍ਰੋ. ਪ੍ਰਕਾਸ਼ ਸਿੰਘ ਅਨੁਸਾਰ ੧੯੬੩ ਈ. ਵਿਚ ਸਿੱਖ ਹਿਸਟਰੀ ਸੁਸਾਇਟੀ ਦਾ ਨਾਂ ਬਦਲ ਕੇ ਮੌਜੂਦਾ ਨਾਂ ਸਿੱਖ ਇਤਿਹਾਸ ਰੀਸਰਚ ਬੋਰਡ ਰੱਖਿਆ ਗਿਆ। ਜਿਸ ਦਾ ਪਹਿਲਾ ਸਮਾਗਮ ‘ਸਿੱਖ ਇਤਿਹਾਸ ਸੰਮੇਲਨ ਦੇ ਨਾਂ ਹੇਠ ੨੮ ਮਾਰਚ, ੧੯੬੪ ਈ. ਨੂੰ ਸ੍ਰੀ ਅੰਮ੍ਰਿਤਸਰ ਦੀ ਧਰਤੀ ’ਤੇ ਅਲੀਗੜ੍ਹ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਮਿਸਟਰ ਬਦਰੁਦੀਨ ਤਯੁੱਬ ਦੀ ਪ੍ਰਧਾਨਗੀ ਹੇਠ ਹੋਇਆ। ਅਜੋਕੇ ਸਮੇਂ ਇਤਿਹਾਸਿਕ ਸਮੱਗਰੀ ਨਾਲ ਸੰਬੰਧਿਤ ਇਹ ਅਦਾਰਾ ਇਕ ਵੱਡਾ ਖੋਜ ਕੇਂਦਰ ਬਣ ਚੁੱਕਾ ਹੈ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਹੀ ਇਸ ਅਦਾਰੇ ਵੱਲੋਂ ਸਿੱਖ ਇਤਿਹਾਸ ਨਾਲ ਸੰਬੰਧਿਤ ਖੋਜ ਕਾਰਜ ਕੀਤੇ ਜਾ ਰਹੇ ਹਨ। ਇਸ ਬੋਰਡ ਨਾਲ ਸੰਬੰਧਿਤ ਪ੍ਰਸਿੱਧ ਸ਼ਖ਼ਸੀਅਤਾਂ ਡਾ. ਗੰਡਾ ਸਿੰਘ, ਬਾਵਾ ਪ੍ਰੇਮ ਸਿੰਘ, ਭਾਈ ਰਣਧੀਰ ਸਿੰਘ ਮਛੇੜੀ ਅਤੇ ਸ਼ਮਸ਼ੇਰ ਸਿੰਘ ਅਸ਼ੋਕ, ਡਾ. ਦਵਿੰਦਰ ਸਿੰਘ ਦੁੱਗਲ, ਡਾ. ਦਵਿੰਦਰ ਸਿੰਘ ਵਿਦਿਆਰਥੀ ਆਦਿ ਹਨ।

ਗੁਰਮਤਿ ਲਿਟਰੇਚਰ ਹਾਊਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੇਸ਼ਾਂ-ਵਿਦੇਸ਼ਾਂ ਦੀ ਸੰਗਤ ਨੂੰ ਗੁਰਮਤਿ ਦੇ ਮਹਾਨ ਵਿਰਸੇ ਨਾਲ ਜੋੜਨ ਲਈ ਵਿਸ਼ੇਸ਼ ਰੂਪ ਵਿਚ ਗੁਰਮਤਿ ਲਿਟਰੇਚਰ ਹਾਊਸ ਖੋਲ੍ਹੇ ਗਏ ਹਨ, ਜਿੱਥੇ ਕੀਮਤੀ ਸਾਹਿਤ ਸੰਗਤਾਂ ਨੂੰ ਭੇਟਾ ਕੀਤਾ ਜਾਂਦਾ ਹੈ।

ਉਪਰੋਕਤ ਪੱਖਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਪੱਸ਼ਟ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਨਾਲ ਸੰਬੰਧਿਤ ਸਿਧਾਂਤਾਂ ਦੀ ਸਥਾਪਤੀ ਲਈ ਵਿਸ਼ੇਸ਼ ਰੂਪ ਵਿਚ ਉੱਦਮ ਕਰਦਿਆਂ ਹੋਇਆਂ ਸਮੁੱਚੇ ਪੰਥ ਦੀ ਵਿਚਾਰਧਾਰਕ ਅਗਵਾਈ ਕੀਤੀ ਗਈ ਹੈ। ਗੁਰਮਤਿ ਦੇ ਨਿਆਰੇਪਨ ਨੂੰ ਪੇਸ਼ ਕਰਨ ਲਈ ਸੰਸਥਾ ਵੱਲੋਂ ਧਰਮ ਅਧਿਐਨ ਅਤੇ ਗੁਰਮਤਿ ਖੋਜ ਪ੍ਰਤੀ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਗੁਰੂ ਪਾਤਸ਼ਾਹ ਦੇ ਸਿਧਾਂਤਾਂ ਦਾ ਪ੍ਰਸਾਰ ਕਰਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਨਿਸ਼ਾਨਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੁਣ ਤਕ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਜਾ ਚੁੱਕੀਆਂ ਹਨ, ਕਈ ਮਹੱਤਵਪੂਰਨ ਖੋਜ ਕਾਰਜ ਤੇ ਪ੍ਰਕਾਸ਼ਨਾਵਾਂ ਵੀ ਪ੍ਰਕਾਸ਼ਿਤ ਕਰਵਾਈਆਂ ਜਾ ਚੁੱਕੀਆਂ ਹਨ। ਭਵਿੱਖ ਵਿਚ ਆਸ ਕੀਤੀ ਜਾਂਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਧਰਮ ਅਧਿਐਨ ਅਤੇ ਗੁਰਮਤਿ ਖੋਜ ਕਾਰਜਾਂ ਨਾਲ ਸੰਬੰਧਿਤ ਖੇਤਰ ਵਿਚ ਹੋਰ ਵੀ ਮੱਲਾਂ ਮਾਰੇਗੀ।

ਹਵਾਲੇ


੧. ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (*ਸ੍ਰੀ ਗੁਰੂ ਗ੍ਰੰਥ ਸਾਹਿਬ*, ੩੫੬)

੨. ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ (*ਸ੍ਰੀ ਗੁਰੂ ਗ੍ਰੰਥ ਸਾਹਿਬ*, ੬੪੧)

੩. ਰਤਨ ਸਿੰਘ ਜੱਗੀ (ਡਾ.), *ਸਿੱਖ ਪੰਥ ਵਿਸ਼ਵਕੋਸ਼*, ਭਾਗ ੪, ਪੰਨਾ ੧੯੦੬

੪. ਇੰਦਰਦੇਵ ਸਿੰਘ ਨੰਦਰਾ (ਡਾ.), *ਸਿੱਖਿਆ, ਸਮਾਜ, ਪਾਠਕਰਮ ਅਤੇ ਸਿਖਿਆਰਥੀ*, ਪੰਨੇ ੩-੪

੫. ਅਨੰਦ ਸਪੈਸਰ (ਸੰਪਾ), *ਧਰਮ ਅਧਿਐਨ ਅਕਾਦਮਿਕ-ਪਰਿਪੇਖ*, ਪੰਨਾ ੧੪

੬. ਐਲ.ਐਮ. ਜੋਸ਼ੀ ਅਤੇ ਜੋਧ ਸਿੰਘ (ਸੰਪਾ.), *ਵਿਸ਼੍ਵ ਧਰਮ ਸੰਗ੍ਰਹਿ*, ਪੰਨਾ ਣਵ

੭. ਗੁਰਮੀਤ ਸਿੰਘ (ਸਿੱਧੂ), ਧਰਮ : *ਆਧੁਨਿਕ ਅਤੇ ਉੱਤਰ ਆਧੁਨਿਕ ਸਿਧਾਂਤ*, ਪੰਨਾ ੧੫

੮. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ* (ਸੰਨ ੧੯੨੬ ਤੋਂ ੧੯੭੬ ਤੱਕ), ਪੰਨਾ ੨੩੧

੯. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ* (ਸੰਨ ੧੯੨੬ ਤੋਂ ੧੯੭੬ ਤੱਕ), ਪੰਨਾ ੨੩੦

੧੦. *ਉਹੀ*, ਪੰਨਾ ੨੯੭

੧੧. ਰੂਪ ਸਿੰਘ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਕਲਪ, ਸੰਸਥਾ ਤੇ ਯੋਗਦਾਨ* (ਖੋਜ ਪ੍ਰਬੰਧ), ਪੰਨਾ ੧੨੬

੧੨. ਮਨਿੰਦਰ ਸਿੰਘ (ਖੋਜਾਰਥੀ), *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਦਿਅਕ ਦੇਣ : ਧਰਮ ਅਧਿਐਨ ਦੇ ਵਿਸ਼ੇਸ਼ ਪ੍ਰਸੰਗ ਵਿਚ*, (ਖੋਜ ਪ੍ਰਬੰਧ), ਪੰਨਾ ੧੨੪

੧੩. ਮਨਿੰਦਰ ਸਿੰਘ (ਖੋਜਾਰਥੀ), *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਦਿਅਕ ਦੇਣ : ਧਰਮ ਅਧਿਐਨ ਦੇ ਵਿਸ਼ੇਸ਼ ਪ੍ਰਸੰਗ ਵਿਚ*, (ਖੋਜ ਪ੍ਰਬੰਧ), ਪੰਨੇ ੧੨੫-੧੨੬

੧੪. ਮਨਿੰਦਰ ਸਿੰਘ (ਖੋਜਾਰਥੀ), *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਦਿਅਕ ਦੇਣ : ਧਰਮ ਅਧਿਐਨ ਦੇ ਵਿਸ਼ੇਸ਼ ਪ੍ਰਸੰਗ ਵਿਚ, (ਖੋਜ ਪ੍ਰਬੰਧ)*, ਪੰਨੇ ੧੨੯-੩੦

੧੫. ਰਤਨ ਸਿੰਘ ਜੱਗੀ (ਡਾ.) *ਸਿੱਖ ਪੰਥ ਵਿਸ਼ਵਕੋਸ਼* ਭਾਗ ਪਹਿਲਾ, ਪੰਨਾ ੧੬੨

੧੬. ਰਤਨ ਸਿੰਘ ਜੱਗੀ (ਡਾ.) *ਸਿੱਖ ਪੰਥ ਵਿਸ਼ਵਕੋਸ਼* ਭਾਗ ਪਹਿਲਾ, ਪੰਨਾ ੧੯੩

੧੭. ਉਹੀ, ਪੰਨਾ ੩੧੬ ■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕੁਝ ਚੋਣਵੀਆਂ ਪ੍ਰਕਾਸ਼ਨਾਵਾਂ

*-ਡਾ. ਧਰਮ ਸਿੰਘ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਿੱਖਾਂ ਦੀ ਪੁਰਾਤਨ ਅਤੇ ਸਿਰਮੌਰ ਪ੍ਰਬੰਧਕੀ ਜਥੇਬੰਦੀ ਹੈ ਜਿਸ ਦਾ ਇਤਿਹਾਸ ਸੌ ਸਾਲ ਨੂੰ ਢੁਕਣ ਵਾਲਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਨੋਰਥਾਂ ਵਿਚ ਜਿੱਥੇ ਵੱਡੇ ਅਤੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਹੈ, ਉੱਥੇ ਸਿੱਖੀ ਦੀ ਚੜ੍ਹਦੀ ਕਲਾ ਲਈ ਯਤਨ ਕਰਨੇ ਵੀ ਹਨ। ਇਨ੍ਹਾਂ ਯਤਨਾਂ ਵਿਚ ਜਿੱਥੇ ਹੋਰ ਕਈ ਸਰਗਰਮੀਆਂ ਹਨ, ਉੱਥੇ ਧਰਮ ਪ੍ਰਚਾਰ, ਇਤਿਹਾਸ ਲੇਖਣ ਸਿੱਖ ਵਿਰਸੇ ਦੀ ਸਾਂਭ-ਸੰਭਾਲ, ਪੁਸਤਕ ਪ੍ਰਕਾਸ਼ਨ, ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਅਤੇ ਪ੍ਰਸਿੱਧ ਇਤਿਹਾਸਿਕ ਦਿਹਾੜੇ ਮਨਾਉਣੇ ਆਦਿ ਵੀ ਹਨ। ਹਥਲੇ ਲੇਖ ਦੀ ਚਰਚਾ ਲਈ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਚੋਣਵੀਆਂ ਪ੍ਰਕਾਸ਼ਨਾਵਾਂ ਹੀ ਲਈਆਂ ਹਨ। ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਇਸ ਦੇ ਅਜਿਹੇ ਅੰਗ ਹਨ ਜਿਨ੍ਹਾਂ ਨੇ ਪੁਸਤਕ ਪ੍ਰਕਾਸ਼ਨ ਅਤੇ ਦੂਜੀਆਂ ਸਾਹਿਤਕ ਸਰਗਰਮੀਆਂ ਵੱਲ ਉਚੇਚਾ ਧਿਆਨ ਦਿੱਤਾ ਹੈ।

ਕੁਝ ਚੋਣਵੀਆਂ ਪ੍ਰਕਾਸ਼ਨਾਵਾਂ ਹਨ: 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ', 'ਸਿੱਖ ਨਸਲਕੁਸ਼ੀ', 'ਗੁਰਮਤਿ ਦਰਸ਼ਨ', 'ਗੁਰੂ ਬਾਬੇ ਦੀ ਬਾਣੀ', 'ਗੁਰਦੁਆਰਾ ਕੋਸ਼', 'ਚਾਰ ਸਾਹਿਬਜ਼ਾਦੇ', 'ਜਿਨਿ ਨਾਮੁ ਲਿਖਾਇਆ ਸਚੁ', 'ਢਾਡੀ ਸੋਹਣ ਸਿੰਘ ਸੀਤਲ', 'ਪ੍ਰਮੁੱਖ ਸਿੱਖ ਸ਼ਖ਼ਸੀਅਤਾਂ', 'ਬਾਬਾ ਬੰਦਾ ਸਿੰਘ ਬਹਾਦਰ', 'ਵਡਾ ਪੁਰਖੁ ਪਰਗਟਿਆ', 'ਗੁਰਦੁਆਰੇ ਗੁਰਧਾਮ', 'ਪ੍ਰਾਚੀਨ ਵਾਰਾਂ ਤੇ ਜੰਗਨਾਮੇ', 'ਸਾਡਾ ਹੱਥ ਲਿਖਿਤ ਪੰਜਾਬੀ ਸਾਹਿਤ', 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ', 'ਗੁਰਪ੍ਰਣਾਲੀ ਅਤੇ ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ', 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ', 'ਗੁਰ ਸੋਭਾ ਕ੍ਰਿਤ ਸੈਨਾਪਤਿ', 'ਸ੍ਰੀ ਗੁਰ ਪੰਥ ਪ੍ਰਕਾਸ਼' ਕ੍ਰਿਤ ਰਤਨ ਸਿੰਘ (ਭੰਗੂ) 'ਦੇਸ਼ ਕੌਮ ਦਾ ਰਾਖਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ' ਆਦਿ। ਇੱਥੇ ਇਹ ਕਹਿਣ ਦੀ ਲੋੜ ਨਹੀਂ ਕਿ ਉਪਰੋਕਤ ਸਾਰੀਆਂ ਪੁਸਤਕਾਂ ਇਤਿਹਾਸ, ਦਰਸ਼ਨ, ਸਾਹਿਤ ਅਤੇ ਸੱਭਿਆਚਾਰ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹਨ।

**ਪ੍ਰੋਫ਼ੈਸਰ ਅਤੇ ਸਾਬਕਾ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੮੮੮੯੩੯੮੦੮*

ਸਿੱਖ ਇਤਿਹਾਸ ਨੂੰ ਸਾਂਭਣ ਅਤੇ ਪੁਨਰ-ਪ੍ਰਕਾਸ਼ਿਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਜੋਕੇ ਸਮੇਂ ਵਿਚ ਇਕ ਅਹਿਮ ਪ੍ਰਾਜੈਕਟ ਆਪਣੇ ਹੱਥ ਵਿਚ ਲਿਆ ਹੋਇਆ ਹੈ ਜਿਸ ਉੱਪਰ ਬੜੀ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਇਹ ਅਹਿਮ ਪ੍ਰਾਜੈਕਟ ਹੈ— ਭਾਈ ਸੰਤੋਖ ਸਿੰਘ ਰਚਿਤ ' ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਦਾ ਪੁਨਰ-ਸੰਪਾਦਨ ਅਤੇ ਪੁਨਰ-ਪ੍ਰਕਾਸ਼ਨ। ਇਹ ਗ੍ਰੰਥ ਸਭ ਤੋਂ ਪਹਿਲਾਂ ੧੯੨੬ ਈ. ਵਿਚ ਭਾਈ ਵੀਰ ਸਿੰਘ ਵੱਲੋਂ ਸੰਪਾਦਿਤ ਹੋ ਕੇ 'ਖਾਲਸਾ ਸਮਾਚਾਰ' ਵੱਲੋਂ ਛਪਿਆ ਸੀ। ਮਗਰੋਂ ਭਾਸ਼ਾ ਵਿਭਾਗ ਪੰਜਾਬ ਨੇ ਵੀ ਇਹ ਸੰਸਕਰਨ ਛਾਪਿਆ ਪਰ ਇਸ ਦੀ ਭਾਸ਼ਾ ਹਿੰਦੀ ਲੱਦੀ ਬ੍ਰਜ ਭਾਸ਼ਾ ਹੋਣ ਕਰਕੇ ਆਮ ਲੋਕ ਇਸ ਤੋਂ ਬਹੁਤਾ ਲਾਭ ਨਹੀਂ ਲੈ ਰਹੇ। ਇੱਥੇ ਇਹ ਦੱਸਣਾ ਉੱਚਿਤ ਹੈ ਕਿ ਸਿੱਖ ਸਾਹਿਤ ਵਿੱਚੋਂ ਇਹੋ ਇੱਕੋ ਇੱਕ ਗ੍ਰੰਥ ਹੈ ਜਿਸ ਦੀ ਕਥਾ ਬਹੁਤੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਚ, ਬਾਅਦ ਦੁਪਹਿਰ ਸ਼ਾਮ ਸਮੇਂ ਕੀਤੀ ਜਾਂਦੀ ਹੈ ਅਤੇ ਸਿੱਖ ਇਤਿਹਾਸ ਦਾ ਇਹ ਸਭ ਤੋਂ ਅਹਿਮ ਸੋਮਾ ਵੀ ਹੈ। ਸਵਰਗੀ ਡਾ. ਕਿਰਪਾਲ ਸਿੰਘ ਅਤੇ ਉਨ੍ਹਾਂ ਦੀ ਟੀਮ ਦੇ ਵਰਤਮਾਨ ਮੈਂਬਰਾਂ ਵੱਲੋਂ ਇਸ ਗ੍ਰੰਥ ਦੀ ਪੁਨਰ-ਸੰਪਾਦਨਾ ਅਤੇ ਸਰਲ ਵਾਰਤਕ ਵਿਆਖਿਆ ਹੋ ਰਹੀ ਹੈ ਜਿਸ ਕਰਕੇ ਇਹ ਵਧੇਰੇ ਉਪਯੋਗੀ ਸਾਬਤ ਹੋ ਰਿਹਾ ਹੈ। ਇਸ ਦੀਆਂ ਹੁਣ ਤਕ ਇੱਕੀ ਜਿਲਦਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਦਾ ਜੀਵਨ ਬਿਰਤਾਂਤ ਆ ਚੁੱਕਾ ਹੈ ਅਤੇ ਰਹਿੰਦੀਆਂ ਜਿਲਦਾਂ ਉੱਪਰ ਕੰਮ ਹੋ ਰਿਹਾ ਹੈ। ਜਦ ਇਹ ਸਾਰੀ ਗ੍ਰੰਥ-ਲੜੀ ਛਪ ਜਾਵੇਗੀ ਤਾਂ ਨਿਸ਼ਚੇ ਹੀ ਇਹ ਵਿਦਵਾਨਾਂ ਅਤੇ ਆਮ ਲੋਕਾਂ ਲਈ ਬਹੁਤ ਲਾਭਦਾਇਕ ਹੋਵੇਗਾ।

ਇਸੇ ਲੜੀ ਦੀ ਇਕ ਹੋਰ ਅਹਿਮ ਪੁਸਤਕ ਜਿਸ ਦਾ ਜ਼ਿਕਰ ਉਚੇਚੇ ਤੌਰ 'ਤੇ ਕਰਨਾ ਬਣਦਾ ਹੈ, ਉਹ ਹੈ— 'ਐਲਬਮ ਕੇਂਦਰੀ ਸਿੱਖ ਅਜਾਇਬ ਘਰ'। ਰੈਫਰੈਂਸ ਲਾਇਬ੍ਰੇਰੀਆਂ ਅਤੇ ਅਜਾਇਬ ਘਰ ਕਿਸੇ ਵੀ ਕੌਮ ਦਾ ਬੌਧਿਕ ਸਰਮਾਇਆ ਹੁੰਦੇ ਹਨ ਅਤੇ ਨਾਲ ਹੀ ਹਰ ਤਰ੍ਹਾਂ ਦੀਆਂ ਸਾਹਿਤਕ ਅਤੇ ਵਿੱਦਿਅਕ ਸਰਗਰਮੀਆਂ ਦੀਆਂ ਆਧਾਰ-ਸ਼ਿਲਾਵਾਂ ਵੀ। ਸ਼੍ਰੋਮਣੀ ਗੁਰਦੁਆਰਾ ਪਬੰਧਕ ਕਮੇਟੀ ਵੱਲੋਂ ਸਥਾਪਿਤ ਅਜਾਇਬ ਘਰ ਸਿੱਖ ਕੌਮ ਦਾ ਸਚਿੱਤਰ ਇਤਿਹਾਸ ਹੈ ਜਿਸ ਵਿੱਚੋਂ ਗੁਜ਼ਰ ਕੇ ਜਦ ਕੋਈ ਬਾਹਰ ਨਿਕਲਦਾ ਹੈ ਤਾਂ ਉਹ ਇਤਿਹਾਸ-ਚੇਤਨਾ ਨਾਲ ਭਰਪੂਰ ਹੋ ਕੇ ਵਧੇਰੇ ਜੋਸ਼ੀਲੇ ਅਤੇ ਸ਼ਹੀਦਾਂ ਪ੍ਰਤੀ ਵਧੇਰੇ ਸ਼ਰਧਾਵਾਨ ਹੁੰਦਾ ਹੈ। ਪਹਿਲਾਂ ਕੇਵਲ ਯਾਤਰੂ ਜਾਂ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਆਪਣੀ ਯਾਤਰਾ ਵੇਲੇ ਹੀ ਅਜਾਇਬ ਘਰ ਨੂੰ ਵੇਖ ਸਕਦੇ ਸਨ, ਪਰ ਇਹ ਪੁਸਤਕ (ਐਲਬਮ) ਘਰ ਬੈਠੇ ਹੀ ਕੇਂਦਰੀ ਸਿੱਖ ਅਜਾਇਬ ਘਰ ਦੇ ਦਰਸ਼ਨ ਕਰਾਉਂਦੀ ਹੈ। ਇਹ ਪੁਸਤਕ ਯਕੀਨਨ ਅਗਲੀ ਪੀੜ੍ਹੀ ਨੂੰ ਵਿਰਾਸਤ ਨਾਲ ਜੋੜਨ ਅਤੇ ਇਸ ਨੂੰ ਸਮਝਣ ਵਿਚ

ਸਹਾਈ ਹੋਵੇਗੀ।

ਚੋਣਵੀਆਂ ਪ੍ਰਕਾਸ਼ਨਾਵਾਂ ਦੇ ਪ੍ਰਸੰਗ ਵਿਚ ਇਕ ਹੋਰ ਅਹਿਮ ਕੰਮ ਬੀਤੇ ਵਿਚ ਮਨਾਈਆਂ ਗਈਆਂ ਸ਼ਤਾਬਦੀਆਂ ਅਤੇ ਵਿਸ਼ੇ ਉੱਪਰ ਕੇਂਦ੍ਰਿਤ 'ਸੋਵੀਨਰ' ਛਾਪਣ ਦਾ ਹੈ। ਘੱਟੋ-ਘੱਟ ਵੀਹ ਮੌਕੇ ਅਜਿਹੇ ਆਏ ਹਨ ਜਿਨ੍ਹਾਂ ਨੂੰ ਸ਼ਤਾਬਦੀਆਂ ਵਜੋਂ ਮਨਾਇਆ ਗਿਆ ਹੈ। ਸਾਨੂੰ ਸਾਰੇ ਸੋਵੀਨਰ ਤਾਂ ਹਾਸਲ ਨਹੀਂ ਹੋ ਸਕੇ, ਪਰੰਤੂ ਕੁਝ ਸੋਵੀਨਰਾਂ ਦੀ ਸੰਖੇਪ ਸੂਚੀ ਇਸ ਪ੍ਰਕਾਰ ਹੈ :

੧. ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਗੁਰਪੁਰਬ (੨੦੦੪)
੨. ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸੋਵੀਨਰ (੨੦੦੫)
੩. ਚਾਲੀ ਮੁਕਤਿਆਂ ਦੀ ਤਿੰਨ ਸੌ ਸਾਲਾ ਸ਼ਹੀਦੀ ਸ਼ਤਾਬਦੀ (੨੦੦੫)
੪. ਸ੍ਰੀ ਅਕਾਲ ਤਖ਼ਤ ਸਾਹਿਬ : ਸ੍ਰੋਤ ਤੇ ਸਿਧਾਂਤ (੨੦੦੬)
੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸੌ ਸਾਲਾ ਸੰਪੂਰਨਤਾ ਦਿਵਸ (੨੦੦੬)
੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸੌ ਸਾਲਾ ਗੁਰਗੱਦੀ ਦਿਵਸ (੨੦੦੮)
੭. ਸ੍ਰੀ ਅਨੰਦਪੁਰ ਸਾਹਿਬ ਦਾ ਤਿੰਨ ਸੌ ਪੰਜਾਹ ਸਾਲਾ ਸਥਾਪਨਾ ਦਿਵਸ (੨੦੧੫)
੮. ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਾਰ ਸੌ ਸਾਲਾ ਸ਼ਹੀਦੀ ਦਿਵਸ (੨੦੦੬)
੯. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ (੨੦੦੪)
੧੦. ਤਿੰਨ ਸੌ ਸਾਲਾ ਸਰਹੰਦ ਫਤਿਹ ਦਿਵਸ (੨੦੧੦)
੧੧ ਕਲਿ ਤਾਰਣਿ ਗੁਰੂ ਨਾਨਕ ਆਇਆ (੨੦੧੯)
੧੨. ਤਿੰਨ ਸੌ ਸਾਲਾ ਜਨਮ ਦਿਹਾੜਾ ਸ਼ਹੀਦ ਭਾਈ ਤਾਰੂ ਸਿੰਘ ਜੀ (ਅਕਤੂਬਰ ੨੦੨੦)

ਇਨ੍ਹਾਂ ਸੋਵੀਨਰਾਂ ਵਿਚਲੀ ਸਮੱਗਰੀ ਕਿਸੇ ਵੀ ਤਰ੍ਹਾਂ ਇਕ ਵਿਸਤ੍ਰਿਤ ਪੁਸਤਕ ਦੀ ਸਮੱਗਰੀ ਤੋਂ ਘੱਟ ਨਹੀਂ। ਇਸ ਸਮੱਗਰੀ ਨੂੰ ਹਮੇਸ਼ਾਂ ਲਈ ਸੁਰੱਖਿਅਤ ਕਰਨ ਦੀ ਗਰਜ਼ ਨਾਲ ਕਿਤਾਬੀ ਰੂਪ ਵਿਚ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਤਿੰਨ ਸੌ ਪੰਜਾਹ ਸਾਲਾ ਸਥਾਪਨਾ ਮੌਕੇ ਛਾਪਿਆ ਸੋਵੀਨਰ ਹੁਣ ਪੁਸਤਕ ਰੂਪ ਵਿਚ ਛਾਪ ਵੀ ਦਿੱਤਾ ਹੈ।

ਲਾਇਬ੍ਰੇਰੀਆਂ ਵਿਸ਼ੇਸ਼ ਕਰਕੇ ਰੈਫਰੈਂਸ ਲਾਇਬ੍ਰੇਰੀਆਂ ਕਿਸੇ ਵੀ ਕੌਮ ਦਾ ਬੌਧਿਕ ਸਰਮਾਇਆ ਹੋਇਆ ਕਰਦੀਆਂ ਹਨ। ਇਹ ਸਰਮਾਇਆ ਕਈਆਂ ਰੂਪਾਂ ਵਿਚ ਹੋ ਸਕਦਾ ਹੈ, ਜਿਵੇਂ: ਅਖ਼ਬਾਰ, ਰਸਾਲੇ, ਹੱਥ-ਲਿਖਿਤ ਗ੍ਰੰਥ, ਨਕਸ਼ੇ, ਡਾਇਰੀਆਂ ਆਦਿ। ਸਿੱਖ ਰੈਫਰੈਂਸ ਲਾਇਬ੍ਰੇਰੀ ਦੇਸ਼ ਵੰਡ ਤੋਂ ਪਹਿਲਾਂ ਡਾ. ਗੰਡਾ ਸਿੰਘ ਅਤੇ ਹੋਰ ਨਾਮੀ ਇਤਿਹਾਸਕਾਰਾਂ ਦੀਆਂ ਕੋਸ਼ਿਸ਼ਾਂ ਸਦਕਾ ਬਣਨੀ ਸ਼ੁਰੂ ਹੋਈ ਸੀ। ਸਿੱਖ ਇਤਿਹਾਸ ਰੀਸਰਚ ਬੋਰਡ ਨੇ ਸਿੱਖ ਇਤਿਹਾਸ ਦੀ ਖੋਜ ਨੂੰ ਸਮਰਪਿਤ ਇਕ ਤਿਮਾਹੀ ਰਸਾਲਾ 'ਇਤਿਹਾਸਿਕ ਪੱਤਰ' ਵੀ ਜਾਰੀ ਕੀਤਾ ਸੀ, ਜਿਸ ਦੇ ਕੁਝ ਅੰਕ ਛਪੇ ਵੀ ਸਨ। ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਸੁਰੱਖਿਅਤ ਸਮੱਗਰੀ, ਜਿਵੇਂ

ਕਿ ਅਸੀਂ ਜਾਣਦੇ ਹਾਂ, ਸਾਕਾ ਨੀਲਾ ਤਾਰਾ ਸਮੇਂ ਭਾਰਤ ਸਰਕਾਰ ਦੁਆਰਾ ਚੁਰਾ ਲਈ ਗਈ ਅਤੇ ਫਿਰ ਸਾੜ ਦਿੱਤੀ ਗਈ ਸੀ। ਇਸ ਵਿਚ ਸੁਰੱਖਿਅਤ ਹੱਥ-ਲਿਖਿਤ, ਗ੍ਰੰਥਾਂ ਦੀ ਇਕ ਕੈਟਾਲਾਗ ੧੯੬੮ ਈ. ਵਿਚ ਸਾਡਾ ਹੱਥ-ਲਿਖਿਤ ਪੰਜਾਬੀ ਸਾਹਿਤ ਨਾਂ ਹੇਠ ਛਪੀ ਸੀ। ਇਸ ਸੂਚੀ ਵਿਚ ਤਿੰਨ ਸੌ ਛਿਆਹਠ ਹੱਥ-ਲਿਖਿਤ ਗ੍ਰੰਥਾਂ ਦਾ ਵੇਰਵਾ ਸੀ ਜਿਸ ਵਿਚ ਕਈ ਸੰਗ੍ਰਹਿ ਵੀ ਸਨ। ਇਕ ਮੋਟੇ ਅੰਦਾਜ਼ੇ ਨਾਲ ਜੇ ਇਕ ਸੰਗ੍ਰਹਿ ਵਿਚ ਔਸਤਨ ਦੋ ਲਿਖਤਾਂ ਮੰਨ ਲਈਏ ਤਾਂ ਇਹ ਗਿਣਤੀ ਸੱਤ ਸੌ ਤੋਂ ਉੱਪਰ ਚਲੀ ਜਾਂਦੀ ਹੈ। 'ਸਾਡਾ ਹੱਥ-ਲਿਖਿਤ ਪੰਜਾਬੀ ਸਾਹਿਤ' ਪੁਸਤਕ ਵਿਚ ਸ਼ਾਮਲ ਜੇ ਲੇਖਕਾਂ ਦੀ ਹੀ ਗਿਣਤੀ ਕਰਨੀ ਹੋਵੇ ਤਾਂ ਇਹ ਪੌਣੇ ਦੋ ਸੌ ਦੇ ਲੱਗਭਗ ਹਨ। ਇਨ੍ਹਾਂ ਵਿਚ ਬਹੁਤੇ ਲੇਖਕ ਅਜਿਹੇ ਹਨ ਜਿਨ੍ਹਾਂ ਬਾਰੇ ਇਤਿਹਾਸ ਅਤੇ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਵਿਚ ਜ਼ਿਕਰ ਨਹੀਂ। ਇਨ੍ਹਾਂ ਗ੍ਰੰਥਾਂ ਵਿਚ ਕਈ ਗ੍ਰੰਥ ਤਾਂ ਅਜਿਹੇ ਵੀ ਸਨ ਜਿਨ੍ਹਾਂ ਦੀ ਕੇਵਲ ਇਕ ਹੀ ਪ੍ਰਤੀਲਿਪੀ ਸੀ ਅਤੇ ਉਹ ਵੀ ਇਸੇ ਲਾਇਬ੍ਰੇਰੀ ਵਿਚ। ਉਪਰੋਕਤ ਸੰਕੇਤਿਤ ਪੁਸਤਕ ਵਿਚ ਕਈਆਂ 'ਗੁਰਬਿਲਾਸਾਂ', 'ਗੁਰਪ੍ਰਣਾਲੀਆਂ', 'ਜੰਗਨਾਮਿਆਂ', 'ਬੰਸਾਵਲੀਆਂ', 'ਗੋਸਟਾਂ', 'ਪਰਚੀਆਂ', 'ਸਾਖੀਆਂ' ਅਤੇ 'ਜਨਮ ਸਾਖੀਆਂ' ਬਾਰੇ ਸੂਚਨਾਵਾਂ ਦਿੱਤੀਆਂ ਗਈਆਂ ਹਨ। ਕਈ ਗ੍ਰੰਥ ਸਚਿੱਤਰ ਵੀ ਸਨ, ਖਾਸ ਕਰਕੇ ਜਨਮ ਸਾਖੀਆਂ। ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਸਾਂਭੇ ਗਏ ਗ੍ਰੰਥਾਂ ਦੀ ਗੱਲ ਕਰੀਏ ਤਾਂ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਮਨੁੱਖੀ ਜੀਵਨ ਦਾ ਹਰ ਪੱਖ ਇਨ੍ਹਾਂ ਦਾ ਵਿਸ਼ਾ ਬਣਿਆ ਸੀ। 'ਸਾਡਾ ਹੱਥਲਿਖਿਤ ਪੰਜਾਬੀ ਸਾਹਿਤ' ਪੁਸਤਕ ਅੱਜ ਤੋਂ ਪੰਜਾਹ ਕੁ ਵਰ੍ਹੇ ਪਹਿਲਾਂ ਛਪੀ ਸੀ ਅਤੇ ਖੋਜਕਾਰਾਂ ਲਈ ਬੜੀ ਲਾਭਦਾਇਕ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਦੇ ਪੁਨਰ-ਪ੍ਰਕਾਸ਼ਨ ਦਾ ਕੰਮ ਹੱਥ ਵਿਚ ਲੈਣਾ ਚਾਹੀਦਾ ਹੈ।

'ਪ੍ਰਾਚੀਨ ਵਾਰਾਂ ਤੇ ਜੰਗਨਾਮੇ' (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ) 'ਗੁਰਪ੍ਰਣਾਲੀਆਂ (ਸੰਪਾ. ਭਾਈ ਰਣਧੀਰ ਸਿੰਘ) ਅਤੇ 'ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ' ਆਦਿ ਪੁਸਤਕਾਂ ਸਾਹਿਤ ਅਤੇ ਇਤਿਹਾਸ ਦੋਹਾਂ ਨਾਲ ਸੰਬੰਧ ਰਖਦੀਆਂ ਹਨ। 'ਪ੍ਰਾਚੀਨ ਵਾਰਾਂ ਤੇ ਜੰਗਨਾਮੇ' ਵਿਚ ਸਤਾਰ੍ਹਾਂ ਰਚਨਾਵਾਂ ਅਜਿਹੀਆਂ ਹਨ ਜੋ ਕਿਸੇ ਨਾ ਕਿਸੇ ਇਤਿਹਾਸਿਕ ਘਟਨਾ ਜਾਂ ਵਿਅਕਤੀਆਂ ਨਾਲ ਸੰਬੰਧਿਤ ਹਨ। 'ਵਾਰਾਂ ਤੇ ਜੰਗਨਾਮੇ' ਪੰਜਾਬੀ ਬੀਰ ਕਾਵਿ ਦਾ ਅਨਮੋਲ ਸਰਮਾਇਆ ਵੀ ਹਨ, ਇਸ ਲਈ ਇਨ੍ਹਾਂ ਦਾ ਮਹੱਤਵ ਦੋਹਰਾ ਹੈ। 'ਗੁਰਪ੍ਰਣਾਲੀਆਂ' ਪੁਸਤਕ ਗੁਰੂ ਘਰਾਣਿਆਂ ਦੇ ਬੰਸਾਵਲੀਨਾਮੇ ਹਨ ਜਿਨ੍ਹਾਂ ਵਿਚ ਵਧੇਰੇ ਬਲ ਤੱਥਿਕ ਜਾਣਕਾਰੀ ਦੇਣ ਉੱਪਰ ਹੈ ਜਿਵੇਂ: ਕਿਹੜੇ ਗੁਰੂ ਸਾਹਿਬ ਦਾ ਜਨਮ ਕਿਹੜੇ ਸੰਨ ਸੰਮਤ ਵਿਚ ਹੋਇਆ, ਉਨ੍ਹਾਂ ਦੇ ਮਾਤਾ ਪਿਤਾ ਦੇ ਕੀ ਨਾਮ ਸਨ, ਉਨ੍ਹਾਂ ਨੇ ਕਿੰਨੇ ਸਾਲ ਗੁਰਤਾ ਨਿਭਾਈ ਅਤੇ ਉਨ੍ਹਾਂ ਦੀ ਅੰਸ-ਬੰਸ ਵਿਚ ਕੌਣ ਕੌਣ ਵਿਅਕਤੀ ਸਨ? ਪੁਸਤਕ 'ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ' ਵਿਚ

ਗੁਰੂ-ਕਾਲ ਅਤੇ ਅਠਾਰ੍ਹਵੀਂ ਸਦੀ ਦਾ ਇਤਿਹਾਸ ਚਿਤ੍ਰਣ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸ ਵਿਚ ੧੯੨੬ ਤੋਂ ਲੈ ਕੇ ੧੯੭੬ ਈ. ਤਕ ਦਾ ਬਹੁਪੱਖੀ ਵੇਰਵਾ ਹੈ। 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ' (ਸੰਪਾ. ਹੀਰਾ ਸਿੰਘ ਦਰਦ) ਇਕ ਹੋਰ ਅਤਿ ਅਹਿਮ ਪੁਸਤਕ ਹੈ। ਕਰਮ ਸਿੰਘ ਹਿਸਟੋਰੀਅਨ ਆਧੁਨਿਕ ਸਿੱਖ ਇਤਿਹਾਸਕਾਰੀ ਦਾ ਮੋਢੀ ਹੈ, ਵਿਸ਼ੇਸ਼ ਕਰਕੇ ਫਿਰ-ਤੁਰ ਕੇ ਵੱਖ-ਵੱਖ ਥਾਵਾਂ 'ਤੇ ਜਾ ਕੇ ਮੌਖਿਕ ਇਤਿਹਾਸਿਕ ਸਮੱਗਰੀ ਇਕੱਠਾ ਕਰਨ ਵਾਲਾ ਉਹ ਪਹਿਲਾ ਇਤਿਹਾਸਕਾਰ ਹੈ। ਅੱਜ ਮੌਖਿਕ ਇਤਿਹਾਸ (Oral History) ਨੂੰ ਅਕਾਦਮਿਕ ਹਲਕਿਆਂ ਵਿਚ ਬਰਾਬਰ ਦੀ ਅਹਿਮੀਅਤ ਦਿੱਤੀ ਜਾ ਰਹੀ ਹੈ, ਜਿਸ ਦੀ ਪਛਾਣ ਕਰਮ ਸਿੰਘ ਨੇ ਪਹਿਲੀ ਵਾਰ ਕੀਤੀ ਸੀ। ਪੁਸਤਕ ਦੇ ਚੌਥੇ ਭਾਗ ਵਿਚ ਕਾਜ਼ੀ ਨੂਰ ਮੁਹੰਮਦ ਦੇ ਜੰਗਨਾਮੇ ਬਾਰੇ ਵਿਸਤ੍ਰਿਤ ਚਰਚਾ ਹੈ ਜਿਸ ਦੇ ਇਤਿਹਾਸਿਕ ਮਹੱਤਵ ਨੂੰ ਸਾਹਮਣੇ ਰੱਖ ਕੇ ਡਾ. ਗੰਡਾ ਸਿੰਘ ਨੇ ਪਹਿਲੀ ਵਾਰ ਇਸ ਜੰਗਨਾਮੇ ਨੂੰ ੧੯੩੯ ਈ. ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਵੱਲੋਂ ਪ੍ਰਕਾਸ਼ਿਤ ਕਰਵਾਇਆ ਸੀ। ਸ. ਸ਼ਮਸ਼ੇਰ ਸਿੰਘ ਅਸ਼ੋਕ 'ਸਿੱਖ ਇਤਿਹਾਸ ਰੀਸਰਚ ਬੋਰਡ' ਵਿਚ ਮੁਲਾਜ਼ਮ ਸਨ। ਇਸ ਲਈ ਉਨ੍ਹਾਂ ਨੇ ਸਿੱਖ ਇਤਿਹਾਸ ਸੰਬੰਧੀ ਨਿੱਠ ਕੇ ਕੰਮ ਕੀਤਾ। ਉਨ੍ਹਾਂ ਦੀਆਂ ਦੋ ਪੁਸਤਕਾਂ ਕਵੀ ਸੈਨਾਪਤਿ ਰਚਿਤ 'ਗੁਰ ਸੋਭਾ' ਹੈ। ਬੇਸ਼ਕ ਇਹ ਮੂਲ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਚਾਨਣ ਪਾਉਂਦੀ ਹੈ ਪਰ ਇਸ ਵਿੱਚੋਂ ਅਠਾਰ੍ਹਵੀਂ ਸਦੀ ਈਸਵੀ ਦੇ ਇਤਿਹਾਸ ਬਾਰੇ ਭਰੋਸੇਯੋਗ ਪ੍ਰਮਾਣ ਵੀ ਮਿਲ ਜਾਂਦੇ ਹਨ। ਗਿਆਨੀ ਗਿਆਨ ਸਿੰਘ ਦੀ ਸਿੱਖ ਇਤਿਹਾਸ ਸੰਬੰਧੀ ਲਿਖੀ ਪੁਸਤਕ ਬੇਸ਼ੱਕ ਪਹਿਲਾਂ ਵੀ ਪ੍ਰਕਾਸ਼ਿਤ ਹੋ ਚੁੱਕੀ ਸੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਡਾ. ਜੀਤ ਸਿੰਘ ਸੀਤਲ ਕੋਲੋਂ ਸੰਪਾਦਿਤ ਕਰਵਾ ਕੇ ਨਾ ਕੇਵਲ ਇਸ ਦਾ ਮਤਨ (ਮੂਲ ਪਾਠ) ਹੀ ਸੁਰੱਖਿਅਤ ਕਰ ਦਿੱਤਾ, ਸਗੋਂ ਡਾ. ਸੀਤਲ ਨੇ ਅਰੰਭ ਵਿਚ ਭੂਮਿਕਾ ਲਿਖ ਕੇ ਇਸ ਨੂੰ ਹੋਰ ਉਪਯੋਗੀ ਵੀ ਬਣਾ ਦਿੱਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਛਪੀਆਂ ਦੋ ਹੋਰ ਪੁਸਤਕਾਂ ਦੀ ਗੱਲ ਤੋਂ ਬਿਨਾਂ ਇਹ ਚਰਚਾ ਅਧੂਰੀ ਰਹੇਗੀ। ਪਹਿਲੀ ਹੈ, ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ 'ਹਮ ਹਿੰਦੂ ਨਹੀਂ' ਅਤੇ ਦੂਜੀ ਹੈ, ਰਣਜੀਤ ਸਿੰਘ ਅਮਨ ਲਿਖਿਤ ਜੀਵਨ 'ਜਨਰਲ ਹਰੀ ਸਿੰਘ ਨਲੂਆ'। ਭਾਈ ਕਾਨ੍ਹ ਸਿੰਘ ਨਾਭਾ ਦੀ 'ਹਮ ਹਿੰਦੂ ਨਹੀਂ' ਪੁਸਤਕ ਬਹੁਤ ਚਰਚਾ ਵਿਚ ਰਹੀ ਸੀ ਜਿਸ ਵਿਚ ਸਿੱਖ ਪੰਥ ਦੇ ਨਿਆਰੇ ਹੋਣ ਦੇ ਹੱਕ ਵਿਚ ਬਹੁਤ ਤਾਰਕਿਕ ਬਹਿਸ ਕੀਤੀ ਗਈ ਹੈ। ਅਮਨ ਦੀ ਜਨਰਲ ਹਰੀ ਸਿੰਘ ਨਲੂਆ ਬਾਰੇ ਲਿਖੀਆਂ ਗਈਆਂ ਅਰੰਭਲੀਆਂ ਪੁਸਤਕਾਂ ਵਿੱਚੋਂ ਮਹੱਤਵਪੂਰਨ ਪੁਸਤਕ ਹੈ।

ਇਸੇ ਕੜੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਗੁਰਮਤਿ ਪ੍ਰਕਾਸ਼' ਨਾਮ ਅਧੀਨ ਇਕ ਮਾਸਿਕ ਪੱਤਰ ਪਿਛਲੀ ਅੱਧੀ ਸਦੀ ਤੋਂ ਵੀ ਵਧੇਰੇ ਸਮੇਂ ਤੋਂ ਛਪਦਾ ਆ ਰਿਹਾ ਹੈ। ਅੰਕੜਿਆਂ ਵੱਲ ਜਾਈਏ ਤਾਂ ਇਹ ਪੰਜਾਬੀ ਭਾਸ਼ਾ ਵਿਚ ਸ਼ਾਇਦ ਸਭ ਤੋਂ ਵੱਧ ਗਿਣਤੀ ਵਿਚ ਛਪਣ ਵਾਲਾ ਮਾਸਿਕ ਪੱਤਰ ਹੈ। ਸਿੱਖ ਇਤਿਹਾਸ ਘਟਨਾਵਾਂ ਭਰਪੂਰ ਇਤਿਹਾਸ ਹੈ ਜਿਸ ਦੇ ਹਰ ਮਹੀਨੇ ਕੋਈ ਨਾ ਕੋਈ ਮਹੱਤਵਪੂਰਨ ਘਟਨਾ ਘਟੀ ਹੁੰਦੀ ਹੈ। 'ਗੁਰਮਤਿ ਪ੍ਰਕਾਸ਼' ਮੌਕੇ ਦੀ ਮੁਨਾਸਬਿਤ ਨਾਲ ਅਜਿਹੀਆਂ ਘਟਨਾਵਾਂ ਬਾਰੇ ਵਿਸ਼ੇਸ਼ ਲੇਖ ਤਿਆਰ ਕਰਵਾ ਕੇ ਛਾਪਦਾ ਆ ਰਿਹਾ ਹੈ। ਮੈਨੂੰ ਯਾਦ ਹੈ ਕਿ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ੧੯੬੯ ਈ. ਵਿਚ ਮਨਾਇਆ ਗਿਆ ਸੀ ਤਾਂ 'ਗੁਰਮਤਿ ਪ੍ਰਕਾਸ਼' ਨੇ ਤਿੰਨ ਯਾਦਗਾਰੀ ਵਡ-ਅਕਾਰੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਸਨ। ਇਕ ਅੰਕ ਗੁਰੂ ਜੀ ਦੇ ਫ਼ਲਸਫ਼ੇ ਬਾਰੇ, ਇਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਅਤੇ ਇਕ ਵਿਚ ਗੁਰੂ ਸਾਹਿਬ ਦੀਆਂ ਮੁਕੰਮਲ ਬਾਣੀਆਂ ਸਨ। ਮਗਰੋਂ ਵੀ ਕਈ ਵਿਸ਼ੇਸ਼ ਅੰਕ ਛਪਦੇ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੇ ਚਾਰ ਸੌ ਵੀਂ ਵਰ੍ਹੇਗੰਢ ਮੌਕੇ ਦਸ ਵਿਸ਼ੇਸ਼ ਅੰਕ ਕੱਢੇ ਗਏ। ਚੱਲ ਰਹੇ ਸਾਲ (੨੦੨੦) ਵਿਚ ਵੀ ਇਸ ਰਿਸਾਲੇ ਦੇ ਚਾਰ ਵਿਸ਼ੇਸ਼ ਅੰਕ- ਭਗਤ ਨਾਮਦੇਵ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੌ ਸਾਲ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਨਨਕਾਣਾ ਸਾਹਿਬ ਦੇ ਸਾਕੇ ਬਾਰੇ ਕੱਢਣ ਦੀ ਤਜਵੀਜ਼ ਹੈ।

ਇਸੇ ਪ੍ਰਸੰਗ ਵਿਚ 'ਗੁਰਮਤਿ ਪ੍ਰਕਾਸ਼' ਵਿਚ ਪਿਛਲੇ ਪੰਜਾਹ ਸਾਲਾਂ ਵਿਚ ਛਪੇ ਸਾਰੇ ਲੇਖਾਂ ਦੇ ਤਤਕਰੇ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਵਡ-ਅਕਾਰੀ ਪੰਜ ਸੌ ਪੰਨਿਆਂ ਵਿਚ ਛਪੇ ਇਸ ਤਤਕਰੇ ਵਿਚ ਪਹਿਲਾਂ ਲੇਖਕ-ਕ੍ਰਮ ਅਨੁਸਾਰ ਇਨ੍ਹਾਂ ਲੇਖਾਂ ਦਾ ਵੇਰਵਾ ਹੈ ਅਤੇ ਭਾਗ ਦੂਜਾ ਵਿਚ ਵਿਸ਼ੇ ਅਨੁਸਾਰ ਲੇਖਾਂ ਦੀ ਵੰਡ ਕਰ ਕੇ ਅੱਗੇ ਲੇਖਕਾਂ ਦੇ ਨਾਂ ਗੁਰਮੁਖੀ ਅੱਖਰ-ਕ੍ਰਮ ਅਨੁਸਾਰ ਅੰਕਿਤ ਕੀਤੇ ਗਏ ਹਨ। ਖੋਜ ਦੀ ਭਾਸ਼ਾ ਵਿਚ ਅਜਿਹੇ ਤਤਕਰਿਆਂ ਨੂੰ ਖੋਜ ਸੰਦ (Reference Tool) ਕਿਹਾ ਗਿਆ ਹੈ ਜੋ ਭਵਿੱਖ ਦੇ ਖੋਜਕਾਰਾਂ ਲਈ ਬਹੁਤ ਉਪਯੋਗੀ ਹੈ। ਬਿਨਾਂ ਕੋਈ ਸਮਾਂ ਗਵਾਇਆਂ ਖੋਜਕਾਰ ਆਪਣਾ ਮਨ-ਇੱਛਿਤ ਹਵਾਲਾ ਅੱਖ ਦੇ ਫੋਰ ਵਿਚ ਲੱਭ ਲੈਂਦਾ ਹੈ ਜਿਸ ਨਾਲ ਸਮੇਂ ਅਤੇ ਖੇਚਲ ਦੋਹਾਂ ਦੀ ਬੱਚਤ ਹੁੰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਗੁਰਮਤਿ ਪ੍ਰਕਾਸ਼' ਦੇ ਚੋਣਵੇਂ ਲੇਖਾਂ ਨੂੰ ਵਿਸ਼ੇਵਾਰ ਕਿਤਾਬਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਨ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ। ਜਿਸ ਤਹਿਤ- 'ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ', 'ਸਿੱਖ ਸੰਗ੍ਰਾਮ ਦੀ ਦਾਸਤਾਨ', 'ਵੱਡਾ ਪੁਰਖੁ ਪਰਗਟਿਆ', 'ਦਸਮੇਸ਼ ਪ੍ਰਕਾਸ਼', 'ਜੋਤਿ ਪ੍ਰਕਾਸ਼', 'ਕਲਜੁਗਿ ਜਹਾਜ ਅਰਜਨ ਗੁਰੂ', 'ਦਲ ਭੰਜਨ ਗੁਰ ਸੂਰਮਾ' ਅਤੇ 'ਨਿਰਭਉ ਨਿਰੰਕਾਰ' ਵੱਡ ਅਕਾਰੀ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ

ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ ਨੂੰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋਂ ਪ੍ਰਿੰ. ਤੇਜਾ ਸਿੰਘ ਸੰਪਾਦਨਾ ਪੁਰਸਕਾਰ ਦਿੱਤਾ ਗਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਂ-ਸਮੇਂ ਵਿਦਵਾਨਾਂ ਕੋਲੋਂ ਲੈਕਚਰ ਕਰਾਉਂਦੀ ਰਹਿੰਦੀ ਹੈ ਅਤੇ ਸੈਮੀਨਾਰ ਵੀ ਆਯੋਜਿਤ ਕੀਤੇ ਜਾਂਦੇ ਹਨ। ਲੈਕਚਰਾਂ ਵਿਚ ਹੀ ਤੀਹ ਤੋਂ ਉੱਪਰ ਲੈਕਚਰ ਹੋ ਚੁੱਕੇ ਹਨ ਅਤੇ ਅੱਗੋਂ ਵੀ ਇਹ ਲੜੀ ਚੱਲ ਰਹੀ ਹੈ। ਸੈਮੀਨਾਰਾਂ ਵਿਚ ਪੜ੍ਹੇ ਗਏ ਖੋਜ-ਪੱਤਰਾਂ ਅਤੇ ਭਾਸ਼ਣਾਂ ਦੇ ਲਿਖਤੀ ਰੂਪਾਂ ਨੂੰ ਛਾਪ ਕੇ ਜਿਗਿਆਸੂਆਂ ਤਕ ਪਹੁੰਚਾਉਣ ਦਾ ਉੱਦਮ ਨਿਸ਼ਚੇ ਹੀ ਸ਼ਲਾਘਾਯੋਗ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਕੀਮਤਨ ਹਨ ਅਤੇ ਕੁਝ ਮੁਫ਼ਤ (ਭੇਟਾ-ਰਹਿਤ) ਹਨ। ਜਿਹੜੀਆਂ ਕੀਮਤਨ ਵੀ ਹਨ, ਉਨ੍ਹਾਂ ਦੀ ਕੀਮਤ ਵੀ ਲਾਗਤ-ਮਾਤਰ ਹੈ। ਇਹੋ ਕਾਰਨ ਹੈ ਕਿ ਕਈਆਂ ਪੁਸਤਕਾਂ ਦੇ ਕਈ ਕਈ ਸੰਸਕਰਣ ਛਪ ਚੁੱਕੇ ਹਨ। ਭਾਵੇਂ ਪ੍ਰਚਾਰ ਖਾਤਰ ਹੀ ਸਹੀ ਭੇਟਾ-ਰਹਿਤ ਦਿੱਤੇ ਜਾਣ ਵਾਲੇ ਕਿਤਾਬਚੇ, ਟ੍ਰੈਕਟ ਅਤੇ ਬੱਚਿਆਂ ਲਈ ਪੁਸਤਕਾਂ ਆਦਿ ਉਪਰਾਲੇ ਨਵੀਂ ਪੀੜ੍ਹੀ ਨੂੰ ਵਿਰਸੇ ਅਤੇ ਇਤਿਹਾਸ ਨਾਲ ਜੋੜਨ ਦਾ ਕੰਮ ਵੀ ਕਰ ਰਹੇ ਹਨ।

ਕੁਝ ਪੁਸਤਕਾਂ ਅੰਗਰੇਜ਼ੀ ਵਿਚ ਵੀ ਛਪੀਆਂ ਹੋਈਆਂ ਹਨ। ਇਨ੍ਹਾਂ ਵਿੱਚੋਂ ਪ੍ਰਮੁੱਖ ਹਨ: Anglo Sikh Wars (Karnail Singh), Guru Nanak Dev : The Founder of Sikhism ( Harnam Singh Shan), Sikhism : A Miri Piri System (Kharak Singh), Guru Angad dev : Contribution and Significance (Prithipal Singh Kapoor), A Breif Account of the Sikhs (Ganda Singh), Guru Nanak and his Mission (Teja Singh) ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਵੱਖ-ਵੱਖ ਮੁਲਕਾਂ ਵਿਚ ਕੀਤੀਆਂ ਗਈਆਂ ਉਦਾਸੀਆਂ ਬਾਰੇ ਸਤਾਰਾਂ ਪੁਸਤਕਾਂ (ਕਿਤਾਬਚੇ)। ਹਿੰਦੀ ਜਾਣਨ ਵਾਲਿਆਂ ਲਈ ਸਿੱਖ ਧਰਮ ਦੇ ਕੁਝ ਬੁਨਿਆਦੀ ਸਿਧਾਂਤਾਂ ਸਿੱਖ ਰਹਿਤ ਮਰਯਾਦਾ ਅਤੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਬਾਰੇ ਮੁਢਲੀ ਕਿਸਮ ਦੀ ਜਾਣਕਾਰੀ ਦਿੰਦੀਆਂ ਪੁਸਤਕਾਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪੀਆਂ ਹਨ।

ਸਿੱਖ ਇਤਿਹਾਸ, ਗੁਰਮਤਿ ਦਰਸ਼ਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਸਿੱਖ ਇਤਿਹਾਸਿਕ ਗ੍ਰੰਥਾਂ ਅਥਵਾ ਸ੍ਰੋਤਾਂ ਅਤੇ ਰਹਿਤ ਮਰਯਾਦਾ ਬਾਰੇ ਮੁਢਲੀ ਕਿਸਮ ਦੀ ਜਾਣਕਾਰੀ ਦੇਣ ਹਿੱਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿਛਲੇ ਕੁਝ ਸਾਲਾਂ ਤੋਂ ਡਾਕ ਜਾਂ ਪੱਤਰ-ਵਿਹਾਰ ਵਿਧੀ ਰਾਹੀਂ ਘਰ ਬੈਠਿਆਂ ਨੂੰ ਜਾਣਕਾਰੀ ਲੈਣ ਲਈ ਕੋਰਸ ਕਰਾਉਣੇ ਸ਼ੁਰੂ ਕੀਤੇ ਹਨ। ਇਨ੍ਹਾਂ ਕੋਰਸਾਂ ਨਾਲ ਸੰਬੰਧਿਤ ਪਾਠ-ਪੁਸਤਕਾਂ ਦੇ ਰੂਪ ਵਿਚ ਵੀ ਕੁਝ ਪੁਸਤਕਾਂ ਛਾਪੀਆਂ ਗਈਆਂ ਹਨ। ਹਰ ਸਾਲ ਹਜ਼ਾਰਾਂ ਵਿਦਿਆਰਥੀ ਇਸ ਸਹੂਲਤ ਦਾ ਲਾਭ ਲੈ ਰਹੇ ਹਨ। ■

# ਸ. ਸੁੰਦਰ ਸਿੰਘ ਮਜੀਠੀਆ : ਜੀਵਨ ਅਤੇ ਯੋਗਦਾਨ

*-ਡਾ. ਗੁਰਪ੍ਰੀਤ ਸਿੰਘ**

ਸ. ਸੁੰਦਰ ਸਿੰਘ ਮਜੀਠੀਆ ਦਾ ਜਨਮ ੧੭ ਫਰਵਰੀ, ੧੮੭੨ ਈ. ਨੂੰ ਸਿੱਖ ਰਾਜ ਦੇ ਜਾਂਬਾਜ਼, ਨਿਧੜਕ ਜਰਨੈਲ, ਯੋਧੇ, ਰਾਜਾ ਸੂਰਤ ਸਿੰਘ ਮਜੀਠੀਆ ਦੇ ਘਰ ਹੋਇਆ।[੧] ਸ. ਸੁੰਦਰ ਸਿੰਘ ਦੇ ਦਾਦਾ ਸ. ਅਤਰ ਸਿੰਘ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ੨੮੦੦ ਰੁਪਏ ਦੀ ਜਗੀਰ ਸੱਯਦ-ਕਸਰਾਂ ਅਤੇ ਗੰਜਾ ਮਹਿਲ ਜ਼ਿਲ੍ਹਾ ਜੇਹਲਮ ਵਿਖੇ ਦਿੱਤੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਨੇ ਸ. ਅਤਰ ਸਿੰਘ ਦੀ ਬਹਾਦਰੀ ਦੇਖ ਕੇ ਉਸ ਨੂੰ ਜਿਹਲਮ ਇਲਾਕੇ ਦਾ ਹਾਕਮ ਨਿਯੁਕਤ ਕੀਤਾ ਸੀ। ੧੮੪੩ ਈ. ਵਿਚ ਹਜਾਰਾ ਵਿਖੇ ਹੋਈ ਜੰਗ ਵਿਚ ਸ. ਅਤਰ ਸਿੰਘ ਜੰਗ ਕਰਦੇ ਸ਼ਹੀਦ ਹੋ ਗਏ ਸਨ। ਸ. ਅਤਰ ਸਿੰਘ ਦਾ ਵਾਰਸ ਸ. ਸੂਰਤ ਸਿੰਘ ਬਣਿਆ।

ਸ. ਸੂਰਤ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਰਹੱਦੀ ਇਲਾਕੇ ਦੀ ਕਮਾਨ ਸੌਂਪੀ ਅਤੇ ਪਿਸ਼ਾਵਰ, ਨੌਸ਼ਿਹਰੇ ਵਿਚ ਤਾਇਨਾਤ ਕਰ ਦਿੱਤਾ। ੧੮੪੮-੪੯ ਈ. ਵਿਚ ਹੋਏ ਦੂਜੇ ਐਂਗਲੋ-ਸਿੱਖ ਯੁੱਧ ਸਮੇਂ ਰਾਜਾ ਸੂਰਤ ਸਿੰਘ ਨੇ ਰਾਮਨਗਰ ਅਤੇ ਚੇਲੀਆਂ ਵਾਲੀ ਜੰਗ ਵਿਚ ਸਿੱਖ ਫੌਜ ਦੀ ਅਗਵਾਈ ਕੀਤੀ ਸੀ। ੧੮੪੯ ਈ. ਵਿਚ ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ਾ ਕਰਨ ਤੋਂ ਬਾਅਦ ਸ. ਸੂਰਤ ਸਿੰਘ ਦੀ ੨੨੫੦੦ ਰੁਪਏ ਦੀ ਜਗੀਰ ਜਬਤ ਕਰ ਕੇ ਕੇਵਲ ੭੨੦ ਰੁ. ਸਲਾਨਾ ਪੈਨਸ਼ਨ ਦੇ ਕੇ ਬਨਾਰਸ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਸੀ। ਬਨਾਰਸ ਵਿਖੇ ਸ. ਸੂਰਤ ਸਿੰਘ ੧੮੫੭ ਈ. ਦੇ ਗ਼ਦਰ ਤਕ ਨਜ਼ਰਬੰਦ ਰਹੇ। ਸ. ਸੂਰਤ ਸਿੰਘ ਮਜੀਠੀਆ ਉਨ੍ਹਾਂ ਨੜ੍ਹਿਨਵੇਂ ਮੁਖੀ ਸਰਦਾਰਾਂ ਵਿਚ ਸਨ ਜੋ ਐਲਾਨੀਆ ਤੌਰ 'ਤੇ ਅੰਗਰੇਜ਼ਾਂ ਦੁਆਰਾ ਬਣਾਈਆਂ ਗਈਆਂ ਸੂਚੀਆਂ ਅੰਦਰ ਅੰਗਰੇਜ਼ੀ ਸਰਕਾਰ ਦੇ ਵਿਰੋਧੀ ਗਿਣੇ ਗਏ ਸਨ।[੨] ਰਾਜਾ ਸੂਰਤ ਸਿੰਘ ਮਜੀਠੀਆ ਨੂੰ ਕੈਦ ਵਿੱਚੋਂ ਬਾਹਰ ਆਉਣ 'ਤੇ ਅੰਗਰੇਜ਼ ਸਰਕਾਰ ਵੱਲੋਂ ਜਬਤ ਕੀਤੀ ਜਗੀਰ ਬਦਲੇ ੪੮੦੦ ਰੁਪਏ ਸਾਲਾਨਾ ਪੈਨਸ਼ਨ ਅਤੇ ਗੋਰਖਪੁਰ (ਯੂ.ਪੀ.) ਵਿਚ ਜਗੀਰ ਪ੍ਰਾਪਤ ਹੋਈ। ਫਿਰ ਆਪ ਮਜੀਠੇ ਆ ਗਏ। ਇੱਥੇ ਹੀ ੧੮੮੧ ਈ. ਵਿਚ ਰਾਜਾ ਸੂਰਤ ਸਿੰਘ ਦਾ ਦੇਹਾਂਤ ਹੋ ਗਿਆ।[੩] ਰਾਜਾ ਸੂਰਤ ਸਿੰਘ ਦਾ ਵਾਰਸ ਸ. ਸੁੰਦਰ ਸਿੰਘ ਬਣਿਆ। ਸ. ਸੁੰਦਰ ਸਿੰਘ ਜਦੋਂ ਅਜੇ ਕੇਵਲ ਤਿੰਨ ਸਾਲ ਦੇ ਹੋਏ ਤਾਂ ਇਨ੍ਹਾਂ ਦੇ ਮਾਤਾ ਜੀ ੧੮੭੫ ਈ. ਵਿਚ ਚੜਾਈ ਕਰ ਗਏ। ਮਾਤਾ ਜੀ ਦੇ ਦੇਹਾਂਤ ਤੋਂ ਛੇ ਸਾਲ ਬਾਅਦ ਪਿਤਾ ਰਾਜਾ ਸੂਰਤ ਸਿੰਘ ੧੮੮੧ ਈ. ਵਿਚ ਇਸ

**ਧਾਰਮਿਕ ਅਧਿਆਪਕ, ਸ੍ਰੀ ਮਾਤਾ ਗੰਗਾ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ ਸਾਹਿਬ। ਮੋ: ੮੭੨੫੦-੧੫੧੬੩*

ਸੰਸਾਰ ਨੂੰ ਅਲਵਿਦਾ ਕਹਿ ਗਏ। ਸ. ਸੁੰਦਰ ਸਿੰਘ ਦੇ ਵੱਡੇ ਭਰਾ ਉਮਰਾਉ ਸਿੰਘ ਸਨ। ਪਿਤਾ ਜੀ ਦੀ ਮੌਤ ਸਮੇਂ ਜਦ ਦੋਵੇਂ ਭਰਾ ਅਜੇ ਨਾਬਾਲਗ ਸਨ ਤਾਂ ਇਨ੍ਹਾਂ ਦੀ ਜੱਦੀ ਜਾਇਦਾਦ ਉਪਰ 'ਕੋਰਟ ਆਫ਼ ਵਾਰਡ' ਨਿਯਤ ਕਰ ਕੇ ਪਰਵਰਿਸ਼ ਦਾ ਜ਼ਿੰਮਾ ਸ. ਗੁਲਾਬ ਸਿੰਘ ਅਟਾਰੀ ਵਾਲੇ ਦੇ ਹਵਾਲੇ ਹੋਇਆ। ਬਾਅਦ ਵਿਚ ਸ. ਗੁਲਾਬ ਸਿੰਘ ਦੀ ਸਪੁੱਤਰੀ ਨਾਲ ਸ. ਉਮਰਾਉ ਸਿੰਘ ਦਾ ਵਿਆਹ ਹੋਇਆ। ੧੮੮੭ ਈ. ਵਿਚ ਸ. ਗੁਲਾਬ ਸਿੰਘ ਅਟਾਰੀ ਦੀ ਮੌਤ ਹੋ ਗਈ ਤਾਂ ਇਨ੍ਹਾਂ ਦੀ ਪਰਵਰਿਸ਼ ਦਾ ਜ਼ਿੰਮਾ ਅੰਮ੍ਰਿਤਸਰ ਦੇ ਇਕ ਵਕੀਲ ਲਾਲਾ ਗੁਰਮੁਖ ਰਾਏ ਨੂੰ ਦਿੱਤਾ ਗਿਆ।[੪] ੧੮੮੨ ਈ. ਵਿਚ ਸ. ਉਮਰਾਉ ਸਿੰਘ ਤੇ ਸ. ਸੁੰਦਰ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਦੇ ਸਰਕਾਰੀ ਸਕੂਲ ਵਿਚ ਦਾਖ਼ਲ ਕਰਵਾਇਆ ਗਿਆ। ਬਾਅਦ ਵਿਚ ਐਚੀਸਨ ਕਾਲਜ ਲਾਹੌਰ ਤੇ ਫਿਰ ਗੌਰਮਿੰਟ ਕਾਲਜ ਲਾਹੌਰ ਤੋਂ ਵਿੱਦਿਆ ਪ੍ਰਾਪਤ ਕੀਤੀ।[੫] ਸ. ਸੁੰਦਰ ਸਿੰਘ ਮਜੀਠੀਆ ਦਾ ਵਿਆਹ ੧੮੮੭ ਈ. ਵਿਚ ਰਾਜਾ ਹਰਿੰਦਰ ਸਿੰਘ ਰਿਆਸਤ ਫਰੀਦਕੋਟ ਦੇ ਮਾਮਾ ਸ. ਬਿਸ਼ਨ ਸਿੰਘ ਕੰਦੋਲਾਂ ਵਾਲੇ ਦੀ ਧੀ ਨਾਲ ਹੋਇਆ, ਪਰ ਇਹ ਪਤਨੀ ਛੇਤੀ ਹੀ ਅਕਾਲ ਚਲਾਣਾ ਕਰ ਗਈ। ਬਾਅਦ ਵਿਚ ਇਨ੍ਹਾਂ ਦਾ ਦੂਜਾ ਵਿਆਹ ੧੮੯੦ ਈ. ਵਿਚ ਸਰ ਅਤਰ ਸਿੰਘ ਕੇ. ਸੀ. ਆਈ. ਈ ਮਹਾਂ-ਮਹੋਪਾਧਿਆ ਚੀਫ ਆਫ਼ ਭਦੌੜ ਦੀ ਪੁੱਤਰੀ ਬੀਬੀ ਪ੍ਰਸੰਨ ਕੌਰ ਨਾਲ ਹੋਇਆ। ਬੀਬੀ ਪ੍ਰਸੰਨ ਕੌਰ ੯੪ ਸਾਲ ਦੀ ਉਮਰ ਭੋਗ ਕੇ ੩ ਜਨਵਰੀ, ੧੯੬੬ ਈ. ਨੂੰ ਸਵਰਗਵਾਸ ਹੋਏ।[੬] ਸ. ਸੁੰਦਰ ਸਿੰਘ ਮਜੀਠੀਆ ਨੇ ਸਰਕਾਰੀ ਕਾਲਜ ਲਾਹੌਰ ਪੜ੍ਹਦਿਆਂ ੧੮੮੯ ਈ. ਵਿਚ ਅੰਮ੍ਰਿਤ ਛਕਿਆ। ਉਸ ਸਮੇਂ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿਚ ਸੰਤ ਅਤਰ ਸਿੰਘ ਤੇ ਗਿਆਨੀ ਠਾਕੁਰ ਸਿੰਘ ਵੀ ਸ਼ਾਮਲ ਸਨ।[੭] ੧੮੯੪ ਈ. ਵਿਚ ਸ. ਸੁੰਦਰ ਸਿੰਘ ਮਜੀਠੀਆ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਸਕੱਤਰ ਚੁਣੇ ਗਏ। ੧੮੯੫ ਈ. ਵਿਚ ਆਪ ਜੀ ਖਾਲਸਾ ਕਾਲਜ ਕੌਂਸਲ ਦੇ ਮੈਂਬਰ ਬਣੇ।

ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੀ ਨੀਂਹ ੫ ਮਾਰਚ, ੧੮੯੨ ਈ. ਨੂੰ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਲਾਇਲ ਨੇ ਰੱਖੀ ਸੀ। ਇਸ ਕਾਲਜ ਨੂੰ ਬਣਾਉਣ ਵਿਚ ਸ. ਸੁੰਦਰ ਸਿੰਘ ਮਜੀਠੀਆ ਦਾ ਅਹਿਮ ਯੋਗਦਾਨ ਸੀ।[੮] ੧੯੦੧ ਈ. ਵਿਚ ਸ. ਸੁੰਦਰ ਸਿੰਘ ਮਜੀਠੀਆ ਨੇ ਪੰਥ ਲਈ ਵਿਚਾਰਾਂ ਦੀ ਇਕ ਸਾਂਝ ਬਣਾਉਣ ਹਿੱਤ ਇਕ ਜਥੇਬੰਦੀ ਬਣਾਉਣ ਲਈ ਯਤਨ ਅਰੰਭੇ। ੧੩ ਅਪ੍ਰੈਲ, ੧੯੦੧ ਈ. ਦੀ ਵੈਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਇਕ ਪ੍ਰਤੀਨਿਧ ਇਕੱਠ ਬੁਲਾਇਆ ਅਤੇ ੩੦ ਅਕਤੂਬਰ, ੧੯੦੨ ਈ. ਨੂੰ ਚੀਫ਼ ਖਾਲਸਾ ਦੀਵਾਨ ਕਾਇਮ ਕੀਤਾ ਗਿਆ। ਚੀਫ਼ ਖਾਲਸਾ ਦੀਵਾਨ ਦੇ ਪਹਿਲੇ ਸਕੱਤਰ ਸ. ਸੁੰਦਰ ਸਿੰਘ ਮਜੀਠੀਆ ਬਣੇ। ਇਸ ਅਹੁਦੇ 'ਤੇ ਆਪ ਜੀ ੩੦ ਅਕਤੂਬਰ, ੧੯੦੨ ਈ. ਤੋਂ ੧੯੨੦ ਈ. ਤਕ ਅਤੇ ਫਿਰ ੧੯੩੪ ਈ. ਤੋਂ ੧੯੩੭ ਈ. ਤਕ ਲਗਾਤਾਰ ਸੇਵਾਵਾਂ ਨਿਭਾਉਂਦੇ ਰਹੇ।[੯] ਸ.

ਸੁੰਦਰ ਸਿੰਘ ਮਜੀਠੀਆ ਨੇ ੧੯੦੪ ਈ. ਵਿਚ ਚੀਫ਼ ਖਾਲਸਾ ਦੀਵਾਨ ਦੀ ਛਤਰ-ਛਾਇਆ ਹੇਠ ਸੈਂਟਰਲ ਖਾਲਸਾ ਯਤੀਮਖਾਨਾ ਸ੍ਰੀ ਅੰਮ੍ਰਿਤਸਰ ਖੋਲਿਆ। ਇਸ ਆਸ਼ਰਮ ਵਿਚ ਅਨਾਥਾਂ ਦੇ ਦਾਖ਼ਲੇ, ਪਾਲਣ-ਪੋਸ਼ਣ, ਪੜ੍ਹਾਈ, ਬੋਰਡਿੰਗ, ਲੰਗਰ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ। ਇਸ ਆਸ਼ਰਮ ਦੇ ਗੁਰਦੁਆਰੇ ਦੀ ਆਲੀਸ਼ਾਨ ਇਮਾਰਤ ਸ. ਮਜੀਠੀਆ ਨੇ ਰਾਜਾ ਹਰਿੰਦਰ ਸਿੰਘ ਫਰੀਦਕੋਟ ਨੂੰ ਪ੍ਰੇਰ ਕੇ ਤਿਆਰ ਕਰਵਾਈ। ੧੯੩੫ ਈ. ਵਿਚ ਇਸ ਆਸ਼ਰਮ ਦੇ ਕੈਂਪਸ ਵਿਚ ਸੂਰਮਾ ਸਿੰਘ ਆਸ਼ਰਮ ਖੋਲਿਆ ਗਿਆ।[੧੦] ਸ. ਮਜੀਠੀਆ ਨੇ ਚੀਫ਼ ਖਾਲਸਾ ਦੀਵਾਨ ਦਾ ਪ੍ਰਚਾਰਕ ਜਥਾ ਦਸੰਬਰ ੧੯੦੬ ਈ. ਵਿਚ ਸਿੰਧ ਪ੍ਰਚਾਰ ਲਈ ਭੇਜਿਆ। ਉਸ ਸਮੇਂ ਸਿੰਧ ਵਿਚ ਮੁਸਲਿਮ ਐਜੂਕੇਸ਼ਨ ਕਾਨਫਰੰਸ ਹੋ ਰਹੀ ਸੀ। ਇਹ ਕਾਨਫਰੰਸ ਦੇਖ ਕੇ ਇਹ ਪ੍ਰਚਾਰਕ ਬਹੁਤ ਪ੍ਰਭਾਵਿਤ ਹੋਏ ਅਤੇ ਇਸ ਐਜੂਕੇਸ਼ਨਲ ਕਾਨਫਰੰਸ ਬਾਰੇ ਆ ਕੇ ਜਾਣਕਾਰੀ ਦਿੱਤੀ।

ਜਨਵਰੀ ੧੯੦੮ ਈ. ਵਿਚ ਚੀਫ਼ ਖਾਲਸਾ ਦੀਵਾਨ ਨੇ ਸਬ-ਕਮੇਟੀ ਬਣਾ ਕੇ ਸਿੱਖ ਐਜੂਕੇਸ਼ਨਲ ਕਾਨਫਰੰਸ ਦੀ ਸਥਾਪਨਾ ਕੀਤੀ। ਪਹਿਲੀ ਸਿੱਖ ਐਜੂਕੇਸ਼ਨ ਕਾਨਫਰੰਸ ੧੭-੧੮-੧੯ ਅਪ੍ਰੈਲ ੧੯੦੮ ਈ. ਨੂੰ ਗੁਜਰਾਂਵਾਲਾ ਵਿਚ ਸ. ਬਘੇਲ ਸਿੰਘ ਰਈਸ ਕੁੱਲਾ (ਲਾਹੌਰ) ਦੀ ਪ੍ਰਧਾਨਗੀ ਹੇਠ ਹੋਈ। ਸ. ਸੁੰਦਰ ਸਿੰਘ ਮਜੀਠੀਆ ਇਸ ਕਾਨਫਰੰਸ ਦੇ ਰੂਹ-ਏ-ਰਵਾਂ ਸਨ। ਸ. ਮਜੀਠੀਆ ਜੀ ੧੯੧੧-੧੨ ਈ. ਵਿਚ ਐਜੂਕੇਸ਼ਨਲ ਕਾਨਫਰੰਸ ਦੇ ਆਨਰੇਰੀ ਸਕੱਤਰ ਅਤੇ ਆਖਰੀ ਸਵਾਸਾਂ ਤਕ ਇਸ ਦੇ ਸਰਪ੍ਰਸਤ ਰਹੇ। ਸਿੱਖ ਐਜੂਕੇਸ਼ਨਲ ਕਾਨਫਰੰਸ ਸ਼ੁਰੂ ਹੋਣ ਤੋਂ ਪਹਿਲਾਂ ਸਿੱਖਾਂ ਦੇ ਕੇਵਲ ਸੱਤ ਵਿੱਦਿਅਕ ਆਸ਼ਰਮ ਸਨ। ਪਰ ਇਸ ਕਾਨਫਰੰਸ ਦੀ ਬਰਕਤ ਨਾਲ ੧੯੪੧ ਈ. ਤਕ ਵਿੱਦਿਅਕ ਆਸ਼ਰਮਾਂ ਦੀ ਗਿਣਤੀ ਪੰਜ ਸੌ ਤੋਂ ਉੱਪਰ ਹੋ ਗਈ।[੧੧]

ਸ. ਮਜੀਠੀਆ ਨੇ ਚੀਫ਼ ਖਾਲਸਾ ਦੀਵਾਨ ਵੱਲੋਂ ਗ੍ਰੰਥੀ, ਪ੍ਰਚਾਰਕ ਅਤੇ ਕੀਰਤਨੀ ਜਥੇ ਤਿਆਰ ਕਰਨ ਲਈ ੧੯੦੮ ਈ. ਵਿਚ ਸੈਂਟਰਲ ਖਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਖੋਲ੍ਹਿਆ। ਇਸ ਦੇ ਨਾਲ ੧੯੧੫ ਈ. ਵਿਚ ਇੱਥੇ ਲੋਕ ਸੇਵਾ ਵਾਸਤੇ ਸੈਂਟਰਲ ਖਾਲਸਾ ਹਸਪਤਾਲ ਸ਼ੁਰੂ ਕੀਤਾ।[੧੨] ਸਿੱਖ ਪੰਥ ਦੀ ਵੱਖਰੀ ਪਛਾਣ ਅਤੇ ਰਹੁਰੀਤਾਂ ਨੂੰ ਦਰਸਾਉਂਦਾ ਅਨੰਦ ਮੈਰਿਜ ਐਕਟ ਪਾਸ ਕਰਵਾਉਣ ਲਈ ਸ. ਸੁੰਦਰ ਸਿੰਘ ਮਜੀਠੀਆ ਨੇ ਬਹੁਤ ਮਿਹਨਤ ਕੀਤੀ ਸੀ। ੩੦ ਅਕਤੂਬਰ, ੧੯੦੮ ਈ. ਨੂੰ ਚੀਫ਼ ਖਾਲਸਾ ਦੀਵਾਨ ਨੇ ਟਿੱਕਾ ਰਿਪੁਦਮਨ ਸਿੰਘ ਨਾਭਾ ਰਾਹੀਂ 'ਇੰਡੀਅਨ ਇੰਪੀਰੀਅਲ ਲੈਜਿਸਲੇਟਿਵ ਕੌਂਸਲ' ਵਿਚ ਅਨੰਦ ਮੈਰਿਜ ਐਕਟ ਪੇਸ਼ ਕੀਤਾ ਜੋ ੨੦ ਅਗਸਤ, ੧੯੦੯ ਈ. ਨੂੰ ਸ. ਸੁੰਦਰ ਸਿੰਘ ਮਜੀਠੀਆ ਵੱਲੋਂ ਕੀਤੀ ਜੱਦੋ-ਜਹਿਦ ਉਪਰੰਤ ਪੇਸ਼ ਹੋਇਆ। ਇਹ ਬਿੱਲ ੨੨ ਅਕਤੂਬਰ, ੧੯੦੯ ਈ. ਨੂੰ ਪੇਸ਼ ਹੋਇਆ। ਬਿੱਲ ਪਾਸ ਹੋਣ ਤੋਂ ਬਾਅਦ ਸ. ਸੁੰਦਰ ਸਿੰਘ ਮਜੀਠੀਆ ਨੇ ਇਸ ਬਿੱਲ

ਅਨੁਸਾਰ ਆਪਣੇ ਵੱਡੇ ਪੁੱਤਰ ਕਿਰਪਾਲ ਸਿੰਘ ਦਾ ਅਨੰਦ ਕਾਰਜ ਕਰਵਾਇਆ। ਅਨੰਦ ਕਾਰਜ ਤੋਂ ਬਾਅਦ ਪਰਵਾਰ ਜਦ ਸ੍ਰੀ ਦਰਬਾਰ ਸਾਹਿਬ ਅਰਦਾਸ ਕਰਵਾਉਣ ਗਿਆ ਤਾਂ ਪੁਜਾਰੀਆਂ ਨੇ ਅਰਦਾਸ ਕਰਨ ਤੋਂ ਨਾਂਹ ਕਰ ਦਿੱਤੀ ਕਿ ਤੁਸੀਂ ਅਨੰਦ ਕਾਰਜ ਕਰਵਾਇਆ ਹੈ।[੧੩] ੧੯੦੦ ਈ. ਵਿਚ ਸ. ਸੁੰਦਰ ਸਿੰਘ ਮਜੀਠੀਆ 'ਇੰਡੀਅਨ ਇੰਪੀਰੀਅਲ ਲੈਜਿਸਲੇਟਿਵ ਕੌਂਸਲ' ਦੇ ਮੈਂਬਰ ਬਣਾਏ ਗਏ। ੧੯੧੧-੧੨ ਈ. ਵਿਚ ਆਪ ਜੀ ਸਿੱਖ ਐਜੂਕੇਸ਼ਨ ਕਮੇਟੀ ਦੇ ਆਨਰੇਰੀ ਸਕੱਤਰ ਬਣੇ ਅਤੇ ਉਮਰ ਭਰ ਇਸ ਦੇ ਸਰਪ੍ਰਸਤ ਰਹੇ ਤੇ ਸਮੇਂ-ਸਮੇਂ ਕਾਨਫਰੰਸਾਂ ਕਰਵਾਉਂਦੇ ਰਹੇ।[੧੪] ਸ. ਸੁੰਦਰ ਮਜੀਠੀਆ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਬਹੁਤ ਯਤਨ ਕੀਤੇ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੀ ਗੱਲ ਹੈ ਕਿ ਪੰਜਾਬ ਵਿਚ ਥਾਂ-ਥਾਂ ਬਣੀਆਂ ਯੰਗ ਮੈਨ ਕਰਿਸਚੀਅਨ ਐਸੋਸੀਏਸ਼ਨਾਂ ਦਾ ਅਸਰ ਸਿੱਖ ਨੌਜਵਾਨਾਂ 'ਤੇ ਪੈਣਾ ਸ਼ੁਰੂ ਹੋ ਗਿਆ। ਇਸ ਨੂੰ ਸ. ਸੁੰਦਰ ਸਿੰਘ ਮਜੀਠੀਆ ਅਤੇ ਉਨ੍ਹਾਂ ਦੇ ਸਾਥੀ ਭਾਈ ਵੀਰ ਸਿੰਘ ਨੇ ਬੜੇ ਦੁੱਖ ਨਾਲ ਮਹਿਸੂਸ ਕੀਤਾ। ਇਹ ਦੋਵੇਂ ਉਸ ਸਮੇਂ ਪੈਂਤੀ ਕੁ ਸਾਲ ਦੀ ਉਮਰ ਦੇ ਸਨ। ਇਨ੍ਹਾਂ ਨੇ ਉੱਦਮ ਕਰ ਕੇ ਯੰਗ ਮੈਨ ਕਰਿਸੀਚੀਅਨ ਐਸੋਸੀਏਸ਼ਨਾਂ ਦੇ ਮੁਕਾਬਲੇ ਪੁਰ 'ਯੰਗ ਮੈਨ ਸਿੱਖ ਐਸੋਸੀਏਸ਼ਨਾਂ' ਕਾਇਮ ਕਰ ਕੇ ਸਿੱਖਾਂ ਵਿਚ ਈਸਾਈਆਂ ਦੇ ਪ੍ਰਚਾਰ ਦੇ ਅਸਰ ਨੂੰ ਮਾਤ ਪਾਈ।[੧੫]

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਵਿਚ ਸ. ਸੁੰਦਰ ਸਿੰਘ ਮਜੀਠੀਆ ਦੀ ਅਹਿਮ ਦੇਣ ਹੈ। ਖਾਲਸਾ ਬਰਾਦਰੀ ਸ੍ਰੀ ਅੰਮ੍ਰਿਤਸਰ ਵੱਲੋਂ ੧੨ ਅਕਤੂਬਰ, ੧੯੨੦ ਈ. ਨੂੰ ਜਲ੍ਹਿਆਂ ਵਾਲੇ ਬਾਗ ਵਿਖੇ ਸਾਲਾਨਾ ਇਕੱਤ੍ਰਤਾ ਬੁਲਾਈ ਜਿਸ ਵਿਚ ਸ. ਸੁੰਦਰ ਸਿੰਘ ਮਜੀਠੀਆ ਵੀ ਸ਼ਾਮਲ ਸਨ। ਖਾਲਸਾ ਕਾਲਜ ਦੇ ਪ੍ਰੋਫ਼ੈਸਰ ਅਤੇ ਵਿਦਿਆਰਥੀ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਖਾਲਸਾ ਬਰਾਦਰੀ ਨੇ ਜੁੜੀ ਸੰਗਤ ਵਾਸਤੇ ਲੰਗਰ ਤਿਆਰ ਕੀਤਾ ਅਤੇ ਸੰਗਤ 'ਚ ਬੈਠ ਕੇ ਸ. ਸੁੰਦਰ ਸਿੰਘ ਮਜੀਠੀਆ ਤੇ ਸਮੁੱਚੀ ਸੰਗਤ ਨੇ ਛਕਿਆ। ਸਰਦਾਰ ਸਾਹਿਬ ਖਾਲਸਾ ਬਰਾਦਰੀ ਵਾਲਿਆਂ ਦੇ ਨਾਲ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਾਜ਼ਰ ਹੋਏ। ਸ. ਤੇਜਾ ਸਿੰਘ ਚੂਹੜਕਾਣਾ ਅਤੇ ਸ. ਕਰਤਾਰ ਸਿੰਘ ਝੱਬਰ ਵੀ ਪਰਕਰਮਾ ਵਿਚ ਹੀ ਸਨ। ਥੋੜ੍ਹੀ ਨੋਕ-ਝੋਕ ਤੋਂ ਬਾਅਦ ਪੁਜਾਰੀ ਸ੍ਰੀ ਦਰਬਾਰ ਸਾਹਿਬ ਵਿਖੇ ਖਾਲਸਾ ਬਰਾਦਰੀ ਵੱਲੋਂ ਤਿਆਰ ਕੀਤਾ ਕੜਾਹ ਪ੍ਰਸ਼ਾਦ ਭੇਂਟ ਕਰਨ ਲਈ ਤਿਆਰ ਹੋ ਗਏ। ਕੜਾਹ ਪ੍ਰਸ਼ਾਦ ਦੀ ਪ੍ਰਵਾਨਗੀ ਦੀ ਅਰਦਾਸ ਸ. ਸੁੰਦਰ ਸਿੰਘ ਮਜੀਠੀਆ ਨੇ ਕੀਤੀ।[੧੬] ਜਦ ਇਨ੍ਹਾਂ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਅਰਦਾਸ ਬੇਨਤੀ ਲਈ ਹਾਜ਼ਰ ਹੋਇਆ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਪੁਜਾਰੀ ਹਰਨ ਹੋ ਗਏ। ਸਿੰਘਾਂ ਨੇ ਫੈਸਲਾ ਕੀਤਾ ਕਿ ਤਖਤ ਸਾਹਿਬ ਸੁੰਞਾ ਨਹੀਂ ਰਹਿਣ ਦੇਣਾ ਚਾਹੀਦਾ ਤੇ ਸੇਵਾ-ਸੰਭਾਲ ਲਈ ੧੭ ਸਿੰਘਾਂ ਦਾ ਜਥਾ ਨਿਯਤ ਕਰ ਦਿੱਤਾ। ਦੂਸਰੇ ਪਾਸੇ ਜ਼ਿਲ੍ਹੇ ਦੇ

ਪ੍ਰਸ਼ਾਸਨਿਕ ਅਧਿਕਾਰੀ ਨੇ ਹਾਲਾਤ ਨੂੰ ਦੇਖਦੇ ਹੋਏ ੯-ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਹਾਮੀ ਅਤੇ ਹਮਾਇਤੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਦੇਸ਼ ਜਾਰੀ ਕਰਵਾ ਕੇ ੧੫ ਨਵੰਬਰ, ੧੯੨੦ ਈ. ਨੂੰ ਸਿੱਖਾਂ ਦਾ ਪ੍ਰਤੀਨਿਧ ਇਕੱਠ ਬੁਲਾਇਆ। ਪ੍ਰਤੀਨਿਧ ਇਕੱਠ ਵਿਚ ੧੭੫ ਮੈਂਬਰਾਂ ਦੀ ਕਮੇਟੀ ਬਣਾਈ ਗਈ ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਰੱਖਿਆ ਗਿਆ।[੧੭] ਇਸ ਇਕੱਠ ਵਿਚ ਇਕੱਤਰ ਹੋਈ ਸੰਗਤ ਨੇ ਸ. ਸੁੰਦਰ ਸਿੰਘ ਮਜੀਠੀਆ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪਹਿਲੇ ਪ੍ਰਧਾਨ ਹੋਣ ਦਾ ਮਾਣ-ਸਤਿਕਾਰ ਬਖਸ਼ਿਸ਼ ਕੀਤਾ। ਸ. ਸੁੰਦਰ ਸਿੰਘ ਮਜੀਠੀਆ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼ੁਰੂਆਤੀ ਦਿਨਾਂ ਵਿਚ ਬਹੁਤ ਮਿਹਨਤ ਤੇ ਸੇਵਾ ਕੀਤੀ। ਇਨ੍ਹਾਂ ਦੇ ਪ੍ਰਧਾਨਗੀ ਕਾਰਜ-ਕਾਲ ਦੌਰਾਨ ਸਿੱਖ ਪੰਥ ਨੇ ਗੁਰਦੁਆਰਾ ਪ੍ਰਬੰਧ ਨਾਲ ਸੰਬੰਧਿਤ ਅਹਿਮ ਕਾਰਜ ਕੀਤੇ। ਇਸ ਦੌਰਾਨ ਹੀ ੨੩ ਜਨਵਰੀ, ੧੯੨੧ ਈ. ਨੂੰ ਸ. ਸੁੰਦਰ ਸਿੰਘ ਮਜੀਠੀਆ ਪੰਜਾਬ ਸਰਕਾਰ ਦੇ ਰੈਵੀਨਿਊ ਐਗਜੈਕਟਿਵ ਮੈਂਬਰ ਬਣੇ ਅਤੇ ੧੪ ਅਗਸਤ, ੧੯੨੧ ਈ. ਨੂੰ ਇਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ। ੧੯੨੬ ਈ. ਤਕ ਆਪ ਮੈਂਬਰ ਰੈਵੀਨਿਊ ਪੰਜਾਬ ਕੌਂਸਲ ਰਹੇ ਸਨ। ੧੯੨੫ ਈ. ਵਿਚ ਸ. ਸੁੰਦਰ ਸਿੰਘ ਮਜੀਠੀਆ ਨੂੰ ਇੰਪੀਰੀਅਲ ਬੈਂਕ ਆਫ ਇੰਡੀਆ, ਜਿਸ ਨੂੰ ਰਿਜਰਵ ਬੈਂਕ ਵੀ ਕਿਹਾ ਜਾਂਦਾ ਹੈ, ਦਾ ਗਵਰਨਰ ਬਣਾਇਆ ਗਿਆ।[੧੮] ਸ. ਸੁੰਦਰ ਸਿੰਘ ਨੇ ਸਿੱਖ ਇਤਿਹਾਸ ਦੀ ਸੰਭਾਲ ਲਈ ਫਰਵਰੀ ੧੯੩੦ ਈ. ਵਿਚ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਚ ਮੈਨੇਜਿੰਗ ਕਮੇਟੀ ਦੀ ਪ੍ਰਵਾਨਗੀ ਲੈ ਕੇ 'ਸਿੱਖ ਇਤਿਹਾਸ ਖੋਜ ਵਿਭਾਗ' ਖੋਲਿਆ। ਸ. ਕਰਮ ਸਿੰਘ ਹਿਸਟੋਰੀਅਨ ਨੂੰ ਇਸ ਦੀ ਚੇਅਰ ਦੀ ਜ਼ਿੰਮੇਵਾਰੀ ਸੌਂਪੀ। ਪਰ ਸ. ਕਰਮ ਸਿੰਘ ਹਿਸਟੋਰੀਅਨ ਚਲਾਣਾ ਕਰ ਗਏ। ਫਿਰ ਸਿੱਖ ਇਤਿਹਾਸ ਦੀ ਖੋਜ ਦਾ ਕੰਮ ੧੯੩੧ ਈ. ਵਿਚ ਡਾ. ਗੰਡਾ ਸਿੰਘ ਦੇ ਸਪੁਰਦ ਕੀਤਾ ਗਿਆ।[੧੯] ਇਹ ਵਿਭਾਗ ਵਰਤਮਾਨ ਸਮੇਂ ਤਕ ਸਿੱਖ ਇਤਿਹਾਸ ਦੀ ਖੋਜ ਦਾ ਕੰਮ ਕਰ ਰਿਹਾ ਹੈ। ੧੯੩੬ ਈ. ਵਿਚ ਕਾਇਮ ਹੋਈ ਖਾਲਸਾ ਨੈਸ਼ਨਲ ਪਾਰਟੀ ਦੇ ਜਨਮਦਾਤਾ ਅਤੇ ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ ਜੀ ਸਨ। ੧੯੩੭ ਈ. ਵਿਚ ਪ੍ਰਾਵਿਨਸ਼ਲ ਅਟਾਨੌਮੀ ਦੀ ਪਹਿਲੀ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਚੁਣੇ ਗਏ ਅਤੇ ਪਹਿਲੇ ਰੈਵੀਨਿਊ ਮਨਿਸਟਰ ਬਣੇ।[੨੦] ਸ. ਸੁੰਦਰ ਸਿੰਘ ਮਜੀਠੀਏ ਨੂੰ ਮਿਲੇ ਖ਼ਿਤਾਬਾਂ ਦੀ ਗੱਲ ਕਰੀਏ ਤਾਂ ੧੯੧੧ ਈ. ਵਿਚ ਆਪ ਜੀ ਨੂੰ ਸਰਦਾਰ ਬਹਾਦਰ ਦਾ ਖ਼ਿਤਾਬ ਮਿਲਿਆ। ੧੯੨੦ ਈ. ਵਿਚ ਸੀ. ਆਈ. ਈ. ਅਤੇ ੧ ਜਨਵਰੀ, ੧੯੨੬ ਈ. ਨੂੰ ਨਾਈਟ ਬਣਾਏ ਗਏ। ੧੯੨੬ ਈ. ਵਿਚ ਪੰਜਾਬ ਯੂਨੀਵਰਸਿਟੀ ਨੇ ਆਪ ਜੀ ਦੇ ਵਿਲੱਖਣ ਤੇ ਸ਼ਾਨਦਾਰ ਯੋਗਦਾਨ, ਸੇਵਾਵਾਂ ਤੇ

ਪ੍ਰਾਪਤੀਆਂ ਬਦਲੇ ਡਾਕਟਰ ਆਫ ਲਿਟਰੇਚਰ ਦੀ ਡਿਗਰੀ ਦਿੱਤੀ।[੨੧] ਆਖਰ ਆਪਣੀਆਂ ਪੰਥ ਪ੍ਰਤੀ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਸ. ਸੁੰਦਰ ਸਿੰਘ ਮਜੀਠੀਆ ੨ ਅਪ੍ਰੈਲ, ੧੯੪੧ ਈ. ਨੂੰ ਇਸ ਫ਼ਾਨੀ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ।[੨੨]

## ਹਵਾਲੇ


੧. ਦਵਿੰਦਰ ਸਿੰਘ ਗਿੱਲ ਵਡਾਲਵੀ, *ਮਜੀਠੀਆ (ਬੰਸਾਵਲੀ) ਘਰਾਣੇ ਦਾ ਇਤਿਹਾਸ*, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੧੭, ਪੰਨਾ ੬੦.

੨. ਮੇਹਰ ਸਿੰਘ ਰਵੇਲ, *ਡਾ. ਸਰ. ਸੁੰਦਰ ਸਿੰਘ ਮਜੀਠੀਆ, ਜੀਵਨ ਉਦੇਸ਼ ਅਤੇ ਦੇਣ*, ਲੇਡੀ ਪਰਸੰਨ ਕੌਰ ਚੈਰੀਟੇਬਲ ਟਰੱਸਟ, ਸਰਦਾਰ ਨਗਰ ਗੋਰਖਪੁਰ, ਯੂ.ਪੀ, ੧੯੭੭, ਪੰਨੇ ੭-੯.

੩. ਉਹੀ, ਪੰਨਾ ੧੧.

੪. ਦਵਿੰਦਰ ਸਿੰਘ ਗਿੱਲ ਵਡਾਲਵੀ, *ਮਜੀਠੀਆ (ਬੰਸਾਵਲੀ) ਘਰਾਣੇ ਦਾ ਇਤਿਹਾਸ*, ਪੰਨਾ ੬੧.

੫. ਉਹੀ, ਪੰਨਾ ੬੧.

੬. ਉਹੀ, ਪੰਨਾ ੬੧.

੭. ਮੇਹਰ ਸਿੰਘ ਰਵੇਲ, *ਡਾ. ਸਰ. ਸੁੰਦਰ ਸਿੰਘ ਮਜੀਠੀਆ, ਜੀਵਨ ਉਦੇਸ਼ ਅਤੇ ਦੇਣ*, ਪੰਨਾ ੨੮.

੮. ਦਵਿੰਦਰ ਸਿੰਘ ਗਿੱਲ ਵਡਾਲਵੀ, *ਮਜੀਠੀਆ (ਬੰਸਾਵਲੀ) ਘਰਾਣੇ ਦਾ ਇਤਿਹਾਸ*, ਪੰਨਾ ੬੨.

੯. ਉਹੀ, ਪੰਨਾ ੬੩.

੧੦. ਮੇਹਰ ਸਿੰਘ ਰਵੇਲ, *ਡਾ. ਸਰ. ਸੁੰਦਰ ਸਿੰਘ ਮਜੀਠੀਆ, ਜੀਵਨ ਉਦੇਸ਼ ਅਤੇ ਦੇਣ*, ਪੰਨਾ ੧੪੨.

੧੧. ਉਹੀ, ਪੰਨੇ ੧੪੭-੧੪੮-੧੪੯.

੧੨. ਉਹੀ, ਪੰਨਾ ੧੪੪.

੧੩. ਦਵਿੰਦਰ ਸਿੰਘ ਗਿੱਲ ਵਡਾਲਵੀ, *ਮਜੀਠੀਆ (ਬੰਸਾਵਲੀ) ਘਰਾਣੇ ਦਾ ਇਤਿਹਾਸ*, ਪੰਨਾ ੬੬.

੧੪. ਉਹੀ, ਪੰਨਾ ੬੮.

੧੫. ਮੇਹਰ ਸਿੰਘ ਰਵੇਲ, *ਡਾ. ਸਰ. ਸੁੰਦਰ ਸਿੰਘ ਮਜੀਠੀਆ, ਜੀਵਨ ਉਦੇਸ਼ ਅਤੇ ਦੇਣ*, ਪੰਨਾ ੫੬.

੧੬. ਰੂਪ ਸਿੰਘ, *ਪੰਥ ਸੇਵਕ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਿੰਘ ਬ੍ਰਦਰਜ਼ ਅੰਮ੍ਰਿਤਸਰ, ੨੦੧੦, ਪੰਨਾ ੨੯.

੧੭. ਉਹੀ, ਪੰਨਾ ੨੧.

੧੮. ਦਵਿੰਦਰ ਸਿੰਘ ਗਿੱਲ ਵਡਾਲਵੀ, *ਮਜੀਠੀਆ (ਬੰਸਾਵਲੀ) ਘਰਾਣੇ ਦਾ ਇਤਿਹਾਸ*, ਪੰਨਾ ੭੧.

੧੯. ਮੇਹਰ ਸਿੰਘ ਰਵੇਲ, *ਡਾ. ਸਰ. ਸੁੰਦਰ ਸਿੰਘ ਮਜੀਠੀਆ, ਜੀਵਨ ਉਦੇਸ਼ ਅਤੇ ਦੇਣ*, ਪੰਨਾ ੧੬੪.

੨੦. ਉਹੀ, ਪੰਨਾ ੧੮੬.

੨੧. ਦਵਿੰਦਰ ਸਿੰਘ ਗਿੱਲ ਵਡਾਲਵੀ, *ਮਜੀਠੀਆ (ਬੰਸਾਵਲੀ) ਘਰਾਣੇ ਦਾ ਇਤਿਹਾਸ*, ਪੰਨੇ ੭੧-੭੨.

੨੨. ਉਹੀ, ਪੰਨਾ ੭੩.

# ਜਥੇਦਾਰ ਤੇਜਾ ਸਿੰਘ ਭੁੱਚਰ ਦਾ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਯੋਗਦਾਨ

*-ਡਾ. ਹਰਪ੍ਰੀਤ ਕੌਰ**

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੀ ਸ਼ੁਰੂਆਤ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਹੱਥੋਂ ਅਜ਼ਾਦ ਕਰਵਾਉਣ ਦੇ ਮੰਤਵ ਵਜੋਂ ਹੋਈ ਸੀ। ਆਪਣੇ ਧਾਰਮਿਕ ਅਸਥਾਨਾਂ ਨੂੰ ਮਹੰਤਾਂ ਕੋਲੋਂ ਸੁਤੰਤਰ ਕਰਵਾਉਣ ਲਈ ਸਿੱਖਾਂ ਨੇ ਅਨੇਕ ਕੁਰਬਾਨੀਆਂ ਕੀਤੀਆਂ। ਇੱਕ ਸਿੱਖ ਦੇ ਜੀਵਨ ਵਿਚ ਗੁਰਦੁਆਰਾ ਸਾਹਿਬ ਦੀ ਵਿਸ਼ੇਸ਼ ਮਹਾਨਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ— "ਸਿੱਖਾਂ ਦਾ ਗੁਰਦੁਆਰਾ ਵਿਦਯਾਰਥੀਆਂ ਲਈ ਸਕੂਲ, ਆਤਮਜਿਗਯਾਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ, ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ।"[੧] ਪਰ ਉਪਰੋਕਤ ਸ਼ਰਤਾਂ ਨੂੰ ਵਿਸਾਰਦਿਆਂ ਗੁਰਦੁਆਰਾ ਸਾਹਿਬਾਨ ਉੱਪਰ ਕਾਬਜ ਮਹੰਤਾਂ ਨੇ ਇਨ੍ਹਾਂ ਪਾਵਨ ਅਸਥਾਨਾਂ ਨੂੰ ਆਪਣੀਆਂ ਨਿੱਜੀ ਮਲਕੀਅਤਾਂ ਸਮਝ ਗੁਰੂ-ਘਰਾਂ ਦੀ ਮਰਯਾਦਾ ਨੂੰ ਛਿੱਕੇ 'ਤੇ ਟੰਗ ਕੇ ਇਨ੍ਹਾਂ ਦੀ ਹਦੂਦ ਅੰਦਰ ਕਈ ਕੁਕਰਮ ਕਰਨੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਗੁਰਦੁਆਰਿਆਂ ਵਿਚ *ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ* ਦਾ ਉਪਦੇਸ਼ ਦਿੱਤਾ ਜਾਂਦਾ ਸੀ, ਗੁਰੂ ਦੇ ਸ਼ਬਦ ਰਾਹੀਂ ਆਤਮਿਕ ਅਤੇ ਗੁਰੂ ਕੇ ਲੰਗਰ ਰਾਹੀਂ ਹਰ ਇਕ ਦੇ ਪੇਟ ਦੀ ਭੁੱਖ ਦੂਰ ਹੁੰਦੀ ਸੀ, ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਇਨ੍ਹਾਂ ਗੁਰਦੁਆਰਾ ਸਾਹਿਬਾਨ ਵਿਚ ਜਾਤ-ਪਾਤ ਦੇ ਆਧਾਰ 'ਤੇ ਵਿਤਕਰਾ ਕੀਤਾ ਜਾਣ ਲੱਗਾ ਅਤੇ ਇਸਤਰੀਆਂ ਦੀ ਬੇਪਤੀ, ਵੇਸਵਾਵਾਂ ਦਾ ਨਾਚ ਵਰਗੀਆਂ ਹਿਰਦੇ ਵਲੂੰਧਰਣ ਵਾਲੀਆਂ ਘਟਨਾਵਾਂ ਵਾਪਰਨੀਆਂ ਸ਼ੁਰੂ ਹੋ ਗਈਆਂ। ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਕੋਲੋਂ ਛੁਡਵਾਉਣ ਹਿੱਤ ਕਈ ਮੋਰਚੇ ਲਗਾਏ ਗਏ ਅਤੇ ਹਜ਼ਾਰਾਂ ਹੀ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ, ਜਿਨ੍ਹਾਂ ਵਿੱਚੋਂ ਜਥੇਦਾਰ ਤੇਜਾ ਸਿੰਘ ਭੁੱਚਰ ਵੀ ਇਕ ਹਨ। ਜਥੇਦਾਰ ਤੇਜਾ ਸਿੰਘ ਭੁੱਚਰ ਦੇ ਬਾਕੀ ਜੀਵਨ ਸੰਬੰਧੀ ਵਿਸਥਾਰ ਨੂੰ ਛੱਡ ਕੇ ਹਥਲੇ ਲੇਖ ਨੂੰ ਮੁੱਖ ਤੌਰ 'ਤੇ ਉਨ੍ਹਾਂ ਦੁਆਰਾ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਪਾਏ ਯੋਗਦਾਨ ਤਕ ਹੀ ਸੀਮਿਤ ਰੱਖਿਆ ਗਿਆ ਹੈ।

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ:੯੬੪੬੭-੮੫੯੯੮*

ਤੇਜਾ ਸਿੰਘ ਭੁੱਚਰ ਦਾ ਜਨਮ ੨੮ ਅਕਤੂਬਰ, ੧੮੮੭ ਈ. ਨੂੰ ਆਪਣੇ ਨਾਨਕੇ ਪਿੰਡ ਭਾਈ ਫੇਰੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ।[੭] ਪਿਤਾ ਸ਼ਾਹ ਮਈਆ ਸਿੰਘ ਜੀ ਹਕੀਮ ਅਤੇ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਜਨਮੇ ਤੇਜਾ ਸਿੰਘ ਭੁੱਚਰ ਦਾ ਜੱਦੀ ਪਿੰਡ ਨਿੱਕਾ ਭੁੱਚਰ ਸੀ। ਮੌਜੂਦਾ ਸਮੇਂ ਇਹ ਪਿੰਡ ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਵਿਚ ਪੈਂਦਾ ਹੈ। ਉਨ੍ਹਾਂ ਦਾ ਅਨੰਦ ਕਾਰਜ ਪਿੰਡ ਬਸੇਹਰ ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਦੀ ਬੀਬੀ ਕਰਤਾਰ ਕੌਰ ਨਾਲ ਹੋਇਆ। ਉਨ੍ਹਾਂ ਨੇ ਫੌਜ ਦੇ ਘੋੜ-ਸਵਾਰ ਰਸਾਲੇ ਵਿਚ ਸਿਪਾਹੀ ਵਜੋਂ ਨੌਕਰੀ ਕੀਤੀ। ਫੌਜ ਦੀ ਨੌਕਰੀ ਛੱਡਣ ਤੋਂ ਬਾਅਦ ਉਹ ਪੰਥਕ ਗਤੀਵਿਧੀਆਂ ਵਿਚ ਜੁਟ ਗਏ। ਸੈਂਟਰਲ ਮਾਝਾ ਖਾਲਸਾ ਦੀਵਾਨ ਦੇ ਸਰਗਰਮ ਮੈਂਬਰ ਬਣਨ ਤੋਂ ਬਾਅਦ ਉਨ੍ਹਾਂ ਨੂੰ ਦੀਵਾਨ ਦੇ ਜਥੇਦਾਰ ਬਣਾਇਆ ਗਿਆ।

ਇਹ ਵੀਹਵੀਂ ਸਦੀ ਦੇ ਪਹਿਲੇ ਅਤੇ ਦੂਜੇ ਦਹਾਕੇ ਦਾ ਉਹ ਸਮਾਂ ਸੀ, ਜਿਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀ ਅਖੌਤੀ ਛੋਟੀਆਂ ਜਾਤਾਂ ਨਾਲ ਸੰਬੰਧਿਤ ਸਿੱਖਾਂ ਦਾ ਕੜਾਹ ਪ੍ਰਸ਼ਾਦ ਵੀ ਪ੍ਰਵਾਨ ਨਹੀਂ ਕਰਦੇ ਸਨ। ਅਕਤੂਬਰ ੧੯੨੦ ਵਿਚ ਪੰਥ ਇਸ ਕੁਰੀਤੀ ਵਿਰੁੱਧ ਖੜਾ ਹੋ ਗਿਆ। ੧੦ ਤੋਂ ੧੨ ਅਕਤੂਬਰ, ੧੯੨੦ ਈ. ਤਕ ਜਲ੍ਹਿਆਂ ਵਾਲਾ ਬਾਗ ਵਿਚ ਖਾਲਸਾ ਬਰਾਦਰੀ ਕਾਰਜ ਸਾਧਕ ਵੱਲੋਂ ਜਾਤ-ਪਾਤ ਅਤੇ ਛੂਤ-ਛਾਤ ਨੂੰ ਮਿਟਾਉਣ ਲਈ ਦੀਵਾਨ ਰੱਖਿਆ ਗਿਆ। ਇਸ ਦੀਵਾਨ ਵਿਚ ਚੀਫ਼ ਖਾਲਸਾ ਦੀਵਾਨ, ਸਿੰਘ ਸਭਾ ਅਤੇ ਖਾਲਸਾ ਕਾਲਜ ਦੇ ਨੁਮਾਇੰਦਿਆਂ ਤੋਂ ਇਲਾਵਾ ਅਖੌਤੀ ਪੱਛੜੀਆਂ ਜਾਤਾਂ ਨੂੰ ਵੀ ਸ਼ਾਮਲ ਕੀਤਾ ਗਿਆ। ਉਸ ਸਮੇਂ ਅਖੌਤੀ ਪੱਛੜੀਆਂ ਜਾਤਾਂ ਦਾ ਕੜਾਹ ਪ੍ਰਸ਼ਾਦ ਸ੍ਰੀ ਦਰਬਾਰ ਸਾਹਿਬ ਵਿਖੇ ਪੁਜਾਰੀਆਂ ਦੁਆਰਾ ਪ੍ਰਵਾਨ ਨਹੀਂ ਕੀਤਾ ਜਾਂਦਾ ਸੀ। ਅਖੌਤੀ ਪੱਛੜੀਆਂ ਜਾਤਾਂ ਦੇ ਸਿੱਖਾਂ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਲੈ ਕੇ ਆਉਣ ਦਾ ਗੁਰਮਤਾ ਕੀਤਾ ਗਿਆ। ਉਨ੍ਹਾਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਸਾਰੇ ਸਿੱਖ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਦਰਬਾਰ ਸਾਹਿਬ ਗਏ ਪਰ ਪੁਜਾਰੀਆਂ ਨੇ ਪ੍ਰਵਾਨ ਨਾ ਕੀਤਾ। ਪ੍ਰੋ. ਹਰਕ੍ਰਿਸ਼ਨ ਸਿੰਘ ਨੇ ਪੁਜਾਰੀਆਂ ਨੂੰ ਕੜਾਹ ਪ੍ਰਸ਼ਾਦ ਦੀ ਦੇਗ ਪ੍ਰਵਾਨ ਕਰਨ ਲਈ ਬੇਨਤੀ ਕੀਤੀ ਪਰ ਉਹ ਨਾ ਮੰਨੇ। ਅੰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਸੰਬੰਧੀ ਫੈਸਲਾ ਹੋਇਆ ਅਤੇ ਵਾਕ ਲੈਣ ਉਪਰੰਤ ਜੋ ਹੁਕਮਨਾਮਾ ਆਇਆ ਉਹ ਇੰਝ ਸੀ:

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੮)*

ਹੁਕਮਨਾਮਾ ਸਰਵਣ ਕਰਦਿਆਂ ਸੰਗਤ ਵਿਚ ਵੈਰਾਗ ਦੀ ਭਾਵਨਾ ਆ ਗਈ।

ਇਸ ਤੋਂ ਬਾਅਦ ਪੁਜਾਰੀਆਂ ਨੂੰ ਅਰਦਾਸ ਕਰਨੀ ਪਈ ਤੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਵਰਤਾਈ ਗਈ। ਫਿਰ ਸਾਰੀ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਰਵਾਨਾ ਹੋਈ। ਸੰਗਤ ਦੇ ਏਨੇ ਇਕੱਠ ਨੂੰ ਵੇਖਦਿਆਂ ਪੁਜਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਖਾਲੀ ਛੱਡ ਕੇ ਚਲੇ ਗਏ। ਇਸ ਘਟਨਾ ਦੇ ਉਪਰੰਤ ਸਿੰਘਾਂ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਗਈ। ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿਚ ੧੭ ਸਿੰਘਾਂ ਦਾ ਜਥਾ ਨਿਯਤ ਕਰ ਦਿੱਤਾ ਗਿਆ।[੩] ਜਥੇ ਦੀ ਕਮਾਨ ਸੰਭਾਲਣ ਲਈ ਜਥੇਦਾਰ ਦੀ ਵੀ ਲੋੜ ਸੀ। ਕਰਤਾਰ ਸਿੰਘ ਝੱਬਰ ਦੁਆਰਾ ਤੇਜਾ ਸਿੰਘ ਭੁੱਚਰ ਦਾ ਨਾਂ ਪੇਸ਼ ਕੀਤਾ ਗਿਆ। ਇਸ ਸਮੇਂ ਤੇਜਾ ਸਿੰਘ ਭੁੱਚਰ ਜੀ ਨੇ ਪੁਰਾਤਨ ਸਿੰਘਾਂ ਵਾਲੀ ਕਾਲੀ ਦਸਤਾਰ ਸਜਾਈ ਹੋਈ ਸੀ। ਤੇਜਾ ਸਿੰਘ ਭੁੱਚਰ ਜੀ ਸੰਗਤ ਦੇ ਸਨਮੁਖ ਪੇਸ਼ ਹੋਏ। ਸਮੂਹ ਸੰਗਤ ਨੇ ਜਥੇਦਾਰ ਦੇ ਦਰਸ਼ਨ ਕਰ ਕੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ।[੪] ਇਸ ਤਰ੍ਹਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਲਗਾਇਆ ਗਿਆ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਦੁਆਰਾ ਬਣਾਈ ਗਈ ਆਰਜੀ ਪ੍ਰਬੰਧਕ ਕਮੇਟੀ ਵਿਚ ਵੀ ਤੇਜਾ ਸਿੰਘ ਭੁੱਚਰ ਨੂੰ ਸ਼ਾਮਲ ਕੀਤਾ ਗਿਆ।[੫]

ਗੁਰਦੁਆਰਾ ਸ੍ਰੀ ਪੰਜਾ ਸਾਹਿਬ ਨੂੰ ਪੰਥਕ ਪ੍ਰਬੰਧਾਂ ਹੇਠ ਲਿਆਉਣ ਲਈ ਨਵੰਬਰ ੧੯੨੦ ਵਿਚ ਸ. ਕਰਤਾਰ ਸਿੰਘ ਝੱਬਰ ਦੀ ੨੫ ਸਿੰਘਾਂ ਦੇ ਜਥੇ ਨਾਲ ਡਿਊਟੀ ਲਗਾਈ ਗਈ। ਜਥੇ ਕੋਲ ਕਿਰਾਏ ਵਾਸਤੇ ੯੦ ਰੁਪਏ ਨਹੀਂ ਸਨ। ਉਸੇ ਦਿਨ ਸਵੇਰੇ ਜਥੇਦਾਰ ਤੇਜਾ ਸਿੰਘ ਭੁੱਚਰ ਦੇ ਪਿਤਾ ਜੀ ਪਹੁੰਚੇ ਤਾਂ ਉਨ੍ਹਾਂ ਜਥੇਦਾਰ ਜੀ ਦੇ ਪੰਥਕ ਕੰਮਾਂ ਵਿਚ ਪਾਏ ਯੋਗਦਾਨ ਤੋਂ ਖੁਸ਼ ਹੋ ਕੇ ਆਪਣੇ ਸਪੁੱਤਰ ਨੂੰ ੧੦੦ ਰੁਪਏ ਦਿੱਤੇ ਅਤੇ ਹਰ ਮਹੀਨੇ ਹੀ ੧੦੦ ਰੁਪਏ ਦੇਣ ਦੀ ਗੱਲ ਆਖੀ। ਜਥੇਦਾਰ ਤੇਜਾ ਸਿੰਘ ਭੁੱਚਰ ਜੀ ਨੇ ਉਸੇ ਸਮੇਂ ਹੀ ਉਹ ੧੦੦ ਰੁਪਏ ਦਾ ਨੋਟ ਕਰਤਾਰ ਸਿੰਘ ਝੱਬਰ ਦੇ ਹੱਥ 'ਤੇ ਰੱਖ ਦਿੱਤਾ ਤਾਂ ਜੋ ਜਥੇ ਦਾ ਕਿਰਾਇਆ ਦਿੱਤਾ ਜਾ ਸਕੇ।[੬] ਸ੍ਰੀ ਪੰਜਾ ਸਾਹਿਬ ਨੂੰ ਪੰਥਕ ਪ੍ਰਬੰਧ ਅਧੀਨ ਲਿਆਉਣ ਪਿੱਛੋਂ ਸ੍ਰੀ ਪੰਜਾ ਸਾਹਿਬ ਵਿਖੇ ਹੋਏ ਪੰਥਕ ਇਕੱਠ ਵਿਚ ਵੀ ਜਥੇਦਾਰ ਤੇਜਾ ਸਿੰਘ ਭੁੱਚਰ ਸ਼ਾਮਲ ਹੋਏ।

ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਵਿਚ ਵੀ ਜਥੇਦਾਰ ਤੇਜਾ ਸਿੰਘ ਭੁੱਚਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਵਿਖੇ ਸਥਿਤ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਭਾਈ ਜੋਗਾ ਸਿੰਘ ਜੀ ਦੀ ਯਾਦ ਵਿਚ ਬਣਿਆ ਹੈ। ਭਾਈ ਜੋਗਾ ਸਿੰਘ ਦੇ ਵਿਆਹ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਤੁਰੰਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਲਈ ਕਿਹਾ। ਭਾਈ ਜੋਗਾ ਸਿੰਘ ਦੀਆਂ ਅਜੇ ਤਿੰਨ ਲਾਂਵਾਂ ਹੀ ਹੋਈਆਂ ਸਨ। ਗੁਰੂ ਜੀ ਦਾ ਸੁਨੇਹਾ ਪਹੁੰਚਦਿਆਂ ਹੀ ਭਾਈ ਜੋਗਾ ਸਿੰਘ ਚੌਥੀ

ਲਾਂਵ ਲਏ ਬਿਨਾਂ ਹੀ ਸ੍ਰੀ ਅਨੰਦਪੁਰ ਸਾਹਿਬ ਰਵਾਨਾ ਹੋ ਗਿਆ। ਪਿਸ਼ਾਵਰ ਸਥਿਤ ਗੁਰਦੁਆਰਾ ਭਾਈ ਜੋਗਾ ਸਿੰਘ ਦੀ ਸਮਰਪਿਤ ਭਾਵਨਾ ਨੂੰ ਦਰਸਾਉਂਦਾ ਹੈ। ਦਸੰਬਰ ੧੯੨੦ ਈ. ਦੇ ਅਖੀਰ ਵਿਚ ਪਿਸ਼ਾਵਰ (ਪਾਕਿਸਤਾਨ) ਵਿਖੇ ਸਥਿਤ 'ਗੁਰਦੁਆਰਾ ਭਾਈ ਜੋਗਾ ਸਿੰਘ' ਦੇ ਖ਼ਜ਼ਾਨਚੀ ਨੇ ਭਾਈ ਜੋਗਾ ਸਿੰਘ ਦੇ ਹਿੰਦੂ ਹੋਣ ਦਾ ਦਾਅਵਾ ਕੀਤਾ ਅਤੇ ਗੁਰਦੁਆਰਾ ਸਾਹਿਬ ਨੂੰ ਹਿੰਦੂ ਅਤੇ ਸਿੱਖਾਂ ਦੇ ਸਮਾਗਮ ਕਰਨ ਦੀ ਸਾਂਝੀ ਥਾਂ ਦਰਸਾਇਆ। ਕੁਝ ਸਮੇਂ ਵਿਚ ਸਥਿਤੀ ਜ਼ਿਆਦਾ ਵਿਗੜ ਗਈ ਅਤੇ ਸਿੱਖਾਂ ਦਾ ਗੁਰਦੁਆਰਾ ਸਾਹਿਬ ਜਾਣਾ ਵੀ ਔਖਾ ਹੋ ਗਿਆ। ਗੁਰਦੁਆਰਾ ਸਾਹਿਬ ਵਿਚ ਸਿੱਖਾਂ ਦੀ ਦਖ਼ਲ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਹਾਲਾਤਾਂ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖ਼ਬਰ ਭੇਜੀ ਗਈ। ਪੰਥਕ ਕਾਰਜਾਂ ਲਈ ਸਮਰਪਿਤ ਜਥੇਦਾਰ ਤੇਜਾ ਸਿੰਘ ਭੁੱਚਰ ਆਪਣਾ ਜਥਾ ਲੈ ਕੇ ਪਿਸ਼ਾਵਰ ਪੁੱਜ ਗਏ। ਪਿਸ਼ਾਵਰ ਵਿਚ ਉਨ੍ਹਾਂ ਦੇ ਜਥੇ ਉੱਪਰ ਹਮਲਾ ਕੀਤਾ ਗਿਆ। ਡਿਪਟੀ ਕਮਿਸ਼ਨਰ ਵੱਲੋਂ ਜਥੇਦਾਰ ਤੇਜਾ ਸਿੰਘ ਭੁੱਚਰ ਦੇ ਜਥੇ ਨੂੰ ਪਿਸ਼ਾਵਰ ਵਿੱਚੋਂ ਨਿਕਲਣ ਲਈ ੨੪ ਘੰਟੇ ਦਾ ਸਮਾਂ ਦਿੱਤਾ ਗਿਆ ਅਤੇ ਗ੍ਰਿਫ਼ਤਾਰ ਕਰਨ ਦੀ ਧਮਕੀ ਵੀ ਦਿੱਤੀ। ਪਰ ਜਥੇਦਾਰ ਜੀ ਨੇ ਉਨ੍ਹਾਂ ਦਾ ਹੁਕਮ ਮੰਨਣ ਤੋਂ ਮਨ੍ਹਾਂ ਕਰ ਦਿੱਤਾ। ਉਨ੍ਹਾਂ ਸਾਰੇ ਹਾਲਾਤਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਾਣੂ ਕਰਵਾਇਆ।[੭] ਡਿਪਟੀ ਕਮਿਸ਼ਨਰ ਨੇ ਦੋਵਾਂ ਧਿਰਾਂ ਦਾ ਸਮਝੌਤਾ ਕਰਵਾਇਆ।[੮] ਇਸ ਤੋਂ ਬਾਅਦ ਕੁਝ ਘਟਨਾਵਾਂ ਹੋਰ ਵੀ ਵਾਪਰੀਆਂ ਪਰ ਅਖੀਰ ਵਿਚ 'ਗੁਰਦੁਆਰਾ ਭਾਈ ਜੋਗਾ ਸਿੰਘ' ਜਥੇਦਾਰ ਤੇਜਾ ਸਿੰਘ ਭੁੱਚਰ ਅਤੇ ਹੋਰ ਸਿੱਖਾਂ ਦੇ ਯਤਨਾਂ ਸਦਕਾ ਪੰਥਕ ਦੇਖ-ਰੇਖ ਹੇਠ ਆ ਗਿਆ।

ਤਰਨ ਤਾਰਨ ਸਾਹਿਬ ਦੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਵਿਚ ਵੀ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਯੋਗਦਾਨ ਪਾਇਆ। ਗੁਰਦੁਆਰਾ ਤਰਨ ਤਾਰਨ ਸਾਹਿਬ ਦੇ ਪੁਜਾਰੀ ਵੀ ਬਹੁਤ ਆਪ-ਹੁਦਰੇ ਸਨ ਅਤੇ ਗੁਰਦੁਆਰਾ ਸਾਹਿਬ ਦੀ ਮਰਯਾਦਾ ਨੂੰ ਛਿਕੇ 'ਤੇ ਟੰਗ ਕੇ ਮਨਮਾਨੀਆਂ ਕਰਦੇ ਸਨ। ਉਨ੍ਹਾਂ ਨੇ ਪਹਿਲਾਂ ੧੯੨੦ ਈ. ਨੂੰ ਭਾਈ ਲਛਮਣ ਸਿੰਘ ਧਾਰੋਵਾਲੀ ਦੁਆਰਾ ਲਿਆਂਦੇ ਗਏ ਲੜਕੀਆਂ ਦੇ ਜਥੇ ਨੂੰ ਕੀਰਤਨ ਕਰਨ ਤੋਂ ਰੋਕਿਆ ਅਤੇ ਬਾਅਦ ਵਿਚ ਜਨਵਰੀ ੧੯੨੧ ਨੂੰ ਸੇਵਕ ਜਥੇ ਨੂੰ ਕੀਰਤਨ ਕਰਨ ਦੀ ਆਗਿਆ ਨਹੀਂ ਦਿੱਤੀ। ੨੪ ਜਨਵਰੀ, ੧੯੨੧ ਈ. ਨੂੰ ਇਕ ਬੀਬੀ ਦੁਆਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਭਰੇ ਦੀਵਾਨ ਵਿਚ ਤਰਨ ਤਾਰਨ ਦੇ ਪੁਜਾਰੀਆਂ ਦੇ ਕੁਕਰਮਾਂ ਬਾਬਤ ਸ਼ਿਕਾਇਤ ਕੀਤੀ। ਬੀਬੀ ਦੀ ਵਾਰਤਾ ਸੁਣਨ ਉਪਰੰਤ ਤਰਨ ਤਾਰਨ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਦਾ ਫੈਸਲਾ ਕੀਤਾ ਗਿਆ। ੨੫-੨੬ ਜਨਵਰੀ ਦੀ ਸਵੇਰ ਨੂੰ ਜਥੇਦਾਰ ਤੇਜਾ ਸਿੰਘ ਭੁੱਚਰ ੪੦ ਸਿੰਘਾਂ ਦਾ ਜਥਾ ਲੈ ਕੇ ਤਰਨ ਤਾਰਨ ਸਾਹਿਬ ਪਹੁੰਚ ਗਏ।

ਜਥੇ ਦੁਆਰਾ ਦਰਬਾਰ ਸਾਹਿਬ ਅੰਦਰ ਕੀਰਤਨ ਸਰਵਣ ਕੀਤਾ ਗਿਆ। ਸ਼ਾਮ ਦੇ ਚਾਰ ਵਜੇ ਕਾਨਫਰੰਸ ਬੁਲਾਈ ਗਈ। ਅਕਾਲੀ ਜਥੇ ਵੱਲੋਂ ਸ. ਤੇਜਾ ਸਿੰਘ ਭੁੱਚਰ, ਸ. ਦਾਨ ਸਿੰਘ, ਭਾਈ ਕਰਤਾਰ ਸਿੰਘ ਝੱਬਰ ਆਦਿ ਦੇ ਨਾਂ ਪੇਸ਼ ਕੀਤੇ ਗਏ। ਪੁਜਾਰੀਆਂ ਦੁਆਰਾ ਕੁਝ ਹੀ ਸਮੇਂ ਵਿਚ ਜਥੇ ਉੱਪਰ ਹਮਲਾ ਕਰਨ ਦੀ ਤਿਆਰੀ ਕਰ ਲਈ ਗਈ। ਰਾਤ ਦੇ ਸਮੇਂ ਪੁਜਾਰੀਆਂ ਨੇ ਸ਼ਾਂਤਮਈ ਸਿੰਘਾਂ ਦੇ ਜਥੇ 'ਤੇ ਹਮਲਾ ਕਰ ਦਿੱਤਾ। ਸਿੰਘ ਬਹੁਤ ਜ਼ਖ਼ਮੀ ਹੋਏ। ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਅਤੇ ਭਾਈ ਹੁਕਮ ਸਿੰਘ ਵਸਾਉਕੋਟ ਸ਼ਹੀਦ ਹੋ ਗਏ। ਇਸ ਤੋਂ ਬਾਅਦ ਸਿੰਘਾਂ ਦੇ ਜਥੇ ਤਰਨ ਤਾਰਨ ਪਹੁੰਚ ਗਏ ਅਤੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੰਭਾਲ ਲਿਆ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖ ਪੰਥ ਦੀ ਦੇਖ-ਰੇਖ ਹੇਠ ਆ ਗਿਆ। ੧੩-ਮੈਂਬਰੀ ਕਮੇਟੀ ਵਿਚ ਵੀ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ਸ਼ਾਮਲ ਕੀਤਾ ਗਿਆ।[੯] ਪੁਜਾਰੀਆਂ ਦੁਆਰਾ ਅਕਾਲੀਆਂ ਉੱਪਰ ਮੁਕੱਦਮਾ ਦਰਜ ਕਰਵਾਇਆ ਗਿਆ ਜਿਸ ਵਿਚ ਪੁਜਾਰੀਆਂ ਨੂੰ ਤਿੰਨ-ਤਿੰਨ ਸਾਲ ਕੈਦ ਅਤੇ ੫੦ ਰੁਪਏ ਜੁਰਮਾਨਾ ਕੀਤਾ ਗਿਆ ਅਤੇ ੧੫ ਅਕਾਲੀਆਂ ਨੂੰ ਵੀ ਇਕ-ਇਕ ਸਾਲ ਕੈਦ ਅਤੇ ੫੦ ਰੁਪਏ ਜੁਰਮਾਨਾ ਕੀਤਾ ਗਿਆ, ਜਿਨ੍ਹਾਂ ਵਿਚ ਤੇਜਾ ਸਿੰਘ ਭੁੱਚਰ ਵੀ ਸ਼ਾਮਲ ਸਨ। ਸੈਸ਼ਨ ਜੱਜ ਨੇ ਪੁਜਾਰੀਆਂ ਦੀ ਸਜ਼ਾ ਨੌਂ-ਨੌਂ ਮਹੀਨੇ ਅਤੇ ਅਕਾਲੀਆਂ ਦੀ ਸਜ਼ਾ ਛੇ-ਛੇ ਮਹੀਨੇ ਕਰ ਦਿੱਤੀ।[੧੦]

ਚਾਬੀਆਂ ਦੇ ਮੋਰਚੇ ਅਤੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਵੀ ਉਨ੍ਹਾਂ ਦੁਆਰਾ ਪਾਏ ਯੋਗਦਾਨ ਦਾ ਜ਼ਿਕਰ ਮਿਲਦਾ ਹੈ। ਮਾਰਚ ੧੯੨੧ ਈ. ਵਿਚ ਉਨ੍ਹਾਂ ਝੱਬਰ ਕਲਾਂ ਦੇ ਗੁਰਦੁਆਰਾ ਸਾਹਿਬ ਉੱਪਰ ਵੀ ਕਬਜ਼ਾ ਕੀਤਾ। ਸਿੱਖਾਂ ਦੁਆਰਾ ਕੀਤੇ ਜਾ ਰਹੇ ਸੰਘਰਸ਼ ਨੂੰ ਦਬਾਉਣ ਲਈ ਮਾਰਚ ੧੯੨੧ ਈ. ਤੋਂ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਤੇਜਾ ਸਿੰਘ ਭੁੱਚਰ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।[੧੧] ਗੁਰਦੁਆਰਾ ਸਾਹਿਬਾਨ ਨੂੰ ਪੰਥਕ ਪ੍ਰਬੰਧਾਂ ਵਿਚ ਲਿਆਉਣ ਲਈ ਯੋਗਦਾਨ ਪਾਉਣ ਵਾਲੇ ਹੋਰ ਸਿੱਖਾਂ ਉੱਪਰ ਵੀ ਮੁਕੱਦਮੇ ਦਰਜ ਕੀਤੇ ਗਏ। ਗ੍ਰਿਫ਼ਤਾਰ ਕੀਤੇ ਕਈ ਅਕਾਲੀਆਂ ਦੇ ਮੁਕੱਦਮੇ ਮਿਸਟਰ ਜੇ.ਈ.ਕਿਊ ਸਪੈਸ਼ਲ ਤੇ ਐਡੀਸ਼ਨਲ ਮੈਜਿਸਟਰੇਟ ਲਾਹੌਰ ਦੇ ਸਪੁਰਦ ਕੀਤੇ ਗਏ। ਜੱਜ ਨੇ ਮਾਣਕ ਚੌਂਕ, ਥੰਮ ਸਾਹਿਬ ਤੋਂ ਚਾਰ ਨਿਹੰਗਾਂ ਵਾਲਾ (ਝੱਬਰ ਕਲਾਂ) ਦੇ ਤਿੰਨਾਂ ਗੁਰਦੁਆਰਾ ਸਾਹਿਬਾਨ ਉੱਤੇ ਤਾਕਤ ਨਾਲ ਕਬਜ਼ਾ ਕਰਨ ਦੇ ਦੋਸ਼ ਲਗਾਏ ਗਏ ਅਤੇ ਤੇਜਾ ਸਿੰਘ ਭੁੱਚਰ ਨੂੰ ਸਾਰੀ ਵਹੀਰ ਦਾ ਸ਼ਰਾਰਤੀ ਆਗੂ ਦਰਸਾਇਆ ਗਿਆ। ਪਹਿਲਾ ਮੁਕੱਦਮਾ ਤੇਜਾ ਸਿੰਘ ਭੁੱਚਰ ਅਤੇ ਉਨ੍ਹਾਂ ਦੇ ਗਿਆਰ੍ਹਾਂ ਸਾਥੀਆਂ ਸੰਬੰਧੀ ਪੇਸ਼ ਕੀਤਾ ਗਿਆ। ਤੇਜਾ ਸਿੰਘ ਭੁੱਚਰ ਨੂੰ ਇਕ ਮੁਕੱਦਮੇ ਵਿਚ ਸੱਤ ਸਾਲ ਅਤੇ ਦੂਜੇ ਮੁਕੱਦਮੇ ਵਿਚ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਸ ਤਰ੍ਹਾਂ ਤੇਜਾ ਸਿੰਘ ਭੁੱਚਰ ਨੂੰ ਨੌਂ

ਸਾਲ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ।[੧੨] ਗ੍ਰਿਫ਼ਤਾਰ ਕਰਨ ਤੋਂ ਕੁਝ ਸਮਾਂ ਬਾਅਦ ਵਿਚ ਉਨ੍ਹਾਂ ਦੀ ਰਿਹਾਈ ਹੋ ਗਈ। ੧੯੨੩ ਈ. ਵਿਚ ਉਨ੍ਹਾਂ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਕੇ ਰਾਵਲਪਿੰਡੀ ਜੇਲ੍ਹ ਭੇਜ ਦਿੱਤਾ ਗਿਆ। ਨਵੰਬਰ ੧੯੨੯ ਈ. ਵਿਚ ਆਪ ਸਜ਼ਾ ਕੱਟ ਕੇ ਰਿਹਾਅ ਹੋਏ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੀਆਂ ਪੰਥਕ ਗਤੀਵਿਧੀਆਂ ਨੂੰ ਜਾਰੀ ਰੱਖਿਆ। ਅਖੀਰ ੩ ਅਕਤੂਬਰ, ੧੯੩੯ ਈ. ਨੂੰ ਉਹ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।

ਹਵਾਲੇ:

੧. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਨੈਸ਼ਨਲ ਬੁਕ ਸ਼ਾਪ ਦਿੱਲੀ, ੨੦੦੫, ਪੰਨੇ ੪੧੬-੪੧੭.

੨. ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, *ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ*, (ਸੰਪਾ.) ਇੰਦਰਜੀਤ ਸਿੰਘ ਗੋਗੋਆਣੀ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੧੯੯੯, ਪੰਨਾ ੬੦.

੩. ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, *ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ*, ਪੰਨਾ ੬੨

੪. ਨਰੈਣ ਸਿੰਘ ਐਮ. ਏ (ਸੰਪਾ.), *ਅਕਾਲੀ ਮੋਰਚੇ ਤੇ ਝੱਬਰ*, ਨੈਸ਼ਨਲ ਬੁੱਕ ਸ਼ਾਪ ਚਾਂਦਨੀ ਚੌਂਕ ਦਿੱਲੀ, ੧੯੬੭, ਪੰਨਾ ੬੬.

੫. ਸੋਹਣ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਪੰਨਾ ੬੬.

੬. ਨਰੈਣ ਸਿੰਘ ਐਮ. ਏ (ਸੰਪਾ.), *ਅਕਾਲੀ ਮੋਰਚੇ ਤੇ ਝੱਬਰ*, ਪੰਨਾ ੭੪.

੭. ਹਰਿਭਜਨ ਸਿੰਘ(ਸੰਪਾ.), ਜੱਥੇਦਾਰ ਤੇਜਾ ਸਿੰਘ ਭੁੱਚਰ, ਰਘੁਬੀਰ ਸਿੰਘ ਭੁੱਚਰ ਪਿੰਡ ਭੁੱਚਰ ਖੁਰਦ, ਜ਼ਿਲ੍ਹਾ ਤਰਨਤਾਰਨ, ਪੰਨੇ ੨੦-੨੨.

੮. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੦, ਪੰਨੇ ੪੧-੪੨.

੯. ਉਹੀ, ਪੰਨਾ ੩੨.

੧੦. ਗਿਆਨੀ ਪ੍ਰਤਾਪ ਸਿੰਘ, *ਅਕਾਲੀ ਲਹਿਰ*, ਖਾਲਸਾ ਬ੍ਰਦਰਜ਼, ਮਾਈਂ ਸੇਵਾਂ, ਅੰਮ੍ਰਿਤਸਰ, ੧੯੮੩, ਪੰਨੇ ੧੦੭-੧੧੨.

੧੧. ਨਰੈਣ ਸਿੰਘ ਐਮ.ਏ (ਸੰਪਾ.), *ਅਕਾਲੀ ਮੋਰਚੇ ਤੇ ਝੱਬਰ*, ਪੰਨਾ ੧੩੬.

੧੨. ਸੋਹਣ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਨਵੀਂ ਦਿੱਲੀ, ੨੦੦੦, ਪੰਨੇ ੧੧੭-੧੨੧

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਇਤਿਹਾਸਿਕ ਸਫ਼ਰ

*-ਸ. ਕਿਰਪਾਲ ਸਿੰਘ**

ਸਿੱਖ ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ ੧੬੦੪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ ਸੀ। ਇਸ ਵਿਚ ਉਨ੍ਹਾਂ ਆਪਣੀ ਅਤੇ ਪਹਿਲੇ ਚਾਰ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚੀ ਬਾਣੀ ਤੋਂ ਇਲਾਵਾ ਹਿੰਦੁਸਤਾਨ ਦੇ ਧਰਮ-ਮੰਡਲ ਵਿਚ ਵਿਚਰੇ ਅਨੇਕ ਭਗਤ ਸਾਹਿਬਾਨ, ਗੁਰਸਿੱਖਾਂ ਅਤੇ ਭੱਟ ਸਾਹਿਬਾਨ ਦੁਆਰਾ ਰਚੀ ਬਾਣੀ ਨੂੰ ਇੱਕ ਖਾਸ ਵਿਧੀ-ਵਿਧਾਨ ਅਨੁਸਾਰ ਸੰਪਾਦਿਤ ਕੀਤਾ ਸੀ। ਉਨ੍ਹਾਂ ਇਸ ਗ੍ਰੰਥ ਨੂੰ ਗੁਰੂ-ਘਰ ਦੇ ਵਿਦਵਾਨ, ਗੁਰਮੁਖੀ ਲਿਪੀ ਅਤੇ ਗੁਰਬਾਣੀ ਵਿਆਕਰਣ ਦੇ ਮਾਹਰ ਭਾਈ ਗੁਰਦਾਸ ਜੀ ਪਾਸੋਂ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਖੇ ਸਥਿਤ ਰਾਮਸਰ ਸਰੋਵਰ ਦੇ ਕੰਢੇ ਮਨਮੋਹਕ ਅਤੇ ਕੁਦਰਤੀ ਵਾਤਾਵਰਣ ਨਾਲ ਭਰਪੂਰ ਅਸਥਾਨ 'ਤੇ ਬੈਠ ਕੇ ਲਿਖਵਾਇਆ ਸੀ।

ਬਾਣੀ ਨੂੰ ਇੱਕ ਗ੍ਰੰਥ ਵਿਚ ਸੰਕਲਨ ਕਰਨ ਦਾ ਕਾਰਜ ਬਹੁਤ ਕਠਿਨ ਅਤੇ ਚੁਣੌਤੀਆਂ ਭਰਪੂਰ ਸੀ। ਸਭ ਤੋਂ ਗੰਭੀਰ ਗੱਲ ਇਹ ਸੀ ਕਿ ਉਸ ਵੇਲੇ 'ਨਾਨਕ' ਨਾਮ ਦੀ ਮੋਹਰ ਥੱਲੇ ਬਹੁਤ ਸਾਰੀਆਂ ਅਜਿਹੀਆਂ ਰਚਨਾਵਾਂ ਲਿਖੀਆਂ ਮਿਲਦੀਆਂ ਸਨ, ਜਿਨ੍ਹਾਂ ਦਾ ਗੁਰਮਤਿ ਨਾਲ ਕੋਈ ਵਾਸਤਾ ਨਹੀਂ ਸੀ। ਸਿੱਖ ਇਤਿਹਾਸ ਦੇ ਮੁਢਲੇ ਸ੍ਰੋਤ ਜਿਵੇਂ ਕਿ- ੧. 'ਬੰਸਾਵਲੀਨਾਮਾ' : ਕੇਸਰ ਸਿੰਘ ਛਿੱਬਰ, ੨. 'ਮਹਿਮਾ ਪ੍ਰਕਾਸ਼' : ਸਰੂਪ ਦਾਸ ਭੱਲਾ, ੩. 'ਗੁਰਪ੍ਰਤਾਪ ਸੂਰਜ ਗ੍ਰੰਥ' : ਭਾਈ ਸੰਤੋਖ ਸਿੰਘ; ਤਿੰਨੇ ਹੀ ਇਸ ਮੱਤ ਦੇ ਧਾਰਨੀ ਹਨ ਕਿ ਪ੍ਰਿਥੀਚੰਦ ਦੇ ਪੁੱਤਰ ਮਿਹਰਬਾਨ ਨੇ ਗੁਰੂ ਸਾਹਿਬਾਨ ਵਾਂਗ 'ਨਾਨਕ' ਪਦ ਦੀ ਵਰਤੋਂ ਕਰਦਿਆਂ ਕੱਚੀ ਬਾਣੀ ਰਚਨੀ ਸ਼ੁਰੂ ਕੀਤੀ ਸੀ।

ਉਨ੍ਹਾਂ ਸਮਿਆਂ ਵਿਚ ਇਹ ਆਪਣੀ ਕਿਸਮ ਦਾ ਪਹਿਲਾ ਅਤੇ ਨਿਵੇਕਲਾ ਗ੍ਰੰਥ ਸੀ, ਜਿਸ ਨੂੰ ਇਕ ਖਾਸ ਵਿਧੀ-ਵਿਧਾਨ ਅਨੁਸਾਰ ਲਿਖਿਆ, ਸੰਕਲਿਤ ਕੀਤਾ ਗਿਆ ਅਤੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਕਿ ਭਵਿੱਖ ਦੌਰਾਨ ਕੋਈ ਉਤਾਰਾ-ਕਰਤਾ ਉਸ ਵਿਚ ਕੋਈ ਵਾਧੂ ਰਚਨਾ ਨਾ ਜੋੜ ਸਕੇ। ਇਸ ਬਾਬਤ ਡਾ. ਮਹਿੰਦਰ ਕੌਰ (ਗਿੱਲ) ਆਪਣੀ ਪੁਸਤਕ 'ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ'

**ਸਾਬਕਾ ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੮੫੫੦-੩੫੩੫੫*

ਵਿਚ ਲਿਖਦੇ ਹਨ, "ਪੰਚਮ ਗੁਰੂ ਸੰਪਾਦਨ ਕਾਰਜ ਵਿਚ ਬੜੇ ਸੁਚੇਤ ਸਨ। ਬਾਣੀ ਅੰਕਿਤ ਕਰਵਾਉਂਦੇ ਸਮੇਂ ਰਚਨਹਾਰ, ਉਸ ਦੀ ਰਚਨਾ ਦੀ ਮਾਤਰਾ, ਰਾਗ ਵਿਸ਼ੇਸ਼ ਵਿਚ ਰੂਪ ਵਿਸ਼ੇਸ਼ ਦੀ ਅੰਕਿਤ ਮਾਤਰਾ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ, ਕਿ ਇਕ ਬੰਦ ਵੀ ਅੱਗੇ-ਪਿੱਛੇ ਨਹੀਂ ਕੀਤਾ ਜਾ ਸਕਦਾ। . . . ਸਾਡੀ ਜਾਚੇ ਆਦਿ ਗ੍ਰੰਥ ਵਿਚ ਰਲਾ ਨਾ ਪੈਣ ਦਾ ਮੁੱਖ ਕਾਰਨ ਇਸ ਦੀ ਅੰਕ ਗਿਣਤੀ ਹੈ ਜੋ ਪੰਚਮ ਗੁਰੂ ਜੀ ਨੇ ਅੰਕਾਂ ਰਾਹੀਂ ਨਾਲੋ-ਨਾਲ ਜਾਰੀ ਰੱਖੀ ਹੈ। ਅੰਕ-ਅੰਕਣ ਦਾ ਇਹ ਨੇਮ ਆਦਿ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਅੰਕਿਤ ਸਭ ਰਾਗਾਂ ਦੇ ਪਦਿਆਂ ਅਤੇ ਪਤਰਿਆਂ ਉੱਪਰ ਲਾਗੂ ਹੁੰਦਾ ਹੈ।" ਭਾਈ ਜੋਧ ਸਿੰਘ ਜੀ ਐਮ. ਏ. ਪ੍ਰਿੰਸੀਪਲ ਖਾਲਸਾ ਕਾਲਜ, ਅੰਮ੍ਰਿਤਸਰ ਆਪਣੀ ਪੁਸਤਕ 'ਪ੍ਰਾਚੀਨ ਬੀੜਾਂ ਬਾਰੇ' ਵਿਚ ਲਿਖਦੇ ਹਨ, "ਸਿੱਖ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਦਾ ਕਾਰਨ ਹੀ ਇਹ ਦੱਸਦਾ ਹੈ ਕਿ ਸਿੱਖਾਂ ਨੂੰ ਨਕਲੀ ਬਾਣੀ ਦੇ ਧੋਖੇ ਤੋਂ ਬਚਾਣ ਲਈ ਪੰਜਵੇਂ ਪਾਤਸ਼ਾਹ ਨੇ ਅਸਲੀ ਬਾਣੀ ਨੂੰ ਇਕ ਬੀੜ ਵਿਚ ਦਰਜ ਕਰਨ ਦਾ ਉੱਦਮ ਕੀਤਾ।"

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਪਹਿਲੀ ਬੀੜ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਉਹ ਹੁਣ ਕਰਤਾਰਪੁਰ (ਜਲੰਧਰ) ਸੋਢੀਆਂ ਦੇ ਡੇਰੇ ਵਿਚ ਸੁਭਾਇਮਾਨ ਹੈ। ਸਿੱਖ ਪੰਥ ਦੇ ਉੱਘੇ ਵਿਦਵਾਨ ਪ੍ਰਿੰਸੀਪਲ ਜੋਧ ਸਿੰਘ ਜੀ ਐਮ. ਏ. ਨੇ ਇਕ ਪੁਸਤਕ, 'ਪ੍ਰਾਚੀਨ ਬੀੜਾਂ ਬਾਰੇ: ਭੁੱਲਾਂ ਦੀ ਸੋਧਨ' ਕੁਝ ਲਿਖਾਰੀਆਂ ਵੱਲੋਂ ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ ਉੱਪਰ ਕੀਤੇ ਜਾਂਦੇ ਕਿੰਤੂ-ਪਰੰਤੂ ਦੇ ਜਵਾਬ ਵਿਚ ਲਿਖੀ ਸੀ। ਇਸ ਬਾਬਤ ਉਨ੍ਹਾਂ ਕਰਤਾਰਪੁਰ (ਜਲੰਧਰ) ਵਿਖੇ ਜਾ ਕੇ ਭਾਈ ਗੁਰਦਾਸ ਜੀ ਦੁਆਰਾ ਲਿਖਤ ਪਵਿੱਤਰ ਬੀੜ ਦੀ ਹਰ ਪੱਖੋਂ ਘੋਖ-ਪੜਤਾਲ ਕੀਤੀ ਅਤੇ ਇਸ ਸੰਬੰਧ ਵਿਚ ਇੱਕ ਦੂਜੀ ਪੁਸਤਕ, 'ਕਰਤਾਰਪੁਰੀ ਬੀੜ ਦੇ ਦਰਸ਼ਨ' ਲਿਖੀ ਜੋ ਕਿ ਸੰਨ ੧੯੬੮ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਸੀ।

ਆਓ, ਅਸੀਂ ਹੁਣ ਹੱਥ-ਲਿਖਤ ਬੀੜਾਂ ਦੇ ਕੁਝ ਤਕਨੀਕੀ ਪਹਿਲੂਆਂ 'ਤੇ ਵਿਚਾਰ ਕਰਦੇ ਹਾਂ:- ਪੁਰਾਤਨ ਸਮਿਆਂ ਵਿਚ ਕਰਤਾ ਖ਼ੁਦ ਆਪਣੇ ਹੱਥੀਂ ਲਿਖ ਕੇ ਪੋਥੀ ਜਾਂ ਪੁਸਤਕ ਤਿਆਰ ਕਰਦਾ ਸੀ ਅਤੇ ਜੇਕਰ ਉਸ ਨੂੰ ਉਸਦੇ ਉਤਾਰਿਆਂ (ਨਕਲਾਂ ਦੀ ਜ਼ਰੂਰਤ ਪੈਂਦੀ ਤਾਂ ਉਹ ਆਪਣੇ ਵਸੀਲਿਆਂ ਅਨੁਸਾਰ ਖੁਸ਼ਖਤ ਲੇਖਣੀ ਕਰਨ ਵਾਲੇ ਕਾਰੀਗਰਾਂ (ਫ਼ਾਰਸੀ ਵਿਚ-ਕਾਤਬਾਂ) ਦੀ ਸਹਾਇਤਾ ਲੈਂਦੇ ਸਨ। ਲੇਖਣੀ ਜਾਂ ਕਾਤਬਗਿਰੀ ਦਾ ਚਲਣ ਭਾਰਤ ਵਿਚ ਮੁਸਲਿਮ ਹਮਲਾਵਰਾਂ ਦੇ ਦੌਰ ਵਿਚ ਤਕਰੀਬਨ ਦਸਵੀਂ ਸਦੀ ਦੌਰਾਨ ਸ਼ੁਰੂ ਹੋਇਆ ਸੀ। ਮੁਸਲਮਾਨ ਹਾਕਮ ਅਤੇ ਮੁਲਾਣੇ ਮਾਹਰ ਕਾਤਬਾਂ ਨੂੰ ਮੂੰਹ ਮੰਗੇ ਪੈਸੇ ਅਦਾ ਕਰ ਕੇ ਉਨ੍ਹਾਂ ਪਾਸੋਂ 'ਕੁਰਾਨ ਸ਼ਰੀਫ' ਦੀਆਂ ਨਕਲਾਂ ਕਰਵਾਉਂਦੇ ਸਨ। ਸਮਾਂ ਪਾ ਕੇ ਇਹ ਕਾਤਬ ਭਾਰਤ ਦੀਆਂ ਖੇਤਰੀ ਭਾਸ਼ਾਵਾਂ

ਦੀ ਵੀ ਬਾਖੂਬੀ ਨਕਲ ਕਰਨ ਲੱਗ ਪਏ ਸਨ। ਗੁਰੂ ਸਾਹਿਬਾਨ ਦੇ ਸਮਿਆਂ ਦੌਰਾਨ ਕਾਤਬਗਰੀ ਇਕ ਖ਼ਾਨਦਾਨੀ ਪੇਸ਼ਾ ਬਣ ਚੁੱਕੀ ਸੀ ਅਤੇ ਇਸ ਦਾ ਦਾਇਰਾ ਦੂਸਰੇ ਫਿਰਕਿਆਂ ਧਰਮਾਂ ਤਕ ਵੀ ਫ਼ੈਲ ਚੁੱਕਾ ਸੀ।

ਗ੍ਰੰਥ ਜਾਂ ਪੁਸਤਕ ਨੂੰ ਲਿਖਣ ਤੋਂ ਪਹਿਲਾਂ ਉਸ ਦਾ ਰਚੇਤਾ/ਲੇਖਕ ਉਸ ਬਾਬਤ ਲਿਖਤਾਂ ਇਕੱਠੀਆਂ ਕਰ ਲੈਂਦਾ ਸੀ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਕਾਗਜ਼, ਕਲਮ ਅਤੇ ਸਿਆਹੀ ਦੀ ਜ਼ਰੂਰਤ ਪੈਂਦੀ ਸੀ। ਇਸ ਲਈ ਪਹਿਲਾਂ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਪ੍ਰਬੰਧ ਕਰ ਲਿਆ ਜਾਂਦਾ ਸੀ। ਕਾਗਜ਼ ਦੇ ਬਣਨ ਦੇ ਇਤਿਹਾਸ ਬਾਬਤ ਸ੍ਰੀ ਕੇ. ਬੀ. ਜੋਸ਼ੀ ਆਪਣੀ ਪੁਸਤਕ 'ਪੇਪਰ ਮੇਕਿੰਗ' (ਪ੍ਰਕਾਸ਼ਨਾ ਸੰਨ ੧੯੩੯, ਵਰਧਾ, ਗੁਜਰਾਤ) ਵਿਚ ਲਿਖਦਾ ਹੈ ਕਿ ਕਾਗਜ਼ ਦੀ ਕਾਢ ਦੋ ਹਜ਼ਾਰ ਸਾਲ ਪਹਿਲਾਂ ਚੀਨ ਨੇ ਕੱਢੀ ਸੀ। ਉੱਥੇ ਕਪਾਹ, ਦਰੱਖਤਾਂ ਦੇ ਨਰਮ ਰੇਸ਼ੇ ਅਤੇ ਰੇਸ਼ਮ ਮਿਲਾ ਕੇ ਕਾਗਜ਼ ਤਿਆਰ ਕੀਤਾ ਜਾਂਦਾ ਸੀ। ਚੀਨੀ ਲੋਕਾਂ ਨੇ ਕਈ ਸਦੀਆਂ ਇਸ ਨੂੰ ਤਿਆਰ ਕਰਨ ਦਾ ਤਰੀਕਾ/ਫ਼ਾਰਮੂਲਾ ਵਿਦੇਸ਼ੀ ਕੌਮਾਂ ਤੋਂ ਲੁਕਾ ਕੇ ਰੱਖਿਆ ਹੋਇਆ ਸੀ। ਭਾਰਤ ਵਿਚ ਸਭ ਤੋਂ ਪਹਿਲਾਂ ਦਸਵੀਂ ਸਦੀ ਵਿਚ ਮੁਸਲਿਮ ਹਮਲਾਵਰ ਮੁਹੰਮਦ ਗਜ਼ਨਵੀ ਨੇ ਬੰਦੀ ਬਣਾ ਕੇ ਲਿਆਂਦੇ ਚੀਨੀ ਕਾਰੀਗਰਾਂ ਪਾਸੋਂ ਕਾਗਜ਼ ਤਿਆਰ ਕਰਵਾਉਣ ਲਈ ਉਨ੍ਹਾਂ ਨੂੰ ਕਸ਼ਮੀਰ ਅਤੇ ਪੰਜਾਬ ਦੇ ਸਿਆਲਕੋਟ ਵਿਚ ਦਸਤਕਾਰੀਆਂ ਲਗਵਾ ਕੇ ਦਿੱਤੀਆਂ ਸਨ, ਕਿਉਂਕਿ ਇਨ੍ਹਾਂ ਇਲਾਕਿਆਂ ਵਿਚ ਕੁਦਰਤੀ ਝਰਨਿਆਂ (ਆਬਸ਼ਾਰਾਂ) ਦਾ ਪਾਣੀ ਬਹੁਤ ਸ਼ੁੱਧ ਹੁੰਦਾ ਸੀ ਜੋ ਇਸ ਕੰਮ ਲਈ ਬਹੁਤ ਜ਼ਰੂਰੀ ਸੀ। ਪਹਿਲਾਂ ਪਹਿਲ ਕਾਗਜ਼ ਦੀ ਵਰਤੋਂ ਸਰਕਾਰੀ ਕੰਮਾਂਕਾਰਾਂ, ਸ਼ਾਹੂਕਾਰਾਂ ਦੇ ਵਹੀ-ਖਾਤੇ ਅਤੇ ਧਾਰਮਿਕ ਗ੍ਰੰਥ ਲਿਖਣ ਲਈ ਹੀ ਹੁੰਦੀ ਸੀ, ਕਿਉਂਕਿ ਇਹ ਬਹੁਤ ਮਹਿੰਗਾ ਤਿਆਰ ਹੁੰਦਾ ਸੀ।

ਸਿਆਹੀ ਵੀ ਚੀਨੀ ਕਾਰੀਗਰਾਂ ਨੇ ਸਭ ਤੋਂ ਪਹਿਲਾਂ ਤਿਆਰ ਕੀਤੀ ਸੀ। ਚੀਨੀ ਕਾਰੀਗਰ ਸਿਆਹੀ ਬਣਾਉਣ ਲਈ ਕਿੱਕਰ ਦੀ ਗੂੰਦ ਦੀ ਜਗ੍ਹਾਂ ਜਾਨਵਰਾਂ ਦੀ ਚਰਬੀ ਤੋਂ ਬਣੀ ਸੁਰੇਸ਼ ਵਰਤਦੇ ਸਨ ਪਰ ਸਮਾਂ ਪਾ ਕੇ ਭਾਰਤੀ ਕਾਰੀਗਰਾਂ ਨੇ ਇਸ ਵਿਚ ਕਿੱਕਰ ਦੀ ਗੂੰਦ, ਦੇਸੀ ਜੜ੍ਹੀ ਬੂਟੀਆਂ (ਲਾਜਵਰਦਾ) ਅਤੇ ਸੋਨਾ ਮਿਲਾਉਣਾ ਸ਼ੁਰੂ ਕਰ ਦਿੱਤਾ ਸੀ। ਸਿਆਹੀ ਬਣਾਉਣ ਦੀ ਭਾਰਤੀ ਪਰੰਪਰਿਕ ਵਿਧੀ ਪੁਰਾਤਨ ਹੱਥ-ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਬੀੜਾਂ ਵਿਚ "ਸਿਆਹੀ ਕੀ ਬਿਧਿ" ਸਿਰਲੇਖ ਹੇਠ ਲਿਖੀ ਮਿਲਦੀ ਹੈ। ਇਸ ਨੂੰ ਦਰਜ ਕਰਨ ਦਾ ਸਿਰਫ ਇੱਕੋ ਇਕ ਇਹੀ ਕਾਰਨ ਸੀ ਕਿ ਇਹ ਕਲਾ ਜਿਊਂਦੀ ਰਹੇ। ਕਾਗਜ਼ ਵਾਂਗ ਸਿਆਹੀ ਵੀ ਬਹੁਤ ਮਹਿੰਗੀ ਹੁੰਦੀ ਸੀ।

ਕਾਗਜ਼ ਦੇ ਪੱਤਰਿਆਂ ਉੱਪਰ ਲਿਖਾਈ ਕਰਨ ਲਈ ਕਾਨੀਆਂ ਜਾਂ ਕਲਮਾਂ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਉਹ ਅਸਾਨੀ ਨਾਲ ਮਿਲ ਜਾਂਦੀਆਂ ਸਨ। ਆਮ ਤੌਰ

'ਤੇ ਕਲਮਾਂ, ਦਰਿਆਵਾਂ/ਨਹਿਰਾਂ ਜਾਂ ਵਾਹਣਾਂ ਦੇ ਕੰਢਿਆਂ ਉੱਪਰ ਕੁਦਰਤੀ ਤੌਰ 'ਤੇ ਉੱਗੇ ਸਰਕੜੇ ਜਾਂ ਸਰਕੰਡੇ ਦੇ ਬਾਰੀਕ ਅਤੇ ਖੋਖਲੇ ਤਨੇਂ (ਕਾਨੀਆਂ) ਸੁਕਾ ਕੇ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਸਨ। ਲੇਖਕ, ਲੋੜ ਅਨੁਸਾਰ ਉਨ੍ਹਾਂ ਨੂੰ ਬਾਰੀਕ ਜਾਂ ਮੋਟੀ ਘੜ੍ਹ ਲੈਂਦੇ ਸਨ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਲਈ ਕਸ਼ਮੀਰੀ ਕਾਗਜ਼ ਦੀ ਵਰਤੋਂ ਕੀਤੀ ਸੀ ਜੋ ਕਿ ਬਹੁਤ ਮੁਲਾਇਮ ਅਤੇ ਉੱਚ ਦਰਜੇ ਦਾ ਮੰਨਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਕਾਗਜ਼ ਦਸਤਿਆਂ (ਦਸ+ਤਹਿਆਂ/ਦਸਤਾਅ:ਫ਼ਾਰਸੀ) ਵਿਚ ਇਕੱਠਾ ਕੀਤਾ ਮੁੱਠਿਆਂ ਵਿਚ ਅਤੇ ਵੱਖ-ਵੱਖ ਸਾਈਜ਼ਾਂ ਵਿਚ ਮਿਲਦਾ ਸੀ। ਦੂਜੇ ਸ਼ਬਦਾਂ ਵਿਚ ਇਕ ਦਸਤੇ ਵਿਚ ਦਸ ਪੱਤਰੇ ਕਾਗਜ਼ ਦੇ ਹੁੰਦੇ ਸਨ। ਸਮਾਂ ਪਾ ਕੇ ਕਾਗਜ਼ਾਂ ਦੀਆਂ ਤਿਆਰ ਕਾਪੀਆਂ (Note Books) ਜਾਂ ਖਾਲੀ ਵੱਖ-ਵੱਖ ਅਕਾਰਾਂ (Sizes) ਦੀਆਂ ਕੋਰੀਆਂ ਪੁਸਤਕਾਂ ਜਿਲਦਬੰਦ ਅਤੇ ਜਿਲਦ ਤੋਂ ਬਗ਼ੈਰ ਵੀ ਮਿਲਣ ਲੱਗ ਪਈਆਂ ਸਨ। (ਭਾਈ ਗੁਰਦਾਸ ਜੀ ਨੇ ਆਪਣੀ ਲੋੜ ਅਨੁਸਾਰ ਕਾਗਜ਼ਾਂ ਦੇ ਦਸਤੇ ਤਿਆਰ ਕੀਤੇ ਸਨ) ਪਹਿਲਾਂ ਪੱਤਰਿਆਂ ਨੂੰ ਵਿਚਕਾਰੋਂ ਦੂਹਰਾ ਕਰ ਲਿਆ ਜਾਂਦਾ ਅਤੇ ਸੈਂਚੀਆਂ ਬਣਾ ਕੇ ਫਿਰ ਉਨ੍ਹਾਂ 'ਤੇ ਹਰ ਸੈਂਚੀ ਦੇ ਅਖੀਰਲੇ ਪੰਨੇ ਦੇ ਹੇਠਾਂ ਸੱਜੇ ਪਾਸੇ) ਗਿਣਤੀ ਅੰਕ ਅਤੇ ਹਰ ਪੱਤਰੇ ਉੱਪਰ ਕ੍ਰਮ-ਅੰਕ ਲਗਾ ਦਿੱਤੇ ਜਾਂਦੇ ਸਨ। ਆਮ ਤੌਰ ਤੇ ਇਹ ਕ੍ਰਮ-ਅੰਕ ਸੱਜੇ ਪਾਸੇ ਦੇ ਪੱਤਰਿਆਂ ਦੇ ਹਾਸ਼ੀਏ ਤੋਂ ਬਾਹਰ ਲਿਖੇ ਜਾਂਦੇ ਸਨ। ਇਕ ਪੱਤਰੇ ਦਾ ਪਹਿਲਾ ਅਤੇ ਉਸ ਦਾ ਦੂਜਾ ਪਾਸਾ ਇੱਕ ਕ੍ਰਮ ਅੰਕ ਮੰਨਿਆ ਜਾਂਦਾ ਸੀ (ਅੱਜਕਲ੍ਹ ਇੱਕ ਪੱਤਰੇ ਦੇ ਦੋਵੇਂ ਪਾਸੇ ਗਿਣੇ ਜਾਂਦੇ ਹਨ)। ਇਹ ਵਿਵਸਥਾ ਤਕਰੀਬਨ ਹਰ ਪੁਰਾਤਨ ਹੱਥ-ਲਿਖਤ ਗ੍ਰੰਥਾਂ ਵਿਚ ਮਿਲਦੀ ਹੈ। ਕਰਤਾਰਪੁਰ ਵਾਲੀ ਬੀੜ ਦੇ ਪੱਤਰਿਆਂ ਉੱਪਰ ਵੀ ਅੰਕ ਇਸੇ ਤਰ੍ਹਾਂ ਦਰਜ ਹਨ। (ਕਈਆਂ ਹੱਥ-ਲਿਖਤ ਬੀੜਾਂ ਦੇ ਕ੍ਰਮ-ਅੰਕ ਖੱਬੇ ਪਾਸੇ ਵਾਲੇ ਪੱਤਰਿਆਂ ਉੱਪਰ ਦਰਜ ਵੀ ਮਿਲਦੇ ਹਨ)।

ਆਮ ਤੌਰ 'ਤੇ ਮੂਲ ਪਾਠ ਲਿਖਣ ਤੋਂ ਬਾਅਦ ਉਸ ਦੇ ਕ੍ਰਮ-ਅੰਕਾਂ ਅਨੁਸਾਰ ਤਤਕਰਾ ਲਿਖਿਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਵੀ ਇਹੀ ਤਰੀਕਾ ਅਪਣਾਇਆ ਸੀ। (ਇਹ ਤਰੀਕਾ ਹੁਣ ਮਸ਼ੀਨੀ ਛਾਪੇਖਾਨੇ ਵਿਚ ਵੀ ਪ੍ਰਚਲਿਤ ਹੈ)। ਲਿਖਤ ਸੈਂਚੀਆਂ ਨੂੰ ਜੋੜ ਕੇ ਪੋਥੀਆਂ ਦੀ ਜਿਲਦਬੰਦੀ ਕਰਵਾ ਲਈ ਜਾਂਦੀ ਹੈ। ਪੁਰਾਤਨ ਜਿਲਦਬੰਦੀ ਕਰਨ ਦਾ ਢੰਗ ਅਜੋਕੀ ਤਕਨੀਕ ਨਾਲੋਂ ਬਹੁਤ ਔਖਾ ਸੀ। ਪਹਿਲਾਂ ਹਰੇਕ ਸੈਂਚੀ ਨੂੰ ਮੋਟੀ ਸੂਈ ਅਤੇ ਸੂਤੀ ਧਾਗੇ ਨਾਲ ਵਿਚਕਾਰੋਂ ਟਾਂਕ ਲਿਆ ਜਾਂਦਾ ਸੀ, ਫਿਰ ਹਰੇਕ ਟਾਂਕ ਕੀਤੀ ਸੈਂਚੀ ਕ੍ਰਮ-ਅਨੁਸਾਰ ਜੋੜ ਕੇ ਇਕ ਦੂਜੀ ਦੇ ਟਾਂਕ ਜਾਂ ਟਾਂਕੇ ਇਕ ਹੋਰ ਮੋਟੇ ਧਾਗੇ ਨਾਲ ਗੰਢਾਂ ਬੰਨ੍ਹ ਕੇ ਜੂੜ ਲਏ ਜਾਂਦੇ ਸਨ (ਹਰ ਸੈਂਚੀ ਦੇ ਅੱਧ ਵਿਚ ਉਸ ਦੀ ਲੰਬਾਈ ਅਨੁਸਾਰ ਛੇਕ ਕਰ ਕੇ ਟਾਂਕੇ ਲਗਾਏ ਜਾਂਦੇ ਸਨ) ਇਨ੍ਹਾਂ ਨੂੰ 'ਮੱਛੀ ਕੰਡਾ' ਟਾਂਕੇ ਕਿਹਾ ਜਾਂਦਾ ਸੀ (ਸਾਰੀਆਂ ਹੱਥ-ਲਿਖਤ ਬੀੜਾਂ ਨੂੰ ਇਸੇ ਤਰ੍ਹਾਂ

ਦੇ ਟਾਂਕੇ ਲੱਗੇ ਹੋਏ ਹਨ) ਇਨ੍ਹਾਂ ਟਾਂਕਿਆਂ ਨੂੰ ਪੋਥੀ ਦੇ ਦੋਵੇਂ ਪਾਸੇ (ਉੱਪਰ-ਥੱਲੇ) ਕਾਗਜ਼ਾਂ ਦੀਆਂ ਤਿਆਰ ਕੀਤੀਆਂ ਦੋ ਸਖ਼ਤ ਡੰਡੀਆਂ ਨਾਲ ਬੰਨ੍ਹ ਕੇ ਅਤੇ ਗੂੰਦ ਨਾਲ ਅੱਗੇ ਅਤੇ ਪਿੱਛੇ ਕੁਝ ਮੋਟੇ ਖਾਲੀ ਪੱਤਰੇ ਜੋੜ ਕੇ ਬਾਹਰਲੇ ਪਾਸੇ ਇਕ ਮਜ਼ਬੂਤ ਸੂਤੀ ਕੱਪੜਾ ਚਿਪਕਾ ਦਿੱਤਾ ਜਾਂਦਾ ਸੀ। ਇਸ ਤੋਂ ਬਾਅਦ ਗੱਤੇ ਦੀ ਬਣੀ ਜਿਲਦ ਲਗਾ ਦਿੱਤੀ ਜਾਂਦੀ ਸੀ। ਜਿਲਦਬੰਦੀ ਦੀ ਸਾਰੀ ਪ੍ਰਕਿਰਿਆ ਨੂੰ ਗ੍ਰੰਥ/ਪੁਸਤਕ ਦੇ ਅਕਾਰ ਅਤੇ ਮੌਸਮ ਦੇ ਹਿਸਾਬ ਨਾਲ ਇਕ ਕਾਰੀਗਰ ਵੱਲੋਂ ਇੱਕ ਹਫਤਾ, ਪੰਦਰ੍ਹਾਂ ਦਿਨ ਜਾਂ ਮਹੀਨਾ ਵੀ ਲੱਗ ਜਾਂਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਬੀੜ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਉਨ੍ਹਾਂ ਉਸ ਦੀ ਜਿਲਦਬੰਦੀ ਭਾਈ ਬੰਨੋ ਜੀ ਨਾਮਕ ਆਪਣੇ ਇਕ ਸਿੱਖ ਰਾਹੀਂ ਲਾਹੌਰ ਤੋਂ ਕਰਵਾਈ ਸੀ।

ਗੁਰਸਿੱਖੀ ਦੇ ਪ੍ਰਚਾਰ ਹਿੱਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੁਆਰਾ ਲਿਖਤ ਬੀੜ ਦੇ ਕਈ ਉਤਾਰੇ (ਨਕਲਾਂ) ਆਪਣੇ ਹੱਥੀਂ ਕਰਵਾਏ। ਇਸ ਤੱਥ ਦਾ ਪ੍ਰਗਟਾਵਾ ਭਾਈ ਕੇਸਰ ਸਿੰਘ ਛਿੱਬਰ ਆਪਣੀ ਲਿਖਤ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਕਰਦਾ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਭਾਈ ਸੰਤ ਰਾਮ, ਹਰੀਆ, ਸੱਖਾ ਅਤੇ ਮਨਸਾ ਰਾਮ ਪਾਸੋਂ ਉਤਾਰੇ ਕਰਵਾਏ ਸਨ। ਇਹ ਉਤਾਰਾ-ਕਰਤਾ ਗੁਰਮੁਖੀ ਲਿਪੀ ਦੇ ਮਾਹਰ ਕਾਤਬ ਮੰਨੇ ਜਾਂਦੇ ਸਨ। ਗੁਰੂ ਸਾਹਿਬ ਨੇ ਆਪਣੀ ਦੇਖ-ਰੇਖ ਵਿਚ ਜੋ ਉਤਾਰੇ ਕਰਵਾਏ ਉਨ੍ਹਾਂ ਉੱਪਰ ਆਪਣੇ ਕਰ-ਕਮਲਾਂ ਨਾਲ 'ਗੁਰ ਪ੍ਰਸਾਦਿ' ਤਕ ਮੂਲ ਮੰਤਰ ਲਿਖ ਕੇ ਤਸਦੀਕ ਵੀ ਕੀਤਾ ਸੀ। ਇਹ ਰਿਵਾਇਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ ਜਾਰੀ ਰਹੀ ਸੀ। ਅੱਜ ਵੀ ਗੁਰੂ ਸਾਹਿਬਾਨ ਦੇ ਕਰ-ਕਮਲਾਂ ਨਾਲ ਤਸਦੀਕ ਕੀਤੀਆਂ ਕਈ ਬੀੜਾਂ ਮਿਲਦੀਆਂ ਹਨ।

ਹੁਣ ਅਸੀਂ ਹੱਥ-ਲਿਖਤ ਬੀੜਾਂ ਦੀਆਂ ਪ੍ਰਮੁੱਖ ਸ਼ਾਖਾਵਾਂ ਦਾ ਸੰਖੇਪ ਵਰਣਨ ਕਰਦੇ ਹਾਂ ਜੋ ਸਮੇਂ ਅਨੁਸਾਰ (ਗੁਰੂ-ਕਾਲ ਅਤੇ ਬਾਅਦ ਵਿਚ) ਪ੍ਰਚਲਿਤ ਰਹੀਆਂ ਅਤੇ ਉਨ੍ਹਾਂ ਦੇ ਉਤਾਰਿਆਂ ਦੇ ਉਤਾਰੇ (ਨਕਲਾਂ) ਹੋਂਦ ਵਿਚ ਆਏ ਸਨ। ਪ੍ਰੋਫ਼ੈਸਰ ਜੀ. ਬੀ. ਸਿੰਘ ਆਪਣੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਾਚੀਨ ਬੀੜਾਂ ਵਿਚ ਲਿਖਦੇ ਹਨ ਕਿ ਹੱਥ-ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਪ੍ਰਮੁੱਖ ਸ਼ਾਖਾਵਾਂ ਪ੍ਰਚਲਿਤ ਰਹੀਆਂ ਹਨ। ਪਹਿਲੀ ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ 'ਆਦਿ ਬੀੜ' ਇਸ ਬੀੜ ਦੇ ਅਨੇਕਾਂ ਉਤਾਰੇ ਨਕਲ-ਦਰ-ਨਕਲ ਗੁਰੂ ਸਾਹਿਬਾਨ ਦੀ ਦੇਖ-ਰੇਖ ਵਿਚ ਹੁੰਦੇ ਰਹੇ। ਉਤਾਰਾ-ਕਰਤਾਵਾਂ ਵੱਲੋਂ ਬੀੜ ਦੇ ਤਤਕਰੇ ਦੇ ਅਰੰਭ ਵਿਚ ਉਸ ਦੀ ਨਕਲ (ਉਤਾਰੇ) ਦੀ ਸੂਚਨਾ ਇਸ ਤਰ੍ਹਾਂ ਲਿਖੀ ਮਿਲਦੀ ਹੈ :

"ਜਪੁ ਗੁਰੂ ਰਾਮਦਾਸ ਜੀਓ ਕੇ ਨਕਲੁ ਕਾ ਨਕਲੁ ਥਾ ਤਿਸਕਾ ਨਕਲੁ ਨਕਲੁ ਕਾ ਨਕਲੁ।"

(ਇਹ ਦੱਸਣ ਲਈ ਕਿ ਇਸ ਬੀੜ ਦੀ ਨਕਲ ਕਿਸੇ ਪਹਿਲੀ ਨਕਲ ਦੀ ਕਿੰਨਵੀਂ ਨਕਲ ਹੈ) ਉਤਾਰਾ-ਕਰਤਾ ਕਈ ਵਾਰ ਸੰਮਤ ਵੀ ਦਰਜ ਕਰ ਦਿੰਦਾ ਸੀ। ਕਈ ਉਤਾਰਾ-ਕਰਤਾ ਆਪਣਾ ਨਾਮ ਅਤੇ ਪਤਾ ਵੀ ਲਿਖ ਦਿੰਦੇ ਸਨ। ਆਮ ਤੌਰ 'ਤੇ ਇਹ ਅਮਲ ਖਾਰੀਆਂ ਬੀੜਾਂ ਵਿਚ ਵਧੇਰੇ ਮਿਲਦਾ ਹੈ। ਕਰਤਾਰਪੁਰੀ ਬੀੜ ਦੇ ਉਤਾਰਿਆਂ (ਨਕਲਾਂ) ਨੂੰ ਵਿਦਵਾਨਾਂ ਨੇ ਕਰਤਾਰਪੁਰੀ ਸ਼ਾਖ ਦਾ ਨਾਮ ਦਿੱਤਾ ਹੈ। ਇਨ੍ਹਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਨਹੀਂ ਹੈ।

ਦੂਸਰੀ ਸ਼ਾਖ ਦਾ ਨਾਮ ਖਾਰੀ ਬੀੜ ਜਾਂ ਭਾਈ ਬੰਨੋ ਵਾਲੀ ਸ਼ਾਖ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਨ੍ਹਾਂ ਦੇ ਉਤਾਰਿਆਂ (ਨਕਲਾਂ) ਵਿਚ 'ਆਦਿ ਬੀੜ' ਵਿਚ ਦਰਜ ਬਾਣੀਆਂ ਤੋਂ ਇਲਾਵਾ ਕੁਝ ਹੋਰ ਰਚਨਾਵਾਂ ਨੂੰ ਬਾਣੀਆਂ ਸਮਝ ਕੇ ਬੰਨੋ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਵੱਖਰੀ ਸ਼ਾਖ ਤੋਰ ਦਿੱਤੀ ਸੀ। ਸਾਰੇ ਸਿੱਖ ਇਤਿਹਾਸਿਕ ਸ੍ਰੋਤ ਗ੍ਰੰਥ ਭਾਈ ਬੰਨੋ ਜੀ ਨੂੰ ਹੀ ਆਦਿ ਬੀੜ ਵਿਚ ਵਾਧੂ ਰਚਨਾਵਾਂ ਪਾਉਣ ਵਾਲਾ ਮੰਨਦੇ ਹਨ। ਉਨ੍ਹਾਂ ਦੁਆਰਾ ਕਰਤਾਰਪੁਰੀ ਬੀੜ ਦੇ ਮੂਲ ਪਾਠ ਤੋਂ ਇਲਾਵਾ ਜੋ ਵਾਧੂ ਰਚਨਾਵਾਂ ਦਰਜ ਕੀਤੀਆਂ, ਉਹ ਇਸ ਪ੍ਰਕਾਰ ਹਨ: ਰਾਗ ਮਾਰੂ ਦੀ ਭਗਤ ਬਾਣੀ ਦੇ ਅਖੀਰ ਵਿਚ ਮੀਰਾਂ ਬਾਈ ਇਕ ਰਚਨਾ "ਮਨਹੁ ਹਮਾਰੋ ਬਾਧਿਓ ਰੀ ਮਾਈ. . .।" ਇਕ ਰਚਨਾ ਭਗਤ ਸੂਰਦਾਸ ਦੀ ਰਾਗ ਸਾਰੰਗ ਦੇ ਅਖੀਰ ਵਿਚ ਦਰਜ ਹੈ। ਪਰ ਇਨ੍ਹਾਂ ਦੇ ਅੰਕ ਜੋੜ, ਕੁੱਲ ਅੰਕ ਜੋੜ ਵਿਚ ਦਰਜ ਨਹੀਂ ਹਨ। ਇਸ ਤੱਥ ਤੋਂ ਇਹ ਪਤਾ ਲਗਦਾ ਹੈ ਕਿ ਇਹ ਬਾਅਦ ਵਿਚ ਦਰਜ ਹੋਈਆਂ ਸਨ। ਅੱਗੋਂ ਨਕਲ-ਦਰ-ਨਕਲ ਕਰਨ ਵਾਲਿਆਂ ਨੇ ਵੀ ਕਿਤੇ ਸ਼ਬਦ ਜੋੜ ਨਹੀਂ ਬਦਲੇ। ਇਨ੍ਹਾਂ ਤੋਂ ਇਲਾਵਾ ਮੁੰਦਾਵਣੀ ਤੋਂ ਬਾਅਦ "ਜਿਤ ਦਰ ਲਖ ਮੁਹੰਮਦਾ. . ., ਬਾਇ ਆਤਸ਼ ਆਬ ਖਾਕ", ਆਸਨ ਸਾਧ ਨਿਰਾਲਮ ਰਹੈ . . . ਅਤੇ "ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ" ਤੋਂ ਬਾਅਦ ਰਾਗਮਾਲਾ ਦਰਜ ਹੈ। ਕਈਆਂ ਬੀੜਾਂ ਦੇ ਅਖੀਰ ਵਿਚ "ਸਿਆਹੀ ਕੀ ਬਿਧਿ" ਅਤੇ ਲਿਖਾਰੀ ਵੱਲੋਂ ਦਰਜ ਕੀਤਾ ਗਿਆ ਨਾਮ, ਪਤਾ ਅਤੇ ਮਿਤੀ ਵੀ ਦਰਜ ਕੀਤੀ ਮਿਲਦੀ ਹੈ। ਕਈ ਖਾਰੀਆਂ ਬੀੜਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ।

ਸੰਨ ੧੬੭੫ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਬਾਣੀ ਨੂੰ ਕਰਤਾਰਪੁਰ ਵਾਲੀ ਬੀੜ ਦੇ ਉਤਾਰੇ ਨਾਲ ਮੇਲ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਰਜ ਕਰਵਾਇਆ ਅਤੇ ਉਸ ਦੇ ਹੋਰ ਵੀ ਉਤਾਰੇ ਆਪਣੀ ਦੇਖ-ਰੇਖ ਵਿਚ ਕਰਵਾਏ ਸਨ। ਦਸਮ ਪਾਤਸ਼ਾਹ ਵੱਲੋਂ ਕਰਤਾਰਪੁਰ ਤੋਂ ਬੀੜ ਮੰਗਵਾਉਣ ਅਤੇ ਸੋਢੀਆਂ ਵੱਲੋਂ ਦੇਣ ਤੋਂ ਨਾਂਹ ਕਰਨ ਵਾਲੀ ਸਾਖੀ ਮੰਨਣਯੋਗ ਨਹੀਂ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਤਲਵੰਡੀ ਸਾਬੋ ਆ ਟਿਕੇ ਸਨ, ਉਦੋਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ

ਕਰਨ ਹਿੱਤ ਉੱਥੇ ਇਕ ਟਕਸਾਲ ਕਾਇਮ ਕੀਤੀ, ਜਿਸ ਵਿਚ ਗੁਰਮੁਖੀ ਲਿਪੀ ਦੇ ਮਾਹਰ ਲਿਖਾਰੀਆਂ/ਕਾਤਬਾਂ ਨੂੰ ਲਗਾਇਆ ਅਤੇ ਉਸ ਦੀ ਸੇਵਾ ਬਾਬਾ ਦੀਪ ਸਿੰਘ ਜੀ (ਸ਼ਹੀਦ)ਨੂੰ ਦੇ ਕੇ ਦੱਖਣ ਵੱਲ ਚਾਲੇ ਪਾ ਦਿੱਤੇ ਸਨ। ਇਸੇ ਕਰਕੇ ਖਾਲਸਾ ਪੰਥ ਇਸ ਅਸਥਾਨ (ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ) ਨੂੰ 'ਗੁਰੂ ਕੀ ਕਾਸ਼ੀ' ਦੇ ਨਾਮ ਨਾਲ ਯਾਦ ਕਰਦਾ ਹੈ ਅਤੇ ਇਸ ਸੰਬੰਧ ਵਿਚ ਉੱਥੇ ਗੁਰਦੁਆਰਾ 'ਲਿਖਣਸਰ' ਸੁਭਾਇਮਾਨ ਹੈ। ਇਸੇ ਕਰਕੇ ਇੱਥੇ ਹੋਣ ਵਾਲੇ ਉਤਾਰਿਆਂ (ਨਕਲਾਂ) ਨੂੰ 'ਦਮਦਮੀ ਬੀੜਾਂ' ਕਿਹਾ ਜਾਣ ਲੱਗਾ ਸੀ। ਇਹ ਬੀੜਾਂ ਸ਼ੁੱਧ ਅਤੇ ਪ੍ਰਮਾਣਿਕ ਮੰਨੀਆਂ ਜਾਂਦੀਆਂ ਹਨ, ਕਿਉਂਕਿ ਦਸਮ ਪਾਤਸ਼ਾਹ ਜੀ ਨੇ ਆਪਣੀ ਦੇਖ-ਰੇਖ ਵਿਚ ਉਤਾਰਿਆਂ ਦਾ ਕੰਮ ਸ਼ੁਰੂ ਕਰਵਾਇਆ ਅਤੇ ਖਾਰੀਆਂ ਬੀੜਾਂ ਵਿਚ ਆਈਆਂ ਫ਼ਾਲਤੂ ਰਚਨਾਵਾਂ ਨੂੰ ਨਕਾਰ ਦਿੱਤਾ ਸੀ। ਇਨ੍ਹਾਂ ਉਤਾਰਿਆਂ ਵਿਚ ਲੇਖਕ ਅਤੇ ਮਿਤੀ ਦੀ ਸੂਚਨਾ ਘੱਟ ਹੀ ਵੇਖਣ ਨੂੰ ਮਿਲਦੀ ਹੈ। ਇਨ੍ਹਾਂ ਵਿਚ ਰਾਗਮਾਲਾ, ਕਰਤਾਰਪੁਰ ਦੀ ਬੀੜ ਵਾਂਗ ਮੁੰਦਾਵਣੀ ਤੋਂ ਬਾਅਦ ਦਰਜ ਹੈ।

ਅੰਗਰੇਜ਼ੀ ਰਾਜ ਵੇਲੇ ਅਤੇ ਉਨ੍ਹਾਂ ਵੱਲੋਂ ਖਾਲਸੇ ਦੇ ਰਾਜ ਨੂੰ ਹੜੱਪਣ ਤੋਂ ਬਾਅਦ (ਸੰਨ ੧੮੪੯) ਕੁਝ ਉੱਦਮੀਆਂ ਨੇ ਪ੍ਰੈੱਸ ਛਾਪੇ ਦਾ ਕੰਮ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਅੰਗਰੇਜ਼ਾਂ ਨੇ ਈਸਾਈ ਧਰਮ ਨੂੰ ਫੈਲਾਉਣ ਖਾਤਰ ਲੁਧਿਆਣੇ ਸਰਕਾਰੀ ਪ੍ਰਿੰਟਿੰਗ ਪ੍ਰੈੱਸ ਸਥਾਪਿਤ ਕਰ ਲਿਆ ਸੀ। ਲਾਹੌਰ ਵਿਚ ਸੰਨ ੧੮੫੭ ਤੋਂ ਬਾਅਦ ਅਤੇ ੧੮੮੦ ਤੋਂ ਪਹਿਲਾਂ ਪੱਥਰ ਛਾਪ (ਪਾਹਿਲਾਂ ਕਾਰੀਗਰ ਪੱਥਰ ਉੱਪਰ ਅੱਖਰ ਉਕੇਰਦਾ ਅਤੇ ਫਿਰ ਉਸ 'ਤੇ ਸਿਆਹੀ ਲਗਾ ਕੇ ਕਾਗਜ਼ਾਂ ਤੇ ਠੱਪੇ ਲਗਾ ਦਿੱਤੇ ਜਾਂਦੇ) ਦੀ ਤਕਨੀਕ ਨਾਲ ਕਈ ਪ੍ਰਕਾਸ਼ਕ ਸ੍ਰੀ ਗੁਰੂ ਗ੍ਰੰਥ ਸਾਹਿਬ ਛਾਪ ਕੇ ਵੇਚਣ ਲੱਗ ਪਏ ਸਨ। ਇਨ੍ਹਾਂ 'ਤੇ ਵਰਤਿਆ ਜਾਣ ਵਾਲਾ ਕਾਗਜ਼ ਘਟੀਆ ਅਤੇ ਤੇਜ਼ਾਬੀ (ਇੰਗਲੈਂਡ ਵਿਚ ਬਣਿਆ ਹੋਇਆ) ਹੁੰਦਾ ਸੀ ਅਤੇ ਸਿਆਹੀ ਵੀ ਤੇਜ਼ਾਬੀ (ਜੋ ਅੱਜਕਲ ਅਖ਼ਬਾਰ ਛਾਪਣ ਲਈ ਵਰਤੀ ਜਾਂਦੀ ਹੈ) ਵਰਤੀ ਜਾਂਦੀ ਸੀ। ਇਸ ਪ੍ਰਕਾਰ ਹੋਂਦ ਵਿਚ ਆਈਆਂ ਬੀੜਾਂ ਮਜ਼ਬੂਤ ਅਤੇ ਟਿਕਾਊ ਨਹੀਂ ਸਨ, ਭਾਵੇਂ ਕਿ ਉਹ ਹੱਥ-ਲਿਖਤਾਂ ਤੋਂ ਬਹੁਤ ਘੱਟ ਕੀਮਤ ਵਾਲੀਆਂ ਹੁੰਦੀਆਂ ਸਨ। ਸੰਨ ੧੯੦੦ ਦੇ ਆਸ-ਪਾਸ ਲਿਥੋਗ੍ਰਾਫ਼ੀ ਦੇ ਢੰਗ ਨਾਲ ਬੀੜਾਂ ਦੀ ਛਪਵਾਈ ਸ਼ੁਰੂ ਹੋਈ ਸੀ। ਇਸ ਦੇ ਪ੍ਰਕਰਣ ਵਿਚ ਇਕ ਲੇਖਕ ਪਾਸੋਂ ਸਟੈਂਨਸਿਲਾਂ ਉੱਪਰ ਲਿਖਾਈ ਕਰਵਾ ਲਈ ਜਾਂਦੀ ਅਤੇ ਬਾਅਦ ਵਿਚ ਉਸ ਤੋਂ ਸ੍ਵੈਚਾਲਤ (Automatic) ਮਸ਼ੀਨ ਨਾਲ ਲੋੜ ਅਨੁਸਾਰ ਪ੍ਰਿੰਟ ਬਣਾ ਲਏ ਜਾਂਦੇ ਸਨ। ਇਹ ਤਕਨੀਕ ਸਾਈਕਲੋ ਸਟਾਈਲ ਨਾਲ ਮਿਲਦੀ-ਜੁਲਦੀ ਹੈ। ਇਸ ਤਕਨੀਕ ਨਾਲ ਤਿਆਰ ਗੁਰਮਤਿ ਸਾਹਿਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕ ਬੀੜਾਂ ਅੱਜ ਵੀ ਕਈ ਥਾਈਂ ਸੁਰੱਖਿਅਤ ਪਈਆਂ ਹਨ। ਇਨ੍ਹਾਂ ਦੇ ਕਾਗਜ਼ ਅਤੇ ਸਿਆਹੀ ਤੇਜ਼ਾਬੀ ਹੋਣ ਕਾਰਨ, ਇਹ ਟਿਕਾਊ ਨਹੀਂ ਹਨ ਅਤੇ ਕਾਗਜ਼ ਹੱਥ ਲਗਾਇਆਂ

ਭੁਰਨ ਲੱਗ ਪੈਂਦਾ ਹੈ। ਹੁਣ ਛਪਵਾਈ ਦੀ ਤਕਨੀਕ ਬਹੁਤ ਵਿਕਸਿਤ ਹੋ ਗਈ ਹੈ।

ਵੱਖ-ਵੱਖ ਪ੍ਰਕਾਸ਼ਕਾਂ ਵਜੋਂ ਛਾਪੀਆਂ ਜਾਣੀ ਵਾਲੀਆਂ ਬੀੜਾਂ ਉੱਪਰ ਉਹ ਇਹ ਸੂਚਨਾ ਵੀ ਪ੍ਰਕਾਸ਼ਿਤ ਕਰਦੇ ਕਿ- "ਇਹ (ਬੀੜ) ਕਰਤਾਰਪੁਰ ਵਾਲੀ ਬੀੜ ਨਾਲ ਸੁਧਾਈ ਕਰ ਕੇ ਛਾਪੀ ਗਈ ਹੈ।" ਇਸ ਤਰ੍ਹਾਂ ਉਹ ਆਪੋ-ਆਪਣੇ ਅਦਾਰਿਆਂ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਪ੍ਰਮਾਣਿਕ ਹੋਣ ਦਾ ਦਾਅਵਾ ਕਰਦੇ ਸਨ। ਪਰ ਸਮੇਂ-ਸਮੇਂ ਅਨੁਸਾਰ ਗੁਰਮਤਿ ਦੇ ਵਿਦਵਾਨਾਂ ਨੇ ਉਨ੍ਹਾਂ ਦੇ ਛਾਪੇ ਅਤੇ ਲਗਾ-ਮਾਤਰਾਵਾਂ ਵਿਚ ਭੇਦ ਅਤੇ ਫਰਕ ਉਜਾਗਰ ਕੀਤੇ। ਸਿੱਖ ਵਿਦਵਾਨ ਅਤੇ ਚਿੰਤਕ ਇਸ ਮਸਲੇ ਉੱਪਰ ਬਹੁਤ ਚਿੰਤਤ ਸਨ ਅਤੇ ਉਨ੍ਹਾਂ ਇਸ ਬਾਬਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਝ ਠੋਸ ਕਦਮ ਚੁੱਕਣ ਦੀ ਬੇਨਤੀ ਕੀਤੀ। ਇਸ ਸੰਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੀ ਇਕੱਤਰਤਾ ਮਿਤੀ ੧੦ ਮਾਰਚ, ੧੯੪੫ ਮੁਤਾਬਕ ੨੭ ਫੱਗਣ, ੪੭੬ ਨਾਨਕਸ਼ਾਹੀ ਦਿਨ ਸਨਿੱਚਰਵਾਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ। ਉਸ ਵਕਤ ਜਥੇਦਾਰ ਮੋਹਨ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ। ਜਨਰਲ ਹਾਊਸ ਦੀ ਮੀਟਿੰਗ ਵਿਚ ਗਿਆਨੀ ਕਰਤਾਰ ਸਿੰਘ ਐਮ. ਐਲ. ਏ. ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਕਰਨ ਦਾ ਮਤਾ ਪੇਸ਼ ਕੀਤਾ। ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ। (ਸ੍ਰੋਤ: *ਗੁਰਦੁਆਰਾ ਗਜ਼ਟ*, ਮਾਰਚ-ਅਪ੍ਰੈਲ ੧੯੪੫)

ਤਕਰੀਬਨ ਛੇ-ਸੱਤ ਸਾਲ ਦੀ ਤਿਆਰੀ ਤੋਂ ਬਾਅਦ ਮਿਤੀ ੧੨-੦੫-੫੨ ਨੂੰ ਗੁਰਮਤਿ ਸਾਹਿਤ ਦੀ (ਗੁਰਮੁਖੀ ਅੱਖਰ) ਦੀ ਫ਼ੋਟੋ ਬਲਾਕਾਂ ਰਾਹੀਂ ਛਪਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਰਾਮਸਰ ਰੋਡ ਤੋਂ ਸ਼ੁਰੂ ਕੀਤੀ। (ਸ੍ਰੋਤ: *ਗੁਰਦੁਆਰਾ ਗਜ਼ਟ* ਅਪ੍ਰੈਲ ੧੯੫੨) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਹਿਤ ਦੀ ਪ੍ਰਕਾਸ਼ਨਾ ਕਰਨ ਅਤੇ ਉਨ੍ਹਾਂ ਨੂੰ ਲਾਗਤ ਭੇਟਾ ਪੁਰ ਸੰਗਤ ਨੂੰ ਮੁਹੱਈਆ ਕਰਵਾਉਣ ਕਰਕੇ ਪ੍ਰਾਈਵੇਟ ਪਬਲਿਸ਼ਰ ਬਹੁਤ ਔਖੇ ਹੋਏ ਕਿਉਂਕਿ ਉਨ੍ਹਾਂ ਦੇ ਵਪਾਰ ਵਿਚ ਫਰਕ ਪੈਂਦਾ ਸੀ। ਹੁਣ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਸਾਹਿਤ ਵਿਚ ਨੁਕਸ ਬਿੰਦੀਆਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਪਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਾਰ ਨਹੀਂ ਮੰਨੀ ਅਤੇ ਉਸ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸ਼ੁੱਧ ਛਪਵਾਈ ਅਤੇ ਲੋੜੀਂਦੀ ਸੋਧ-ਸੁਧਾਈ ਲਈ ਗਿਆਨੀ ਪਿਆਰਾ ਸਿੰਘ ਜੀ 'ਸੁਖੀ' ਅਤੇ ਸੰਤ ਹਰਿਭਜਨ ਸਿੰਘ ਕਰਤਾਰਪੁਰ ਭੇਜੇ ਗਏ। ਉੱਥੇ ਉਨ੍ਹਾਂ ਭਾਈ ਗੁਰਦਾਸ ਜੀ ਦੇ ਕਰ-ਕਮਲਾਂ ਨਾਲ ਲਿਖੀ ਬੀੜ ਦਾ ਸਾਧਾਰਨ ਪਾਠ ਅਰੰਭ ਕੱਤਕ ਪੂਰਨਮਾਸੀ ਤੋਂ ਕੁਝ ਦਿਨ ਪਹਿਲਾਂ ਸੰਨ ੧੯੫੧ ਵਿਚ ਸ਼ੁਰੂ ਕੀਤਾ ਅਤੇ ਉਸ ਦਾ ਭੋਗ (ਤਕਰੀਬਨ ਸੱਤ ਮਹੀਨਿਆਂ

ਵਿਚ) ੧੯ ਮਈ, ੧੯੫੨ ਨੂੰ ਪਾਇਆ। ਉਸ ਮੌਕੇ ਸੋਢੀ ਬੰਸ ਵਿੱਚੋਂ ਭਾਈ ਜਵਾਲਾ ਸਿੰਘ, ਭਾਈ ਨੰਦ ਸਿੰਘ ਇੰਜੀਨੀਅਰ, ਗਿਆਨੀ ਨਰਾਇਣ ਸਿੰਘ ਮੈਨੇਜਰ ਗੁਰਦੁਆਰਾ ਥੰਮ ਸਾਹਿਬ ਅਤੇ ਸ਼ਹਿਰ ਦੇ ਹੋਰ ਪਤਵੰਤੇ ਸਿੱਖ ਹਾਜ਼ਰ ਸਨ। (ਹਵਾਲਾ : *ਗੁਰਦੁਆਰਾ ਗਜ਼ਟ,* ਜੂਨ ੧੯੫੨)

ਇਸ ਤੋਂ ਬਾਅਦ ਪ੍ਰਾਈਵੇਟ ਪਬਲਿਸ਼ਰਾਂ ਨੇ 'ਮੰਗਲਾਚਰਨ' ਦੇ ਅਸਥਾਨ ਦਾ ਰੌਲਾ-ਰੱਪਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਸੰਗਤ ਦੇ ਦਿਲਾਂ ਵਿਚ ਤਰ੍ਹਾਂ-ਤਰ੍ਹਾਂ ਦੇ ਭੁਲੇਖੇ ਪਾਉਣੇ ਸ਼ੁਰੂ ਕਰ ਦਿੱਤੇ। ਇਸ ਸੰਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਵਿਚ ਇਕ ਮਤਾ (ਮਤਾ ਨੰ: ੭੨੮ ਮਿਤੀ ੬-੫-੫੫) ਪਾਸ ਕੀਤਾ। ਮਤੇ ਅਨੁਸਾਰ ਸਿੱਖ ਪੰਥ ਦੇ ਉੱਘੇ ਵਿਦਵਾਨ ਬਾਵਾ ਹਰਕ੍ਰਿਸ਼ਨ ਸਿੰਘ ਪ੍ਰਿੰਸੀਪਲ, ਸਿੱਖ ਨੈਸ਼ਨਲ ਕਾਲਜ, ਕਾਦੀਆਂ, ਸਾਹਿਬ ਸਿੰਘ, ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਅਤੇ ਸ. ਹਰਨਾਮ ਸਿੰਘ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ ਕਰ ਕੇ ਮੰਗਲਾਚਰਨਾਂ ਸੰਬੰਧੀ ਲਿਖਤੀ ਰਾਇ ਦੇਣ ਦੀ ਡਿਊਟੀ ਲਗਾਈ। ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ ਕਰਤਾਰਪੁਰ ਵਾਲੀ ਬੀੜ ਵਿਚ ਮੰਗਲਾਚਰਨ ਨੂੰ ਰਾਗ ਦੇ ਸਿਰਲੇਖ ਨਾਲੋਂ ਹਰ ਥਾਂ ਪਹਿਲ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਆਪਣੇ ਮਤਾ ਨੰ: ੩੩੮ ਮਿਤੀ ੨-੨-੫੨ ਅਨੁਸਾਰ ਇਹ ਪ੍ਰਵਾਨ ਕਰ ਚੁੱਕੀ ਸੀ ਕਿ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਵਿਚ ਬਲਾਕਾਂ ਰਾਹੀਂ ਛਾਪੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿਚ ਵੀ ਕਰਤਾਰਪੁਰ ਵਾਲੀ ਬੀੜ ਅਨੁਸਾਰ ਮੰਗਲਾਚਰਣਾਂ ਦੀ ਸਥਿਤੀ ਹੋਣੀ ਚਾਹੀਦੀ ਹੈ।

ਸਮਾਂ ਪਾ ਕੇ ਅੱਜ ਸਿੱਖ ਪੰਥ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਨਾ ਕਰਨ ਦੇ ਕਾਨੂੰਨੀ ਹੱਕ ਹਾਸਲ ਹੋ ਗਏ ਹਨ। ਇਸ ਤਰ੍ਹਾਂ ਇਸ ਨੂੰ ਇਕ ਸਦੀ ਲੰਮੇ ਸੰਘਰਸ਼ਮਈ ਦੌਰ ਦੇ ਤਕਰੀਬਨ ੭੦ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੇਖੇ ਲਾਉਣੇ ਪਏ। ਭਾਈ ਜੋਧ ਸਿੰਘ ਜੀ ਅਨੁਸਾਰ ਸਤਿਗੁਰਾਂ ਤੋਂ ਵਧੀਕ ਖੋਜੀ ਸਾਡੇ ਲਈ ਇਸ ਗੱਲ ਵਾਸਤੇ ਕੋਈ ਨਹੀਂ ਹੋ ਸਕਦਾ ਕਿ ਕਿਹੜੀ ਬਾਣੀ, ਕਿਹੜੇ-ਕਿਹੜੇ ਸਤਿਗੁਰ ਜਾਂ ਭਗਤ ਦੀ ਹੈ ਅਤੇ ਉਸ ਦਾ ਸਹੀ ਸਰੂਪ ਕੀ ਹੈ? ਕਿਸੇ ਸਿੱਖ ਨੂੰ ਉਸ ਵਿਚ ਕੋਈ ਵਾਧਾ-ਘਾਟਾ ਕਰਨ ਜਾਂ ਲਗ-ਕੰਨਾਂ ਬਦਲਣ ਦਾ ਅਧਿਕਾਰ ਨਹੀਂ। ਜੋ ਇਸ ਅਸੂਲ ਦੇ ਵਿਰੁੱਧ ਪ੍ਰਚਾਰ ਕਰਦਾ ਹੈ ਉਹ ਪੰਥ ਦੀ ਨੀਂਹ ਪੁਰ ਕੁਹਾੜਾ ਮਾਰਦਾ ਹੈ। ■

# ਅਕਾਲੀ ਅਖ਼ਬਾਰ : ਪਿਛੋਕੜ, ਸਥਾਪਨਾ ਅਤੇ ਉਦੇਸ਼

*-ਬੀਬੀ ਗੁਰਮੀਤ ਕੌਰ**

**ਅਕਾਲੀ ਅਖ਼ਬਾਰ ਦੇ ਸੰਪਾਦਕਾਂ ਅਤੇ ਪ੍ਰੈੱਸ ਮਾਲਕਾਂ ਦੀਆਂ ਗ੍ਰਿਫ਼ਤਾਰੀਆਂ :**

ਅਕਾਲੀ ਅਖ਼ਬਾਰ ਦਾ ਦਫ਼ਤਰ ਇਕ ਰਾਜਸੀ ਕੇਂਦਰ ਬਣ ਗਿਆ ਸੀ ਅਤੇ ਸਿੱਖਾਂ ਸੰਬੰਧੀ ਸਾਰੇ ਮਾਮਲਿਆਂ ਦੇ ਫੈਸਲੇ ਇੱਥੇ ਹੋਣ ਲੱਗ ਪਏ। ਇਨ੍ਹਾਂ ਸਾਰੇ ਕਾਰਨਾਂ ਕਰਕੇ ਹਕੂਮਤ ਬਹੁਤ ਔਖੀ ਸੀ ਅਤੇ ਅਕਾਲੀ ਅਖ਼ਬਾਰ ਨੂੰ ਬੰਦ ਕਰਨ ਲਈ ਕਈ ਤਰ੍ਹਾਂ ਦੇ ਯਤਨ ਕਰ ਰਹੀ ਸੀ। ਇਸ ਦੇ ਵਿਰੋਧ ਲਈ ਕਈ ਹੋਰ ਰੋਜ਼ਾਨਾ ਅਖ਼ਬਾਰਾਂ ਦੀ ਸਰਕਾਰੀ ਸਹਾਇਤਾ ਨਾਲ ਸ਼ੁਰੂਆਤ ਕੀਤੀ ਗਈ ਪਰ ਲੋਕਾਂ ਦੁਆਰਾ ਇਨ੍ਹਾਂ ਅਖ਼ਬਾਰਾਂ ਨੂੰ ਨਕਾਰਿਆ ਗਿਆ। ਇਨ੍ਹਾਂ ਅਖ਼ਬਾਰਾਂ ਦਾ ਜਦ ਕੋਈ ਪ੍ਰਭਾਵ ਨਾ ਪਿਆ ਤਾਂ ਅਕਾਲੀ ਦੇ ਸੰਪਾਦਕਾਂ ਨੂੰ ਗ੍ਰਿਫ਼ਤਾਰ ਕੀਤਾ ਜਾਣ ਲੱਗ ਪਿਆ ਅਤੇ ਪ੍ਰੈੱਸ ਦੀਆਂ ਜ਼ਮਾਨਤਾਂ ਜ਼ਬਤ ਕੀਤੀਆਂ ਗਈਆਂ। ਹਕੂਮਤ ਦੁਆਰਾ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਸੇਵਕਾਂ ਦਾ ਬਲ ਅਤੇ ਜਨਤਾ ਦੀ ਸਹਾਇਤਾ ਵਧਦੀ ਗਈ। ਮੋਰਚਿਆਂ ਵਾਲੇ ਦਿਨਾਂ ਵਿਚ ਅਕਾਲੀ ਅਖ਼ਬਾਰ ਨੂੰ ਜਿਨ੍ਹਾਂ ਮੁਸ਼ਕਲਾਂ ਵਿੱਚੋਂ ਲੰਘਣਾ ਪਿਆ ਅਤੇ ਅਕਾਲੀ ਦੇ ਸਟਾਫ਼ ਦੁਆਰਾ ਜਿਸ ਇਮਾਨਦਾਰੀ ਨਾਲ ਕੰਮ ਕੀਤਾ ਉਸ ਦੀ ਯਾਦ ਦਿਵਾਉਂਦੇ ਸ. ਮੰਗਲ ਸਿੰਘ ਜੀ ਲਿਖਦੇ ਹਨ- "ਉਨ੍ਹਾਂ ਦਿਨਾਂ ਵਿਚ ਰੋਜ਼ਾਨਾ ਅਕਾਲੀ ਅਖ਼ਬਾਰ ਦਾ ਪ੍ਰਬੰਧ ਵੀ ਬੜੇ ਔਖੇ ਹੋ ਕੇ ਕਰਨਾ ਪੈਂਦਾ ਸੀ। ਹਰ ਦੂਜੇ ਦਿਨ ਤਲਾਸ਼ੀਆਂ ਹੁੰਦੀਆਂ ਸਨ। ਗੌਰਮਿੰਟ ਇਹ ਪਤਾ ਕਰਨਾ ਚਾਹੁੰਦੀ ਸੀ ਕਿ ਇਨ੍ਹਾਂ ਅਖ਼ਬਾਰਾਂ ਨੂੰ ਕੌਣ ਚਲਾ ਰਿਹਾ ਹੈ ਤੇ ਇਨ੍ਹਾਂ ਦਾ ਮਾਲਕ ਕੌਣ ਹੈ, ਪਰ ਇਸ ਦਾ ਪਤਾ ਸਰਕਾਰ ਨੂੰ ਨਾ ਲੱਗ ਸਕਿਆ। ਸਾਡੇ ਕਈ ਕਲਰਕਾਂ ਤੇ ਚਪੜਾਸੀਆਂ ਨੂੰ ਪੁਲਿਸ ਫੜ ਕੇ ਲੈ ਜਾਂਦੀ ਤੇ ਉਨ੍ਹਾਂ ਕੋਲੋਂ ਪੁੱਛ-ਗਿੱਛ ਕਰਦੀ ਕਿ ਮਾਲਕ ਕੌਣ ਹੈ। ਸਭ ਦਾ ਬਿਆਨ ਇਹ ਹੁੰਦਾ ਕਿ ਇਨ੍ਹਾਂ ਦਾ ਮਾਲਕ ਪੰਥ ਹੈ। ਕੌਣ ਸੰਪਾਦਕੀ ਲਿਖਦਾ ਹੈ? ਕੁਝ ਪਤਾ ਨਹੀ। ਕੰਪੋਜ਼ਿਟਰਾਂ ਤੇ ਹੋਰ ਵਰਕਰਾਂ ਪਾਸ ਹਰ ਵੇਲੇ ਦੀਆਂ ਸਿਲਾਈ (ਮਾਚਿਸ) ਦੀਆਂ ਡੱਬੀਆਂ ਰਹਿੰਦੀਆਂ ਸਨ। ਪੁਲਿਸ ਆਉਣ ਤੇ ਜੋ ਲਿਖਤਾਂ ਉਨ੍ਹਾਂ ਦੇ ਹੱਥ ਵਿਚ ਹੁੰਦੀਆਂ ਸਭਨਾ ਨੂੰ ਅੱਗ ਲਗਾ ਕੇ ਜਲਾ ਦਿੱਤਾ ਜਾਂਦਾ। ਛਾਪਾ ਮਾਰਨ ਤੇ ਤਲਾਸ਼ੀ ਦੀਆਂ ਖ਼ਬਰਾਂ ਪਹਿਲੇ ਹੀ ਸਾਨੂੰ ਲੱਗ ਜਾਂਦੀਆਂ ਸਨ।"[੧]

ਜਦੋਂ ਅਕਾਲੀ ਅਖ਼ਬਾਰ ਲਾਹੌਰ ਵਿੱਚੋਂ ਕੱਢਿਆ ਜਾਂਦਾ ਸੀ ਤਾਂ ਇਸ ਦੇ ਦੋ

**ਸਹਾਇਕ ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੧੯੫੮-੧੦੧੦੬*

ਢਾਈ ਸਾਲ ਦੇ ਸਮੇਂ ਵਿਚ ਲੱਗਭਗ ੧੦-੧੨ ਸੰਪਾਦਕ ਗ੍ਰਿਫ਼ਤਾਰ ਕੀਤੇ ਗਏ। ਲਾਹੌਰ ਵਿਚ ਇਸ ਨੂੰ ਛਪਵਾਉਣ ਲਈ ਪ੍ਰੈੱਸ ਦਾ ਮਿਲਣਾ ਤਕ ਮੁਸ਼ਕਿਲ ਹੋ ਗਿਆ। ਅਜਿਹਾ ਨਾਜ਼ੁਕ ਦੌਰ ਜਿਹਾ ਸਮਾਂ ਵੀ ਆਇਆ ਜਦ ਅਕਾਲੀ ਅਖ਼ਬਾਰ ਨੂੰ ਨਾਨਬਾਈ (ਤੰਦੂਰੀਏ) ਦੇ ਘਰੋਂ ਚੋਰੀ ਛਾਪ ਕੇ ਪ੍ਰਕਾਸ਼ਿਤ ਕੀਤਾ ਜਾਂਦਾ ਸੀ ਅਤੇ ਸੰਪਾਦਕਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ।

ਅਕਾਲੀ ਰੋਜ਼ਾਨਾ ਲਾਹੌਰ ਦੇ ਪਹਿਲੇ ਸੰਪਾਦਕ ਸ. ਮੰਗਲ ਸਿੰਘ ਨੂੰ ਨਾ-ਮਿਲਵਰਤਨ ਦੇ ਸੰਬੰਧ ਵਿਚ ਲੇਖ ਲਿਖਣ ਦੇ ਜੁਰਮ ਵਿਚ ਦਫਾ-੧੨੪ ੳ ੧੫੩ ਦੇ ਅਧੀਨ ੩ ਸਾਲ ਦੀ ਕੈਦ ਅਤੇ ੧੦੦੦ ਰੁਪਏ ਜੁਰਮਾਨਾ ਅਤੇ ਦੋ ਸਾਲ ਹੋਰ ਸਖ਼ਤ ਕੈਦ ਹੋ ਗਈ ਇਹ ਦੋਨੋਂ ਸਜ਼ਾਵਾਂ ਇੱਕਠੀਆਂ ਚੱਲੀਆਂ। ਸ. ਸਰਦੂਲ ਸਿੰਘ ਕਵੀਸ਼ਰ ਨੂੰ 'ਅਕਾਲੀ' ਵਿਚ ਸਾਕਾ ਨਨਕਾਣਾ ਸਾਹਿਬ ਸੰਬੰਧੀ ੭ ਲੇਖ ਲਿਖਣ ਦੇ ਕਾਰਨ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੂੰ ੧੨੪ ੳ ਅਤੇ ੧੫੩ ੳ ਅਧੀਨ ੫ ਸਾਲ ਕੈਦ ਦੀ ਸਜ਼ਾ ਹੋਈ। ਮੰਗਲ ਸਿੰਘ ਉਪਰੰਤ ਹੈਡਮਾਸਟਰੀ ਛੱਡ ਕੇ ਸ. ਪ੍ਰਤਾਪ ਸਿੰਘ ਬੀ. ਏ. ਬੀ. ਟੀ. ਸੰਪਾਦਕ ਬਣੇ ਅਤੇ ਗ੍ਰਿਫ਼ਤਾਰ ਹੋਏ ਉਨ੍ਹਾਂ 'ਤੇ ਦਫਾ-੧੨੪ ੳ ਦੇ ਅਧੀਨ ਮੁਕਦਮਾ ਚੱਲਿਆ। ਜੂਨ ੧੯੨੧ ਈ. ਵਿਚ ਗਿਆਨੀ ਹੀਰਾ ਸਿੰਘ ਦਰਦ ਅਤੇ ਪ੍ਰਤਾਪ ਸਿੰਘ ਨੂੰ ਸ. ਸਰਦੂਲ ਸਿੰਘ ਕਵੀਸ਼ਰ ਵੱਲੋਂ ਨਨਕਾਣਾ ਸਾਹਿਬ ਬਾਰੇ ਲੇਖ ਲਿਖਣ ਦੇ ਸੰਬੰਧ ਵਿਚ ਗਵਾਹੀ ਦੇਣ ਤੋਂ ਇਨਕਾਰ ਕਰਨ 'ਤੇ ਅਦਾਲਤ ਦੀ ਤੌਹੀਨ ਕਰਨ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੂੰ ਛੇ ਮਹੀਨੇ ਸਜ਼ਾ ਹੋਈ। ਉਸ ਸਮੇਂ ਗਿਆਨੀ ਹੀਰਾ ਸਿੰਘ ਦਰਦ ਅਤੇ ਸ. ਪ੍ਰਤਾਪ ਸਿੰਘ ਅਖ਼ਬਾਰ ਦੇ ਇੰਚਾਰਜ ਸੰਪਾਦਕ ਸਨ। ਦਸੰਬਰ ੧੯੨੧ ਈ. ਵਿਚ ਵਾਪਸ ਆ ਕੇ ਉਹ ਫਿਰ ਅਕਾਲੀ ਦੀ ਸੇਵਾ ਵਿਚ ਜੁਟ ਗਏ। ਪਰੰਤੂ ੧੯੨੨ ਈ. ਵਿਚ ਗਿਆਨੀ ਹੀਰਾ ਸਿੰਘ ਦਰਦ ਦੇ ਸੰਪਾਦਕ ਹੋਣ ਨਾਤੇ ਲਾਹੌਰ ਜੇਲ੍ਹ ਦੇ ਕੈਦੀਆਂ ਨਾਲ ਹੋ ਰਹੇ ਭੈੜੇ ਸਲੂਕ ਸੰਬੰਧੀ ਖ਼ਬਰ ਦੇਣ ਕਰਕੇ ਇਕ ਹੋਰ ਮੁਕੱਦਮਾ ਚਲਾਇਆ ਗਿਆ ਜਿਸ ਵਿਚ ਉਨ੍ਹਾਂ ਨੂੰ ਇਕ ਸਾਲ ਦੀ ਸਜ਼ਾ ਹੋਈ। ਇਸ ਦੇ ਨਾਲ ਹੀ ਇਕ ਹੋਰ ਮੁਕੱਦਮਾ ਚਲਾਇਆ ਗਿਆ ਜਿਸ ਵਿਚ ਉਨ੍ਹਾਂ ਨੂੰ ਛੇ ਮਹੀਨੇ ਦੀ ਕੈਦ ਹੋਈ। ਸੰਨ ੧੯੨੪ ਈ. ਵਿਚ ਉਹ ਜੇਲ੍ਹ ਤੋਂ ਰਿਹਾਅ ਹੋ ਗਏ ਅਤੇ ਵਾਪਸ ਆਉਂਦੇ ਸਾਰ ਹੀ ਉਨ੍ਹਾਂ ਨੇ ਮਾਸਕ ਪੱਤਰ 'ਫੁਲਵਾੜੀ' ਅੰਮ੍ਰਿਤਸਰ ਤੋਂ ਸ਼ੁਰੂ ਕਰ ਲਿਆ ਜੋ ੧੯੩੦ ਈ. ਤਕ ਅੰਮ੍ਰਿਤਸਰ ਤੋਂ ਛਪਦਾ ਰਿਹਾ। 'ਫੁਲਵਾੜੀ' ਦੇ ਨਾਲ-ਨਾਲ ੧੯੨੪ ਈ. ਵਿਚ ਹੀਰਾ ਸਿੰਘ ਦਰਦ ਜੀ ਨੇ 'ਅਕਾਲੀ' ਵਿਚ ਵੀ ੨ ਸਾਲ ਤਕ ਕੰਮ ਕੀਤਾ।

"ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅਕਾਲੀ ਵਿਚ ਇਤਰਾਜ਼-ਯੋਗ ਲੇਖਾਂ ਦੀ ਲੜੀ ਲਿਖਣ ਦੇ ਕਾਰਨ ੧੨੪ ੳ ਅਧੀਨ ਇਕ ਸਾਲ ਸਖ਼ਤ ਕੈਦ ਅਤੇ

ਪੀਪਲਜ਼ ਪਰੈਸ ਦੀ ਜ਼ਮਾਨਤ ਜ਼ਬਤ ਕੀਤੀ ਗਈ। 'ਅਕਾਲੀ' ਵਿਚ ੧੯੨੦ ਵਿਚ ਨਾ-ਮਿਲਵਰਤਨ ਉੱਤੇ ਅਖੌਤੀ ਇਤਰਾਜ਼-ਯੋਗ ਲੇਖ ਲਿਖਣ ਦੇ ਕਾਰਨ ਅਬਦੁਲ ਰਹਿਮਾਨ (ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦਾ ਸ਼ਗਿਰਦ) ਮੁਬਾਰਕ ਪਰੈਸ (ਲਾਹੌਰ) ਦੀ ਰੋਜ਼ਾਨਾ ਅਕਾਲੀ ਛਾਪਣ ਦੇ ਕਾਰਨ ੨੦੦੦ ਰੁਪਏ ਜ਼ਮਾਨਤ ਜ਼ਬਤ ਹੋਈ। ਨਰਿੰਦਰ ਸਿੰਘ ਅਕਾਲੀ ਅਖਬਾਰ (ਲਾਹੌਰ) ਦਾ ਛਾਪਕ ਤੇ ਪ੍ਰਕਾਸ਼ਕ ਨੂੰ ਦਫਾ-੧੭੮ (ਆਈ.ਟੀ.ਏ.) ਅਧੀਨ ੪ ਮਹੀਨੇ ਕੈਦ ਹੋਈ। ਸ. ਉਤਮ ਸਿੰਘ ਸੰਪਾਦਕ ਅਕਾਲੀ ਲਾਹੌਰ ਦਫਾ-੧੨੪ ੳ ਅਧੀਨ ਛੇ ਮਹੀਨੇ ਕੈਦ ਸਖਤ। ਸ. ਲਾਭ ਸਿੰਘ ਸੰਪਾਦਕ ਤੇ ਪ੍ਰਕਾਸ਼ਕ ਨੂੰ ਅਕਾਲੀ ਲਾਹੌਰ ਦਫਾ-੧੨੪ ੳ ਅਧੀਨ ਇਕ ਸਾਲ ਛੇ ਮਹੀਨੇ ਦੀ ਮਹਿਜ਼ ਕੈਦ ਹੋਈ। ਈਸਰ ਸਿੰਘ ਨਥਾਵਾਂ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਅਕਾਲੀ ਨੂੰ ੨ ਸਾਲ ੨੦੦ ਰੁਪਏ=੬ ਮਹੀਨੇ ਹੋਰ ਸਜ਼ਾ ਹੋਈ। ੧੨੪ ੳ ਥੱਲੇ ਅਤੇ ੨ ਸਾਲ ੧੫੩ ੳ ਥੱਲੇ ਇਕੱਠੀਆਂ ਸਜ਼ਾਵਾਂ ਹੋਈਆਂ।"[੨]

ਸ੍ਰੀ ਨਨਕਾਣਾ ਸਾਹਿਬ ਸਾਕੇ ਸੰਬੰਧੀ ਹੋਈਆਂ ਅੰਦਰੂਨੀ ਸਾਜ਼ਿਸ਼ਾਂ ਨੂੰ ਨੰਗਿਆਂ ਕਰਨ 'ਤੇ ਲਾਹੌਰ ਦੇ ਕਮਿਸ਼ਨਰ ਮਿਸਟਰ ਸੀ. ਐਮ.ਕਿੰਗ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲੀਸ, ਮਿਸਟਰ ਬੋਰਿੰਗ ਨੇ ੪੦ ਹਜ਼ਾਰ ਰੁ. ਦੇ ਹੱਤਕ-ਇੱਜ਼ਤ ਦਾ ਦਾਅਵਾ ਅਕਾਲੀ ਅਖ਼ਬਾਰ 'ਤੇ ਕਰ ਦਿੱਤਾ। ਅਕਾਲੀ ਅਖ਼ਬਾਰ ਵਿਚ ਇਸ ਤਰ੍ਹਾਂ ਦੇ ਲੇਖ ਛਾਪੇ ਗਏ ਸਨ ਜਿਸ ਵਿਚ ਮਿਸਟਰ ਕਿੰਗ ਅਤੇ ਮਿਸਟਰ ਬੋਰਿੰਗ ਨੂੰ ਨਨਕਾਣਾ ਸਾਹਿਬ ਦੇ ਸਾਕੇ ਵਿਚ ਮਹੰਤ ਨੂੰ ਸ਼ਹਿ ਦੇਣ ਵਾਲੇ ਦਰਸਾਇਆ ਗਿਆ ਸੀ। ਇਸ ਸਬੰਧ ਵਿਚ ਉਨ੍ਹਾਂ ਅਕਾਲੀ ਅਖ਼ਬਾਰ ਦੇ ਪਬਲਿਸ਼ਰ, ਪ੍ਰਿੰਟਰ, ਸੰਪਾਦਕ, ਪ੍ਰਬੰਧਕੀ ਕਮੇਟੀ ਦੇ ੧੨ ਮੈਂਬਰ ਅਤੇ ਕੁੱਲ ੧੫ ਮੈਂਬਰਾਂ ਵਿਰੁੱਧ ਹੱਤਕ ਇੱਜ਼ਤ ਦੇ ਦਾਅਵੇ ਦਾਇਰ ਕੀਤੇ ਸਨ। ਲੇਖ ਵਿਚ ਮਿਸਟਰ ਕਿੰਗ ਅਤੇ ਬੋਰਿੰਗ ਵਿਰੁੱਧ ਲਿਖੇ ਸ਼ਬਦਾਂ ਨੂੰ ਵਾਪਸ ਲੈਣ ਦੀ ਸੂਰਤ ਵਿਚ ਮੁਕੱਦਮਾ ਵਾਪਸ ਲਿਆ ਜਾ ਸਕਦਾ ਸੀ ਪਰੰਤੂ ਇਸ ਤਰ੍ਹਾਂ ਦੇ ਜੋਸ਼-ਓ-ਖਰੋਸ਼ ਵਾਲੇ ਸਮੇਂ ਵਿਚ ਸ਼ਬਦ ਵਾਪਸ ਕੌਣ ਲੈ ਸਕਦਾ ਸੀ। ਅਕਾਲੀ ਲੀਡਰਾਂ ਦਾ ਇਹ ਮੰਨਣਾ ਸੀ ਕਿ ਇਹ ਦਾਅਵੇ ਸਾਕਾ ਨਨਕਾਣਾ ਸਾਹਿਬ ਦੇ ਸੰਬੰਧ ਵਿਚ ਹਨ ਇਹ ਪੰਥਕ ਆਨ ਦਾ ਸਵਾਲ ਹੈ ਇਸ ਵਿਚ ਮੁਆਫੀ ਮੰਗਣੀ ਪੰਥ ਦੀ ਹਾਨੀ ਸਮਝੀ ਜਾਂਦੀ ਸੀ। "ਦਰਦ ਜੀ ਦੀ ਸੂਚਨਾ ਅਨੁਸਾਰ ਜਦੋਂ ਕਿਸੇ ਨੇ ਕਿਹਾ ਕਿ ਚਾਲ੍ਹੀ ਹਜ਼ਾਰ ਕੌਣ ਭਰੇਗਾ, ਅਕਾਲੀ ਅਖ਼ਬਾਰ ਨਾਲ ਸੰਬੰਧ ਰੱਖਣ ਵਾਲਿਆਂ ਦੀਆਂ ਜਾਇਦਾਦਾਂ ਕੁਰਕ ਹੋ ਜਾਣਗੀਆ ਤਾਂ ਸ. ਤੇਜਾ ਸਿੰਘ ਸਮੁੰਦਰੀ ਨੇ ਆਖਿਆ, ਭਰਾਵੋ! ਤੁਸੀਂ ਕਿਉ ਘਬਰਾਂਦੇ ਹੋ ਜਿਤਨੀ ਡਿਗਰੀ ਹੋਵੇਗੀ ਮੈਂ ਭਰ ਦਿਆਂਗਾ। ਇਸ ਗੱਲ ਦੀ ਜਮਾਨਤ ਲਈ ਮੈਂ ਆਪਣਾ ਮੁਰੱਬਾ ਤੁਹਾਨੂੰ ਲਿਖ

ਦੇਂਦਾ ਹਾਂ। ਜੇ ਪੂਰੇ ਚਾਲ੍ਹੀ ਹਜ਼ਾਰ ਹੀ ਭਰਨੇ ਪਏ ਤਾਂ ਆਪ ਬੜੀ ਖੁਸ਼ੀ ਨਾਲ ਭਾਵੇਂ ਮੇਰੇ ਮੁਰੱਬੇ ਨੀਲਾਮ ਕਰਕੇ ਭਰ ਦੇਵੋ ਪਰ ਤੁਸੀ ਮੁਆਫੀ ਮੰਗਣ ਦਾ ਖਿਆਲ ਹੀ ਨਾ ਕਰੋ।"[੩] ਮਾਸਟਰ ਸੁੰਦਰ ਸਿੰਘ ਲਾਇਲਪੁਰੀ ਜੀ ਨੇ ਆਪਣੇ ਪਿੱਛੋਂ ਅਖ਼ਬਾਰ ਦਾ ਪ੍ਰਬੰਧ ਅਤੇ ਲਿਖਣ ਦਾ ਕੰਮ ਸ. ਪ੍ਰਤਾਪ ਸਿੰਘ ਕੈਰੋਂ ਨੂੰ ਸੌਂਪ ਦਿੱਤਾ। ੧੯੨੨ ਈ. ਵਿਚ ਜਦ ਸ. ਹੀਰਾ ਸਿੰਘ ਦਰਦ, ਸ. ਮੰਗਲ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅਤੇ ਸ. ਗੋਪਾਲ ਸਿੰਘ ਕੌਮੀ ਵੀ ਕੈਦ ਹੋ ਗਏ ਤਾਂ ਲਾਹੌਰ ਵਿਚ ਇਸ ਨੂੰ ਚਲਾਉਣ ਵਾਲਾ ਕੋਈ ਵਿਅਕਤੀ ਨਹੀਂ ਰਿਹਾ ਜਿਸ ਕਾਰਨ ਪ੍ਰੋਫ਼ੈਸਰ ਨਿਰੰਜਨ ਸਿੰਘ ਅਤੇ ਮਾਸਟਰ ਤਾਰਾ ਸਿੰਘ ਹੋਰ ਮੈਬਰਾਂ ਨਾਲ ਸਲਾਹ ਕਰ ਕੇ 'ਅਕਾਲੀ ਅਖ਼ਬਾਰ' ਨੂੰ ਸ੍ਰੀ ਅੰਮ੍ਰਿਤਸਰ ਲੈ ਆਏ। ਉਨ੍ਹਾਂ ਦਿਨਾਂ ਵਿਚ ਕਨੇਡਾ ਅਤੇ ਅਮਰੀਕਾ ਦੇ ਕੁਝ ਸਿੰਘਾਂ ਦੀ ਮਦਦ ਨਾਲ ਸ੍ਰੀ ਅੰਮ੍ਰਿਤਸਰ ਤੋਂ ਇਕ ਰੋਜ਼ਾਨਾ ਅਖ਼ਬਾਰ 'ਪ੍ਰਦੇਸੀ ਖਾਲਸਾ' ਜਾਰੀ ਕੀਤਾ ਹੋਇਆ ਸੀ। ਦੋਵਾਂ ਅਖ਼ਬਾਰਾਂ ਨੂੰ ਇਕੱਠਾ ਕਰ ਕੇ ਛਾਪਣ ਬਾਰੇ ਵਿਚਾਰ ਕੀਤੀ ਗਈ। ਦੋਵਾਂ ਅਖ਼ਬਾਰਾਂ ਦੇ ਸਟਾਫ਼ ਨੂੰ ਇੱਕਠਾ ਕਰ ਦਿੱਤਾ ਗਿਆ ਅਤੇ ਦੋਵਾਂ ਅਖ਼ਬਾਰਾਂ ਦੇ ਨਾਮ ਨੂੰ ਇੱਕਠਾ ਕਰ ਕੇ ਇੱਕ ਨਵਾਂ ਨਾਮ ਦੇ ਕੇ 'ਅਕਾਲੀ ਤੇ ਪ੍ਰਦੇਸੀ' ਦੀ ਨੀਂਹ ਰੱਖ ਸ੍ਰੀ ਅੰਮ੍ਰਿਤਸਰ ਤੋਂ ਅਰੰਭ ਕੀਤਾ ਗਿਆ। ਮਾਸਟਰ ਤਾਰਾ ਸਿੰਘ 'ਅਕਾਲੀ ਤੇ ਪ੍ਰਦੇਸੀ' ਦੇ ਸੰਪਾਦਕ ਅਤੇ ਕਰਤਾ-ਧਰਤਾ ਸਨ। ਇਹ ਉਹ ਸਮਾਂ ਸੀ ਜਦੋਂ ਇਕ ਤਰ੍ਹਾਂ ਨਾਲ ਅਕਾਲੀ ਅਖ਼ਬਾਰ ਅਕਾਲੀ ਲਹਿਰ ਦਾ ਹੀ ਪਰਚਾ ਬਣ ਚੁੱਕਾ ਸੀ। ਇਸ ਵਿਚ ਲਾਹੌਰ ਵਾਲੀ ਅਜ਼ਾਦੀ ਦੀ ਸੁਤੰਤਰਤਾ ਵਾਲੀ ਪਾਲਸੀ ਖ਼ਤਮ ਹੋ ਗਈ। ਇਸ ਵਿਚ ਕੇਵਲ ਅਕਾਲੀ ਮੋਰਚਿਆਂ ਦੀਆਂ ਖ਼ਬਰਾਂ ਅਤੇ ਮਜਮੂਨ ਨੂੰ ਛਾਪਿਆ ਜਾਂਦਾ। ਜਿਨ੍ਹਾਂ ਨੌਜਵਾਨਾਂ ਨੇ ਇਸ ਵਿਚ ਅਣਥੱਕ ਸੇਵਾ ਕੀਤੀ ਉਨ੍ਹਾਂ ਵਿਚ ਸ. ਗੋਪਾਲ ਸਿੰਘ ਕੌਮੀ, ਪ੍ਰੋ. ਗੁਰਮੁਖ ਸਿੰਘ ਮੁਸਾਫਿਰ, ਸੋਢੀ ਦਰਬਾਰਾ ਸਿੰਘ, ਸ. ਮੁਬਾਰਕ ਸਿੰਘ ਅਤੇ ਸਭ ਤੋਂ ਲੰਮੀ ਸੇਵਾ ਗਿਆਨੀ ਉੱਤਮ ਸਿੰਘ ਨੇ ਕੀਤੀ। ਸ. ਰਣਧੀਰ ਸਿੰਘ (ਰੀਸਰਚ ਸਕਾਲਰ) ਨੇ ੧੯੨੦ ਈ. ਵਿਚ ਨੌਕਰੀ ਛੱਡਣ ਉਪਰੰਤ ਅਕਾਲੀ ਲਹਿਰ ਵਿਚ ਹਿੱਸਾ ਲਿਆ। ਉਹ 'ਅਕਾਲੀ ਤੇ ਪ੍ਰਦੇਸੀ' ਅਤੇ 'ਅਕਾਲੀ' (ਉਰਦੂ) ਦੇ ਸਹਾਇਕ ਸੰਪਾਦਕ ਰਹੇ। ਭਾਈ ਰਣਧੀਰ ਸਿੰਘ ਜੀ ਨੂੰ ਸੰਨ ੧੯੨੪ ਈ. ਵਿਚ ਜੇਲ੍ਹ ਜਾਣਾ ਪਿਆ। ਉੱਥੋਂ ਰਿਹਾਅ ਹੋਣ ਉਪਰੰਤ ਸੰਨ ੧੯੨੭ ਈ. ਤੋਂ ੧੯੩੦ ਈ. ਤਕ ਆਪ ਨੇ ਰੋਜ਼ਾਨਾ 'ਅਕਾਲੀ ਤੇ ਪ੍ਰਦੇਸੀ, ਰੋਜ਼ਾਨਾ 'ਅਕਾਲੀ' (ਉਰਦੂ) ਅਤੇ 'ਨਿਰਭੈ ਅਕਾਲੀ' ਦੀ ਸੰਪਾਦਕੀ ਕੀਤੀ। ਉਸ ਸਮੇਂ ਪੰਜਾਬ ਦੀ ਜ਼ਿਆਦਾਤਰ ਵਸੋਂ ਉਰਦੂ ਜਾਣਦੀ ਸੀ ਜਿਸ ਦੇ ਮੱਦੇ-ਨਜ਼ਰ (੧੯੨੨-੨੩ ਈ.) ਅਕਾਲੀ ਨਾਂ ਹੇਠ ਇਕ ਉਰਦੂ ਅਖ਼ਬਾਰ ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ ਗਿਆ ਸੀ। ਇਹ ਅਖ਼ਬਾਰ ਆਰਥਿਕ

ਤੰਗੀ ਦੀ ਮਾਰ ਪੈਣ ਕਾਰਨ ੧੯੩੦ ਈ. ਵਿਚ ਬੰਦ ਹੋ ਗਿਆ। ਦੇਸ਼ਾਂ-ਵਿਦੇਸ਼ਾਂ ਵਿਚ ਅਕਾਲੀ ਦੀ ਅਵਾਜ਼ ਪਹੁੰਚਾਉਣ ਲਈ ਅਕਾਲੀ ਅਖ਼ਬਾਰ ਦੇ ਪ੍ਰਬੰਧਕੀ ਬੋਰਡ ਨੇ ਇਕ ਅੰਗਰੇਜ਼ੀ ਵਿਚ ਅਖ਼ਬਾਰ ਕੱਢਣ ਦਾ ਵਿਚਾਰ ਬਣਾਇਆ ਪ੍ਰੰਤੂ ਬਹੁਤ ਸਾਰੇ ਪ੍ਰਬੰਧਕਾਂ ਦੇ ਜੇਲ੍ਹ ਚਲੇ ਜਾਣ ਕਾਰਨ ਅਤੇ ਗੁਰੂ ਕੇ ਬਾਗ਼ ਦਾ ਮੋਰਚਾ ਲੱਗ ਜਾਣ ਕਾਰਨ ਇਹ ਕੰਮ ਸਿਰੇ ਨਾ ਚੜ੍ਹ ਸਕਿਆ।

ਅੰਤਲਾ ਸਮਾਂ :- ਅਕਾਲੀ ਤੇ ਪ੍ਰਦੇਸੀ ਨੂੰ ਸ੍ਰੀ ਅੰਮ੍ਰਿਤਸਰ ਵਿਚ ਵੀ ਹਕੂਮਤ ਦੇ ਜਬਰ ਅਤੇ ਜੁਲਮ ਦਾ ਸਾਹਮਣਾ ਕਰਨਾ ਪਿਆ ਪ੍ਰੰਤੂ ਇਸ ਸਭ ਦੇ ਬਾਵਜੂਦ ਇਹ ਹੋਰ ਸ਼ਕਤੀਸ਼ਾਲੀ ਅਤੇ ਇਸ ਦਾ ਦਾਇਰਾ ਵਿਸ਼ਾਲ ਹੁੰਦਾ ਗਿਆ। 'ਅਕਾਲੀ ਤੇ ਪ੍ਰਦੇਸੀ' ਉੱਪਰ ੧੯੩੦ ਈ. ਵਿਚ 'ਪ੍ਰੈਸ ਐਕਟ' ਅਧੀਨ ਪਾਬੰਦੀ ਲਗਾ ਦਿੱਤੀ ਗਈ। ਇਸ ਤੋਂ ਬਾਅਦ ਇਸ ਨੂੰ 'ਅਕਾਲੀ ਪੱਤ੍ਰਕਾ' ਵਜੋਂ ਨਵੇਂ ਨਾਮ ਨਾਲ ਦਰਜ ਕਰਵਾਇਆ ਗਿਆ ਅਤੇ ਸ੍ਰੀ ਅੰਮ੍ਰਿਤਸਰ ਤੋਂ ਇਸ ਨੂੰ ਲਾਹੌਰ ਲਿਜਾਇਆ ਗਿਆ। ਗਿ. ਗੁਰਮੁਖ ਸਿੰਘ ਮੁਸਾਫਿਰ ੧੯੩੭ ਈ. ਵਿਚ 'ਅਕਾਲੀ ਪੱਤ੍ਰਕਾ' ਦੇ ਪ੍ਰਬੰਧਕ ਵਜੋਂ ਸੇਵਾ ਨਿਭਾ ਰਹੇ ਸਨ। ਗਿ. ਗੁਰਮੁਖ ਸਿੰਘ ਜੀ ਕੋਲ ਉਸ ਸਮੇਂ ਪੰਜਾਬੀ ਨਾਲ ਪਿਆਰ ਕਰਨ ਵਾਲੇ ਨੌਜਵਾਨ ਕੰਮ ਕਰਦੇ ਸਨ ਜਿਨ੍ਹਾਂ ਵਿਚ ਸ. ਅਰਜਨ ਸਿੰਘ ਗੜਗੱਜ, ਸ. ਪ੍ਰੇਮ ਸਿੰਘ ਪ੍ਰੇਮ, ਸ. ਜਸਵੰਤ ਸਿੰਘ, ਸ. ਮੁਬਾਰਕ ਸਿੰਘ ਅਤੇ ਗਿਆਨੀ ਸ਼ਾਦੀ ਸਿੰਘ ਜਿਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਚ ਲੱਗੀ ਹੈ ਜੋ ਉਸ ਸਮੇਂ ਪ੍ਰੈੱਸ ਇੰਚਾਰਜ ਸਨ ਆਦਿ ਸ਼ਾਮਲ ਸਨ। ਗਿਆਨੀ ਸ਼ਾਦੀ ਸਿੰਘ ੧੯੩੯ ਈ. ਵਿਚ ਪੱਤਰਕਾਰੀ ਦੇ ਖੇਤਰ ਵਿਚ ਆ ਗਏ ਅਤੇ ਆਪ ਨੂੰ 'ਅਕਾਲੀ ਪੱਤ੍ਰਕਾ' ਦਾ ਸਮਾਚਾਰ ਸੰਪਾਦਕ ਅਤੇ ਬਾਅਦ ਵਿਚ ਇੰਚਾਰਜ ਸੰਪਾਦਕ ਲਗਾ ਦਿੱਤਾ ਗਿਆ। ਵੰਡ ਤੋਂ ਬਾਅਦ ਗਿਆਨੀ ਸ਼ਾਦੀ ਸਿੰਘ ਨੇ 'ਅਕਾਲੀ ਪੱਤ੍ਰਕਾ' ਨੂੰ ਮੁੜ ਸੁਰਜੀਤ ਕਰਨ ਲਈ ਸਿਰਜਨਹਾਰ ਦੀ ਭੂਮਿਕਾ ਨਿਭਾਈ। ਵੰਡ ਤੋਂ ਬਾਅਦ ਰੋਜ਼ਾਨਾ 'ਅਕਾਲੀ ਪੱਤ੍ਰਕਾ' ਦੇ ਦਫ਼ਤਰ ਲਾਹੌਰ ਤੋਂ ਅੰਮ੍ਰਿਤਸਰ ਅਤੇ ਫਿਰ ਅੰਮ੍ਰਿਤਸਰ ਤੋਂ ਜਲੰਧਰ ਤਬਦੀਲ ਕਰ ਦਿੱਤੇ ਗਏ। ਇਹ ਸ. ਅਮਰ ਸਿੰਘ (ਦੁਸਾਂਝ) (ਮੈਨੇਜਿੰਗ ਡਾਇਰੈਕਟਰ) ਅਤੇ ਗਿਆਨੀ ਸ਼ਾਦੀ ਸਿੰਘ ਦੁਸਾਂਝ (ਮੁੱਖ ਸੰਪਾਦਕ) ਦੀ ਸਖ਼ਤ ਘਾਲਣਾ ਦਾ ਸਿੱਟਾ ਸੀ। ਸ. ਰਾਮ ਸਿੰਘ (ਔਜਲਾ) ਅਤੇ ਸ. ਅਜੀਤ ਸਿੰਘ (ਦੁਸਾਂਝ) ਨੇ ਵੀ ਇਨ੍ਹਾਂ ਦਾ ਪੂਰਾ ਸਹਿਯੋਗ ਦਿੱਤਾ। ਇਨ੍ਹਾਂ ਦੋਨਾਂ ਸ਼ਖ਼ਸੀਅਤਾਂ ਨੇ ਜੀਵਨ ਦੇ ਅੰਤਿਮ ਸਮੇਂ ਤਕ 'ਅਕਾਲੀ ਪੱਤ੍ਰਕਾ' ਦੀ ਸੇਵਾ ਕੀਤੀ। ਵੰਡ ਦੇ ਦੌਰਾਨ ਰੋਜ਼ਾਨਾ 'ਅਕਾਲੀ ਪੱਤ੍ਰਕਾ' ਨੇ ਆਪਣੀ ਬਹੁਤ ਸਾਰੀ ਕੀਮਤੀ ਮਸ਼ੀਨਰੀ ਅਤੇ ਸੰਪਤੀ ਗਵਾ ਦਿੱਤੀ ਸੀ ਇੱਥੋਂ ਤਕ ਕਿ ਇਸ ਦੇ ੫ ਲੱਖ ਰੁ. ਦੇ ਮੁਆਵਜ਼ੇ ਦੇ ਦਾਅਵੇ ਨੂੰ ਸਰਕਾਰ ਨੇ ਠੁਕਰਾ ਦਿੱਤਾ ਸੀ। ਪਰੰਤੂ ਇਸ ਦੇ ਸਰਪ੍ਰਸਤਾਂ ਨੇ ਹੌਸਲਾ ਨਹੀਂ ਛੱਡਿਆ। ਗਿਆਨੀ ਕਰਤਾਰ ਸਿੰਘ, ਸ. ਅਜੀਤ ਸਿੰਘ ਸਰਹੱਦੀ, ਸ.ਅਮਰ ਸਿੰਘ (ਦੁਸਾਂਝ) ਅਤੇ ਗਿਆਨੀ ਸ਼ਾਦੀ ਸਿੰਘ

ਆਦਿ ਦੀਆਂ ਮਹਾਨ ਕੋਸ਼ਿਸ਼ਾਂ ਸਦਕਾ ਇਕ ਸੰਸਥਾ ਬਣਾਈ— 'ਸਿੱਖ ਨਿਊਜ਼ ਪੇਪਰ ਲਿਮਿਟਿਡ' ਇਸ ਨੇ 'ਅਕਾਲੀ ਪੱਤ੍ਰਿਕਾ' ਨੂੰ ਮੁੜ ਸੁਰਜੀਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਮਿਹਨਤੀ, ਇਮਾਨਦਾਰ ਅਤੇ ਦ੍ਰਿੜ੍ਹ ਸੰਕਲਪ ਵਾਲੀਆਂ ਮਹਾਨ ਸ਼ਖ਼ਸੀਅਤਾਂ ਜੋ 'ਅਕਾਲੀ ਪੱਤ੍ਰਕਾ' ਨਾਲ ਕਿਸੇ ਨਾ ਕਿਸੇ ਤਰੀਕੇ ਜੁੜੀਆਂ ਰਹੀਆਂ ਹਨ ਉਨ੍ਹਾਂ ਵਿਚ ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ. ਹਰਚੰਦ ਸਿੰਘ ਲਾਇਲਪੁਰੀ, ਸ. ਮੰਗਲ ਸਿੰਘ ਅਕਾਲੀ, ਗਿ. ਹੀਰਾ ਸਿੰਘ ਦਰਦ, ਮਾਸਟਰ ਤਾਰਾ ਸਿੰਘ, ਪ੍ਰਿੰ. ਨਿਰੰਜਨ ਸਿੰਘ, ਸ. ਸਰਦੂਲ ਸਿੰਘ ਕਵੀਸ਼ਰ, ਸ. ਤੇਜਾ ਸਿੰਘ ਸਮੁੰਦਰੀ, ਗਿ. ਸ਼ੇਰ ਸਿੰਘ, ਸ. ਜਗਤ ਸਿੰਘ ਵਾਸੂ, ਬਾਵਾ ਹਰਿਕਿਸ਼ਨ ਸਿੰਘ, ਗਿ. ਕਰਤਾਰ ਸਿੰਘ, ਸ. ਪ੍ਰਤਾਪ ਸਿੰਘ ਕੈਰੋਂ, ਸ. ਕਰਮ ਸਿੰਘ ਕਿਰਤੀ, ਸ. ਪ੍ਰੇਮ ਸਿੰਘ ਪ੍ਰੇਮ, ਸ. ਜੋਗਿੰਦਰ ਸਿੰਘ ਰੇਖੀ, ਸ. ਈਸ਼ਰ ਸਿੰਘ ਮਝੈਲ, ਸ. ਬੂਟਾ ਸਿੰਘ, ਗਿ. ਉੱਤਮ ਸਿੰਘ ਅਤੇ ਗਿ. ਗੁਰਦਿੱਤ ਸਿੰਘ ਆਦਿ ਹਨ।

ਇਨ੍ਹਾਂ ਮਹਾਨ ਸ਼ਖ਼ਸੀਅਤਾਂ ਤੋਂ ਇਲਾਵਾ 'ਅਕਾਲੀ ਪੱਤ੍ਰਕਾ' ਦੇ ਮੁੱਖ ਸੰਪਾਦਕ ਵਜੋਂ ਸੇਵਾ ਨਿਭਾਉਣ ਵਾਲੀਆਂ ਸ਼ਖ਼ਸੀਅਤਾਂ ਵਿਚ ਸ. ਮੰਗਲ ਸਿੰਘ ਅਕਾਲੀ, ਗਿ. ਗੁਰਮੁਖ ਸਿੰਘ ਮੁਸਾਫ਼ਿਰ, ਗਿ. ਉੱਤਮ ਸਿੰਘ, ਗਿ. ਸ਼ਾਦੀ ਸਿੰਘ, ਸ. ਅਮਰ ਸਿੰਘ (ਦੁਸਾਂਝ), ਸ. ਹਰਭਜਨ ਸਿੰਘ (ਦੁਸਾਂਝ), ਬਾਵਾ ਪਰਮਜੀਤ ਸਿੰਘ, ਸ. ਭਰਪੂਰ ਸਿੰਘ ਬਲਬੀਰ, ਸ. ਨਿਰੰਜਨ ਸਿੰਘ ਮਿੱਠਾ, ਸ. ਰਿਤਨੇਸ਼ ਸਿੰਘ ਸੋਢੀ ਅਤੇ ਮੌਜੂਦਾ ਸਮੇਂ ਵਿਚ ਸ. ਵੀਰਪਾਲ ਸਿੰਘ ਜੀ (ਗਿ. ਸ਼ਾਦੀ ਸਿੰਘ ਜੀ ਦੇ ਬੇਟੇ) ਮੁੱਖ ਸੰਪਾਦਕ ਹਨ।

ਹਵਾਲੇ :


੧. ਪਿਆਰ ਸਿੰਘ, *ਤੇਜਾ ਸਿੰਘ ਸਮੁੰਦਰੀ*, ਪੰ. ੬੩

੨. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆ ਦਾ ਇਤਿਹਾਸ*, ਪੰ. ੫੦੧,੫੦੨,੫੧੨

੩. ਪਿਆਰ ਸਿੰਘ, *ਉਹੀ*, ਪੰ.੬੫


'ਗੁਰਮਤਿ ਪ੍ਰਕਾਸ਼' ਸਤੰਬਰ ੨੦੨੦ ਦੇ ਅੰਕ ਵਿਚ ਪੰਨਾ ਨੰਬਰ ੭੬ 'ਤੇ ਪੰਡਤ ਜਵਾਹਰ ਲਾਲ ਨਹਿਰੂ ਦੀ ਥਾਂ 'ਤੇ ਪੰਡਤ ਮਦਨ ਮੋਹਨ ਮਾਲਵੀਆ ਪੜ੍ਹਿਆ ਜਾਵੇ।

*–ਸੰਪਾਦਕ*

# ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ. . .

*-ਸ. ਮਲਕੀਤ ਸਿੰਘ**

*ਰਣਜੀਤ ਸਿੰਘ ਮਹਾਰਾਜੇ ਦੇ ਰਾਜ ਵੇਲੇ, ਗੁਰਦੁਆਰਿਆਂ ਨੂੰ ਸੋਨੇ ਦੇ ਨਾਲ ਮੜ੍ਹਿਆ,*
*ਗੁਰੂ ਘਰਾਂ ਨੂੰ ਦਿੱਤੀਆਂ ਜਾਇਦਾਦਾਂ, ਹੀਰੇ, ਮੋਤੀ, ਜਵਾਹਰਾਤ ਦੇ ਨਾਲ ਜੜਿਆ।*
*ਹੋਈ ਮੌਤ ਮਹਾਰਾਜੇ ਦੀ ਹਨ੍ਹੇਰ ਛਾਇਆ, ਸੂਰਜ ਮੁਖ 'ਤੇ ਬੰਨ੍ਹੀਆਂ ਪੱਟੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਛੁਰੀ ਪਿੱਠ 'ਚ ਡੋਗਰਿਆਂ ਮਾਰ ਦਿੱਤੀ, ਉੱਧਰ ਮਹੰਤ ਕੁਕਰਮ ਕਰਾਉਣ ਲੱਗੇ,*
*ਗੁਰੂ-ਘਰਾਂ 'ਚ ਨਸ਼ਿਆਂ ਦੇ ਦੌਰ ਚੱਲੇ, ਬਾਣੀ ਭੁੱਲ ਗਏ ਨਾਚ ਨਚਾਉਣ ਲੱਗੇ।*
*ਅੰਗਰੇਜ਼ਾਂ ਨਾਲ ਰਲ ਗਏ ਲਾਲਚ ਵੱਸ ਹੋ ਕੇ, ਕਬਜ਼ੇ ਕਰ ਲਏ ਧੋਖੇ ਨਾਲ ਡੰਮੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਨੀਵੀਂ ਜਾਤ ਨੂੰ ਗੁਰੂ-ਘਰੋਂ ਰੋਕ ਦਿੱਤਾ, ਕੜਾਹ ਪ੍ਰਸ਼ਾਦ ਤੇ ਲੰਗਰ 'ਤੇ ਰੋਕ ਲਾਈ,*
*ਬੇਅਦਬੀ ਵੇਖ ਕੇ ਮਰਦ ਨਿੱਤਰੇ, ਜ਼ੁਲਮ ਰੋਕਣ ਲਈ ਰਲੇ ਸਭ ਭਾਈ ਭਾਈ।*
*ਪੰਥਕ ਧਿਰਾਂ, ਸਿੰਘ ਸਭਾ, ਚੀਫ਼ ਖਾਲਸਾ ਨੇ, ਇਕੱਠੇ ਹੋਏ ਦੂਰ ਕੀਤੀਆਂ ਕਮੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਨੀਂਦ ਚੈਨ ਦੀ ਸਿੰਘਾਂ ਨੂੰ ਆਂਵਦੀ ਨਹੀਂ, ਕਹਿੰਦੇ ਅਜ਼ਾਦ ਗੁਰਧਾਮ ਕਰਾਵਾਂਗੇ ਹੁਣ,*
*ਭਾਵੇਂ ਸਿਰਾਂ ਦੀ ਤਾਰਨੀ ਫੀਸ ਪੈ ਜਾਏ, ਹੱਸ-ਹੱਸ ਸ਼ਹੀਦੀਆਂ ਪਾਵਾਂਗੇ ਹੁਣ।*
*ਹੱਕ ਲੈਣ ਲਈ ਜ਼ੁਲਮ ਵਿਰੁੱਧ ਖੜਦੇ, ਭਾਵੇਂ ਝੱਲ ਲੈਂਦੇ ਲੱਖਾਂ ਹੀ ਤੰਗੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਸਿੰਘ ਅਕਾਲ ਤਖ਼ਤ 'ਤੇ ਹੋਏ ਇਕੱਠੇ, ਮਹੰਤ ਭੱਜ ਗਏ ਝੰਡੇ ਫਿਰ ਚਾੜ੍ਹ ਦਿੱਤੇ,*
*ਦਿੱਤਾ ਸਾਥ ਪ੍ਰਸ਼ਾਸਨ ਵਿਰੋਧੀਆਂ ਦਾ, ੯ ਮੈਂਬਰ ਸਰਕਾਰੀ ਵਿਚ ਵਾੜ ਦਿੱਤੇ।*
*ਨਹੀਂ ਮੰਨਿਆ ਹੁਕਮ ਸਰਕਾਰ ਵਾਲਾ, ਇਜਲਾਸ ਸੱਦ ਲਿਆ ਜਥੇਬੰਦੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਉਨੀਂ ਸੌ ਵੀਹ ਤੇ ਨਵੰਬਰ ਪੰਦਰ੍ਹਾਂ ਸੀ, ਪਹਿਲਾਂ ਹੋਈ ਚੋਣ ਪੰਜਾਂ ਪਿਆਰਿਆਂ ਦੀ,*

**ਇੰਚਾਰਜ, ਕੜਾਹ ਪ੍ਰਸ਼ਾਦ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੪੭੮੫੦੫੮੦੦*

*ਤੇਜਾ ਸਿੰਘ, ਹਰਕ੍ਰਿਸ਼ਨ, ਜੋਧ ਸਿੰਘ ਐਮ. ਏ., ਬਲਵੰਤ ਸਿੰਘ, ਤੇਜਾ ਸਿੰਘ ਦੀਵਾਨ ਦੁਲਾਰਿਆਂ ਦੀ।*
*ਫਿਰ ਇਕ ਸੌ ਤੇ ਪੰਝੱਤਰ ਬਣੇ ਮੈਂਬਰ, ਸ਼੍ਰੋਮਣੀ ਕਮੇਟੀ ਦੀਆਂ ਨੀਂਹਾਂ ਗਈਆਂ ਬੰਨ੍ਹੀਆਂ ਨੇ।*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਸਭ ਤੋਂ ਪਹਿਲਾਂ ਇਹ ਸੋਚ ਵਿਚਾਰ ਕੀਤੀ, ਗੁਰਧਾਮ ਅਜ਼ਾਦ ਕਰਵਾਈਏ ਸਾਰੇ,*
*ਜਿਹੜੇ ਪਿਆਰ ਦੇ ਨਾਲ ਮਹੰਤ ਮੰਨਦੇ ਨਹੀਂ, ਉਨ੍ਹਾਂ ਨੱਕ ਨਕੇਲ ਰਲ ਪਾਈਏ ਸਾਰੇ।*
*ਛੱਡ ਦਿੱਤੇ ਜੈਕਾਰੇ ਮਤਾ ਪਾ ਦਿੱਤਾ, ਪੰਜਾਂ ਪਿਆਰਿਆਂ ਦੀਆਂ ਗੱਲਾਂ ਮੰਨੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਬੇਰ ਬਾਬੇ ਦੀ, ਤਖ਼ਤ, ਦਰਬਾਰ ਸਾਹਿਬ, ਗੁਰੂ ਖਾਲਸੇ ਜ਼ੋਰ ਪੈ ਗਿਆ ਸੀ,*
*ਚੁਮਾਲਾ ਸਾਹਿਬ, ਰਕਾਬਗੰਜ 'ਤੇ ਹੋਇਆ ਕਬਜ਼ਾ, ਡਰ ਦਿਲੋਂ ਹਕੂਮਤ ਦਾ ਲਹਿ ਗਿਆ ਸੀ।*
*ਰੋਹਬ ਦਾਅਬ ਵੇਖ ਸਿੰਘਾਂ ਦਾ ਮਹੰਤ ਭੱਜੇ, ਪਿੱਛੇ ਵੇਖਿਆ ਨਾਂ ਪੁਜਾਰੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਪੰਜਾਂ ਸਾਹਿਬ ਵਿਚ ਮਹੰਤਾਂ ਨੇ ਅੱਤ ਚੁੱਕੀ, ਆਪ ਹੁਦਰੀਆਂ ਬਹੁਤ ਚਲਾ ਰਹੇ ਸੀ,*
*ਕਰਤਾਰ ਸਿੰਘ ਝੱਬਰ ਲੈ ਕੇ ਸਿੰਘ ਪੁੱਜਾ, ਕਬਜ਼ਾ ਕੀਤਾ ਜੈਕਾਰੇ ਫਿਰ ਲਾ ਰਹੇ ਸੀ।*
*ਸਿੱਖ ਸਹਿਣ ਨਾ ਕਰੇ ਬੇਅਦਬੀ ਗੁਰੂ ਜੀ ਦੀ, ਤੇਗੀਂ ਨੱਚ ਕੇ ਮੌਤ ਮੂੰਹੋਂ ਮੰਗੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਤਰਨ ਤਾਰਨ 'ਤੇ ਮਹੰਤਾਂ ਨੇ ਜ਼ੁਲਮ ਕੀਤਾ, ਚੌਦਸ ਮੱਸਿਆ 'ਤੇ ਕੰਜਰੀ ਨਚਾ ਦਿੱਤੀ,*
*ਗ੍ਰੰਥੀ ਸਿੰਘ ਦੇ ਜਲ ਵਿਚ ਡੋਬ ਬੱਚੇ, ਅੱਗ ਕਹਿਰ ਵਾਲੀ ਬਰਸਾਅ ਦਿੱਤੀ।*
*ਹੁਕਮ ਸਿੰਘ ਹਜਾਰਾ ਸਿੰਘ ਸੀਸ ਦਿੱਤੇ, ਲਾਈਨਾਂ ਸ਼ਹੀਦਾਂ ਦੀਆਂ ਲਾ ਦਿੱਤੀਆਂ ਲੰਮੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਲਛਮਣ ਸਿੰਘ ਨੇ ਸਾਕਾ ਇਹ ਤੱਕਿਆ ਸੀ, ਕਹਿੰਦਾ ਅਜ਼ਾਦ ਨਨਕਾਣਾ ਕਰਾਊਂਗਾ ਮੈਂ,*
*ਲੈ ਕੇ ਸਿੰਘਾਂ ਨੂੰ ਸ਼ਾਂਤਮਈ ਚੱਲ ਪਏ, ਲੋੜ ਪਈ ਤਾਂ ਸ਼ਹੀਦੀਆਂ ਪਾਵਾਂਗਾ ਮੈਂ।*
*ਜਿਊਂਦੇ ਸੜ ਗਏ ਗੁਰਧਾਮ ਅਜ਼ਾਦ ਹੋਇਆ, ਸ਼ਰਤਾਂ ਸਭੇ ਸਰਕਾਰ ਨੇ ਮੰਨੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਬਾਗ ਗੁਰੂ ਕਾ, ਮੋਰਚਾ ਚਾਬੀਆਂ ਦਾ, ਭਾਈ ਫੇਰੂ ਤੇ ਜੈਤੋ ਨੂੰ ਮੱਲਿਆ ਏ,*

*ਗੋਡੇ ਟੇਕ ਦਿੱਤੇ ਸਿੰਘਾਂ ਦੇ ਜੋਸ਼ ਅੱਗੇ, ਅੰਗਰੇਜ਼ ਹਾਕਮ ਗਿਆ ਦਬੱਲਿਆ ਏ।*
*ਇੱਕੋ ਹੋ ਕੇ ਜਿਧਰ ਨੂੰ ਜਾਣ ਸੂਰੇ, ਚਾਅ ਚੜ੍ਹਦੇ ਤੇ ਭੁਲਦੀਆਂ ਗਮੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*੧੯੨੫ ਨੂੰ ਐਕਟ ਪਾਸ ਹੋਇਆ, ਸ਼੍ਰੋਮਣੀ ਕਮੇਟੀ ਕੋਲ ਆਏ ਗੁਰਧਾਮ ਸਾਰੇ,*
*ਪਹਿਲੀ ਵਿਸ਼ਵ ਦੀ ਸੰਸਥਾ ਧਰਮ ਦੀ ਇਹ ਬਣ ਗਈ, ਸਿੱਖ ਪਏ ਖ਼ੁਸ਼ੀਆਂ ਮਨਾਉਣ ਸਾਰੇ।*
*ਪਹਿਲੇ ਪ੍ਰਧਾਨ ਬਣੇ ਸੁੰਦਰ ਸਿੰਘ ਮਜੀਠੀਆ ਜੀ, ਅਗਜੈਕਟਿਵ ਵਿਚ ਪਾਈਆਂ ਰੂਹਾਂ ਚੰਗੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

*ਹੱਕ ਲੈਣ ਲਈ ਜਿਹੜੇ ਸ਼ਹੀਦ ਹੋਏ, ਸਿਜਦਾ ਮਲਕੀਤ ਸਿੰਘਾਂ ਉਨ੍ਹਾਂ ਨੂੰ ਕਰੀਦਾ ਏ।*
*ਜਿਊਂਦੀਆਂ ਕੌਮਾਂ ਵਿੱਚੋਂ ਹੁੰਦੇ ਸ਼ਹੀਦ ਪੈਦਾ, ਸੀਸ ਉਨ੍ਹਾਂ ਦੇ ਚਰਨਾਂ ਵਿਚ ਧਰੀਦਾ ਏ।*
*ਜਿਹੜੇ ਸਿੰਘਾਂ ਦੀਆਂ ਭੁੱਲੇ ਕੁਰਬਾਨੀਆਂ ਨੂੰ, ਮੈਲ ਈਰਖਾ ਦੀਆਂ ਦਿਲਾਂ 'ਤੇ ਜੰਮੀਆਂ ਨੇ,*
*ਸ਼੍ਰੋਮਣੀ ਕਮੇਟੀ ਦੀ ਹੋਂਦ ਬਣਾਉਣ ਖਾਤਰ, ਸਿੱਖਾਂ ਦਿੱਤੀਆਂ ਸਿਰਾਂ ਦੀਆਂ ਥੰਮ੍ਹੀਆਂ ਨੇ।*

## ਸਿੱਖੀ

*-ਵਿਧਾਤਾ ਸਿੰਘ ਤੀਰ*

*ਸਿੱਖੀ ਅਨੋਖੀ 'ਤੀਰ' ਜੀ, ਸਿੱਖੀ ਦਾ ਹੋਰ ਜਹਾਨ ਹੈ।*
*ਮਰਨਾ ਤੇ ਮਰ ਕੇ ਜੀਵਣਾ, ਜਿਸ ਜਗਤ ਵਿਚ ਪਰਵਾਨ ਹੈ।*
*ਜੀਵਣ ਜਿੱਥੇ ਹੈ ਪ੍ਰੇਮ ਦਾ, ਮਰਨੇ ਤੇ ਜਿਸ ਥਾਂ 'ਤੇ ਮਾਨ ਹੈ।*
*ਮਜ਼ਲੂਮ ਆਜਜ਼ ਵਾਸਤੇ, ਕੁਰਬਾਨ ਜਿਸ ਥਾਂ ਜਾਨ ਹੈ।*
*ਓਹੋ ਜਗਤ ਹੈ ਸਿੱਖ ਦਾ, ਉਹ ਸਿਦਕੀਆਂ ਦੀ ਖ਼ਾਨ ਹੈ।*
*ਉਸ ਜਗਤ ਅੰਦਰ ਚਮਕਦੀ, ਸਿੱਖੀ ਦੀ ਅਸਲੀ ਸ਼ਾਨ ਹੈ।. . .*

ਪੁਸਤਕ 'ਨਵੇਂ ਨਿਸ਼ਾਨੇ' ਵਿੱਚੋਂ

ਖ਼ਬਰਨਾਮਾ

## ਯੂ. ਕੇ. 'ਚ ਸਿੱਖ 'ਤੇ ਨਸਲੀ ਹਮਲੇ ਦੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਨਿੰਦਾ

ਸ੍ਰੀ ਅੰਮ੍ਰਿਤਸਰ, ੨੩ ਸਤੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਯੂ.ਕੇ. ਵਿਚ ਸਿੱਖ ਟੈਕਸੀ ਡਰਾਇਵਰ ਸ. ਵਨੀਤ ਸਿੰਘ 'ਤੇ ਕੁਝ ਲੋਕਾਂ ਵੱਲੋਂ ਕੀਤੇ ਗਏ ਨਸਲੀ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਵਿਦੇਸ਼ਾਂ ਵਿਚ ਸਿੱਖਾਂ 'ਤੇ ਹੁੰਦੇ ਨਫ਼ਰਤੀ ਹਮਲਿਆਂ ਨੂੰ ਰੋਕਣ ਲਈ ਵਿਦੇਸ਼ ਮੰਤਰਾਲੇ ਰਾਹੀਂ ਲੋੜੀਂਦੀ ਕਾਰਵਾਈ ਕਰੇ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਯੂ. ਕੇ. ਵਿਚ ਸਿੱਖ ਟੈਕਸੀ ਡਰਾਈਵਰ ਨੂੰ ਜਾਣਬੁਝ ਕੇ ਪ੍ਰੇਸ਼ਾਨ ਕਰਨਾ ਅਤੇ ਉਸ ਦੀ ਦਸਤਾਰ ਤੇ ਕੇਸਾਂ ਬਾਰੇ ਅਪਸ਼ਬਦ ਬੋਲਣਾ ਬੇਹੱਦ ਮੰਦਭਾਗਾ ਹੈ। ਅਜਿਹੀਆਂ ਘਟਨਾਵਾਂ ਨਾਲ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਅੰਦਰ ਡਰ ਦੀ ਭਾਵਨਾ ਬਣੀ ਹੋਈ ਹੈ। ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਸਗੋਂ ਇਸ ਤੋਂ ਪਹਿਲਾਂ ਵੀ ਕਈ ਦੇਸ਼ਾਂ ਅੰਦਰ ਸਿੱਖਾਂ ਨੂੰ ਨਸਲੀ ਵਿਤਕਰੇ ਦਾ ਨਿਸ਼ਾਨਾ ਬਣਾਇਆ ਗਿਆ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖ ਭਰਾਤਰੀ ਭਾਈਚਾਰੇ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਸਰਬੱਤ ਦੇ ਭਲੇ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਹਰ ਲੋੜਵੰਦ ਦੀ ਸਹਾਇਤਾ ਲਈ ਤੱਤਪਰ ਰਹਿੰਦੇ ਹਨ। ਵਿਦੇਸ਼ਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸਿੱਖਾਂ ਨੇ ਆਪਣੀ ਕਰੜੀ ਮਿਹਨਤ ਨਾਲ ਯੋਗਦਾਨ ਪਾਇਆ ਹੈ। ਮਿਹਨਤੀ ਅਤੇ ਲੋੜਵੰਦਾਂ ਦੀ ਮਦਦ ਕਰਨ ਵਾਲੇ ਸਿੱਖਾਂ ਨੂੰ ਨਫ਼ਰਤ ਨਾਲ ਦੇਖਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਇਸ ਵਰਤਾਰੇ ਨੂੰ ਠੱਲ੍ਹਣ ਲਈ ਵਿਦੇਸ਼ਾਂ ਦੀਆਂ ਸਰਕਾਰਾਂ ਦੀ ਭੂਮਿਕਾ ਨੂੰ ਸਹੀ ਦਿਸ਼ਾ ਦੇਣ ਲਈ ਭਾਰਤ ਸਰਕਾਰ ਪਹਿਲਕਦਮੀ ਕਰੇ। ਵਿਦੇਸ਼ ਮੰਤਰਾਲਾ ਇਸ ਸੰਜੀਦਾ ਮਸਲੇ 'ਤੇ ਬਣਦੀ ਜ਼ਿੰਮੇਵਾਰੀ ਨਿਭਾਵੇ।

## ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਿੰਘ ਸਾਹਿਬ ਭਾਈ ਜਸਵੰਤ ਸਿੰਘ ਦੇ ਚਲਾਣੇ 'ਤੇ ਦੁੱਖ ਪ੍ਰਗਟਾਇਆ

ਸ੍ਰੀ ਅੰਮ੍ਰਿਤਸਰ, ੨੭ ਸਤੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੰਤ ਸਿੰਘ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ

ਪ੍ਰਗਟਾਵਾ ਕੀਤਾ ਹੈ। ਜ਼ਿਕਰਯੋਗ ਹੈ ਕਿ ਸਿੰਘ ਸਾਹਿਬ ਭਾਈ ਜਸਵੰਤ ਸਿੰਘ ਬੀਤੇ ਦਿਨੀਂ ਕੈਨੇਡਾ ਵਿਖੇ ਅਕਾਲ ਚਲਾਣਾ ਕਰ ਗਏ ਸਨ। ਭਾਈ ਜਸਵੰਤ ਸਿੰਘ ਨੇ ਦਮਦਮੀ ਟਕਸਾਲ ਦੇ ਤਤਕਾਲੀ ਮੁਖੀ ਸੰਤ ਬਾਬਾ ਕਰਤਾਰ ਸਿੰਘ ਭਿੰਡਰਾਂਵਾਲਿਆਂ ਨਾਲ ਵਿਚਰਦਿਆਂ ਧਾਰਮਿਕ ਖੇਤਰ ਵਿਚ ਪ੍ਰਵੀਨਤਾ ਹਾਸਲ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਉਨ੍ਹਾਂ ਦੇ ਚਲਾਣੇ ਨੂੰ ਪੰਥਕ ਘਾਟਾ ਕਰਾਰ ਦਿੰਦਿਆਂ ਆਖਿਆ ਕਿ ਧਰਮ ਪ੍ਰਚਾਰ ਦੇ ਖੇਤਰ ਵਿਚ ਭਾਈ ਜਸਵੰਤ ਸਿੰਘ ਨੇ ਉਚੇਚੇ ਯਤਨ ਕੀਤੇ। ਉਹ ਕੈਨੇਡਾ ਵਿਖੇ ਵੀ ਸਿੱਖੀ ਦੇ ਪ੍ਰਚਾਰ ਲਈ ਲਗਾਤਾਰ ਕਾਰਜਸ਼ੀਲ ਰਹੇ। ਉਨ੍ਹਾਂ ਸਿੰਘ ਸਾਹਿਬ ਭਾਈ ਜਸਵੰਤ ਸਿੰਘ ਦੇ ਪਰਵਾਰ ਨਾਲ ਹਮਦਰਦੀ ਪ੍ਰਗਟਾਵਾ ਕੀਤਾ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸਾਨਾਂ ਦੇ ਹਰ ਸੰਘਰਸ਼ ਵਿਚ ਸਾਥ ਦੇਵੇਗੀ- ਭਾਈ ਗੋਬਿੰਦ ਸਿੰਘ ਲੌਂਗੋਵਾਲ

### ਕਿਸਾਨਾਂ ਦੇ ਧਰਨਿਆਂ ਦੌਰਾਨ ਗੁਰੂ-ਘਰਾਂ ਤੋਂ ਭੇਜਿਆ ਜਾਵੇਗਾ ਲੰਗਰ

ਸ੍ਰੀ ਅੰਮ੍ਰਿਤਸਰ, ੨੭ ਸਤੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਐਲਾਨ ਕੀਤਾ ਹੈ ਕਿ ਕਿਸਾਨਾਂ ਵੱਲੋਂ ਅਰੰਭੇ ਗਏ ਸੰਘਰਸ਼ ਵਿਚ ਹਰ ਪੱਧਰ 'ਤੇ ਸ਼੍ਰੋਮਣੀ ਕਮੇਟੀ ਸਾਥ ਦੇਵੇਗੀ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਭਾਰਤ ਸਰਕਾਰ ਵੱਲੋਂ ਕਿਸਾਨ ਵਿਰੋਧੀ ਬਿੱਲਾਂ ਨਾਲ ਕਿਸਾਨਾਂ ਅੰਦਰ ਭਾਰੀ ਰੋਸ ਦੀ ਭਾਵਨਾ ਬਣੀ ਹੋਈ ਹੈ ਅਤੇ ਇਸ ਸੰਘਰਸ਼ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਪੱਧਰ 'ਤੇ ਕਿਸਾਨਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ੨੫ ਸਤੰਬਰ ਨੂੰ ਕਿਸਾਨਾਂ ਵੱਲੋਂ ਕੀਤੇ ਗਏ ਬੰਦ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਬੰਦ ਰੱਖੇ ਗਏ ਸਨ ਅਤੇ ਅੱਗੋਂ ਵੀ ਕਿਸਾਨਾਂ ਦੀ ਹਮਾਇਤ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਸਾਰੇ ਗੁਰਦੁਆਰਾ ਸਾਹਿਬਾਨ ਤੋਂ ਕਿਸਾਨ ਧਰਨਿਆਂ ਵਿਚ ਲੰਗਰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਲੜਾਈ ਇਕੱਲੇ ਕਿਸਾਨਾਂ ਦੀ ਨਹੀਂ ਹੈ, ਸਗੋਂ ਹਰ ਵਰਗ ਦੀ ਹੈ। ਕਿਉਂਕਿ ਕਿਸਾਨੀ ਦੇਸ਼ ਦੀ ਰੀੜ ਦੀ ਹੱਡੀ ਹੈ ਅਤੇ ਦੇਸ਼ ਦਾ ਹਰ ਬਸ਼ਿੰਦਾ ਸਿੱਧੇ-ਅਸਿੱਧੇ ਤਰੀਕੇ ਨਾਲ ਕਿਸਾਨੀ ਨਾਲ ਜੁੜਿਆ ਹੋਇਆ ਹੈ। ਜੇਕਰ ਦੇਸ਼ ਦੀ ਕਿਸਾਨੀ ਹੀ ਬਰਬਾਦ ਕਰ ਦਿੱਤੀ ਗਈ ਤਾਂ ਦੇਸ਼ ਦਾ ਪਿੱਛੇ ਜਾਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਕਿਸਾਨ ਵਿਰੋਧੀ ਕਾਲੇ ਬਿੱਲਾਂ ਨਾਲ ਪੰਜਾਬ ਨੂੰ ਸਭ ਤੋਂ ਵੱਡਾ ਨੁਕਸਾਨ ਹੋਵੇਗਾ, ਕਿਉਂਕਿ ਪੰਜਾਬ ਮੁੱਖ ਤੌਰ 'ਤੇ ਖੇਤੀ ਆਧਾਰਿਤ ਸੂਬਾ ਹੈ। ਕੇਂਦਰ ਸਰਕਾਰ ਦਾ ਇਹ ਕਿਸਾਨ ਮਾਰੂ ਫੈਸਲਾ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਇਸ

ਸੰਕਟਮਈ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸਾਨ ਸੰਘਰਸ਼ ਵਿਚ ਹਰ ਤਰ੍ਹਾਂ ਨਾਲ ਹੈ ਅਤੇ ਕਿਸਾਨਾਂ ਦਾ ਹਰ ਪੱਧਰ 'ਤੇ ਸਾਥ ਦਿੱਤਾ ਜਾਵੇਗਾ।

## ਸ਼੍ਰੋਮਣੀ ਕਮੇਟੀ ਦਾ ੯ ਅਰਬ ੮੧ ਕਰੋੜ ੯੪ ਲੱਖ ੮੦ ਹਜ਼ਾਰ ੫੦੦ ਰੁਪਏ ਦਾ ਸਾਲਾਨਾ ਬਜਟ ਪਾਸ

ਸ੍ਰੀ ਅੰਮ੍ਰਿਤਸਰ, ੨੮ ਸਤੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਏ ਜਨਰਲ ਇਜਲਾਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲ ੨੦੨੦-੨੧ ਦਾ ੯ ਅਰਬ ੮੧ ਕਰੋੜ ੯੪ ਲੱਖ ੮੦ ਹਜ਼ਾਰ ੫੦੦ ਰੁਪਏ ਦਾ ਸਾਲਾਨਾ ਬਜਟ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਬਜਟ ਨੂੰ ਹਾਜ਼ਰ ਮੈਬਰਾਂ ਨੇ ਜੈਕਾਰੇ ਗਜਾ ਕੇ ਪ੍ਰਵਾਨਗੀ ਦਿੱਤੀ। ਬਜਟ ਵਿਚ ਜਨਰਲ ਬੋਰਡ ਫੰਡ ਲਈ ੫੭ ਕਰੋੜ ਰੁਪਏ, ਟਰੱਸਟ ਫੰਡ ਲਈ ੩੭ ਕਰੋੜ ੬੧ ਲੱਖ ਰੁਪਏ, ਵਿੱਦਿਆ ਫੰਡ ੨੮ ਕਰੋੜ ੪੪ ਲੱਖ ਰੁਪਏ, ਧਰਮ ਪ੍ਰਚਾਰ ਕਮੇਟੀ ਲਈ ੫੮ ਕਰੋੜ ਰੁਪਏ, ਪ੍ਰਿੰਟਿੰਗ ਪ੍ਰੈੱਸਾਂ ਲਈ ੮ ਕਰੋੜ ੨ ਲੱਖ ਰੁਪਏ, ਵਿੱਦਿਅਕ ਅਦਾਰਿਆਂ ਲਈ ੨ ਅਰਬ ੧੫ ਕਰੋੜ ਰੁਪਏ, ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਲਈ ੮੭ ਲੱਖ ੮੦ ਹਜ਼ਾਰ ੫੦੦ ਰੁਪਏ, ਗੁਰਦੁਆਰਾ ਸਾਹਿਬਾਨ ਸੈਕਸ਼ਨ-੮੫ ਲਈ ੫ ਅਰਬ ੭੭ ਕਰੋੜ ਰੁਪਏ ਰੱਖੇ ਗਏ ਹਨ। ਦੱਸਣਯੋਗ ਹੈ ਕਿ ਕੋਰੋਨਾ ਮਹਾਂਮਾਰੀ ਦੇ ਪ੍ਰਭਾਵ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਸ ਵਾਰ ਦਾ ਬਜਟ ਪਿਛਲੇ ਸਾਲ ਨਾਲੋਂ ੧੯.੫੧ ਫੀਸਦੀ ਘੱਟ ਰਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਜਟ ਇਜਲਾਸ ਹਰ ਸਾਲ ਮਾਰਚ ਮਹੀਨੇ ਵਿਚ ਕੀਤਾ ਜਾਂਦਾ ਹੈ, ਪਰੰਤੂ ਇਸ ਵਾਰ ਕੋਰੋਨਾ ਕਾਰਨ ਸੰਭਵ ਨਹੀਂ ਸੀ ਹੋ ਸਕਿਆ। ਇਸ ਦੇ ਚੱਲਦਿਆਂ ਅੰਤ੍ਰਿੰਗ ਕਮੇਟੀ ਵੱਲੋਂ ਹੀ ਦੋ ਵਾਰ ਤਿੰਨ-ਤਿੰਨ ਮਹੀਨਿਆਂ ਦੇ ਖਰਚਿਆਂ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਰਹੀ ਸੀ।

ਇਤਿਹਾਸਿਕ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦੁਪਹਿਰ ੧:੦੦ ਵਜੇ ਸ਼ੁਰੂ ਹੋਏ ਬਜਟ ਇਜਲਾਸ ਮੌਕੇ ਅਰੰਭਤਾ ਦੀ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੀਤੀ, ਜਦਕਿ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਲਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਪਰੰਪਰਾ ਅਨੁਸਾਰ ਬਜਟ ਇਜਲਾਸ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਸਕੱਤਰ

ਸ. ਮਹਿੰਦਰ ਸਿੰਘ ਆਹਲੀ ਨੇ ਸ਼ੁਰੂ ਕੀਤੀ।

ਬਜਟ ਇਜਲਾਸ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਬਜਟ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਬੇਸ਼ੱਕ ਬਜਟ ਕੋਰੋਨਾ ਕਾਰਨ ਪ੍ਰਭਾਵਿਤ ਹੋਇਆ ਹੈ, ਪਰੰਤੂ ਫਿਰ ਵੀ ਬਜਟ ਸੰਗਤ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਹੈ। ਇਸ ਵਿਚ ਹਰ ਪੱਖ ਨੂੰ ਤਵੱਜੋਂ ਦਿੱਤੀ ਗਈ ਹੈ। ਆ ਰਹੀਆਂ ਸ਼ਤਾਬਦੀਆਂ, ਅੰਮ੍ਰਿਤਧਾਰੀ ਬੱਚਿਆਂ, ਸਿਕਲੀਗਰ ਅਤੇ ਵਣਜਾਰੇ ਸਿੱਖਾਂ, ਗੁਰਸਿੱਖ ਖਿਡਾਰੀਆਂ ਅਤੇ ਮੁਕਾਬਲਾ ਪ੍ਰੀਖਿਆਵਾਂ ਵਿਚ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਸਿੱਖ ਨੌਜੁਆਨਾਂ ਲਈ ਬਜਟ ਵਿਚ ਵਿਸ਼ੇਸ਼ ਰਾਸ਼ੀ ਰੱਖੀ ਗਈ ਹੈ। ਵਾਤਾਵਰਣ ਦੀ ਸ਼ੁੱਧਤਾ, ਕੁਦਰਤੀ ਆਫਤਾਂ, ਵਿੱਦਿਅਕ ਅਦਾਰਿਆਂ ਦੇ ਨਾਲ-ਨਾਲ ਕੁਦਰਤੀ ਖੇਤੀ ਨੂੰ ਪ੍ਰਫੁੱਲਤ ਕਰਨਾ ਬਜਟ ਦਾ ਮੁੱਖ ਏਜੰਡਾ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕ ਨਵੀਂ ਪਹਿਲ ਕਰਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਥਿਤ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਅੰਦਰ ੨੦੦ ਸਿੱਖ ਲੜਕੀਆਂ ਨੂੰ ਮੁਫ਼ਤ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਬਜਟ ਵਿਚ ਇਸ ਕਾਰਜ ਲਈ ਵਿਸ਼ੇਸ਼ ਰਾਸ਼ੀ ਰੱਖੀ ਗਈ ਹੈ। ਇਸ ਤਹਿਤ ਦਾਖ਼ਲ ਕੀਤੀਆਂ ਜਾਣ ਵਾਲੀਆਂ ਲੜਕੀਆਂ ਵਿੱਚੋਂ ੧੦ ਫੀਸਦੀ ਕੋਟਾ ਰਾਗੀਆਂ, ਢਾਡੀਆਂ, ਪ੍ਰਚਾਰਕਾਂ, ਗ੍ਰੰਥੀਆਂ ਅਤ ਅਖੰਡਪਾਠੀਆਂ ਦੀਆਂ ਬੱਚੀਆਂ ਲਈ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ੫ ਫੀਸਦੀ ਕੋਟਾ ਆਰਥਿਕ ਤੌਰ 'ਤੇ ਕਮਜ਼ੋਰ ਗੁਰਸਿੱਖ ਪਰਵਾਰਾਂ ਦੀਆਂ ਲੜਕੀਆਂ ਲਈ ਹੋਵੇਗਾ।

ਉਨ੍ਹਾਂ ਦੱਸਿਆ ਕਿ ਆ ਰਹੀਆਂ ਸ਼ਤਾਬਦੀਆਂ ਲਈ ਬਜਟ ਵਿਚ ੩ ਕਰੋੜ ੪੫ ਲੱਖ ੭੦ ਹਜ਼ਾਰ ਰੁਪਏ ਰੱਖੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ੧੦੦ ਸਾਲਾ ਸਥਾਪਨਾ ਦਿਵਸ, ਭਾਈ ਤਾਰੂ ਸਿੰਘ ਜੀ ੩੦੦ ਸਾਲਾ ਜਨਮ ਦਿਹਾੜਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ੪੦੦ ਸਾਲਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਯੋਜਨਾ ਤਿਆਰ ਕੀਤੀ ਗਈ ਹੈ। ਇਸੇ ਤਰ੍ਹਾਂ ਗੁਰਸਿੱਖ ਖਿਡਾਰੀਆਂ ਅਤੇ ਖੇਡਾਂ ਲਈ ੯੦ ਲੱਖ ਰੁਪਏ ਅਤੇ ਕੁਦਰਤੀ ਆਫਤਾਂ ਲਈ ੯੬ ਲੱਖ ਰੁਪਏ ਰੱਖੇ ਗਏ ਹਨ। ਸਿਕਲੀਗਰ ਵਣਜਾਰੇ ਸਿੱਖਾਂ ਅਤੇ ਪੰਜਾਬ ਤੋਂ ਬਾਹਰ ਗੁਰਦੁਆਰਿਆਂ, ਸਕੂਲਾਂ ਆਦਿ ਲਈ ੫ ਕਰੋੜ ੩੦ ਲੱਖ ਰੁਪਏ, ਆਰਿਥਕ ਪੱਖੋਂ ਕਮਜ਼ੋਰ ਲੋਕਾਂ ਅਤੇ ਗ਼ਰੀਬ ਬੱਚਿਆਂ ਦੀ ਪੜ੍ਹਾਈ ਲਈ ੧ ਕਰੋੜ ੫੦ ਲੱਖ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਦੀ ਖੋਜ, ਲਿਖਾਈ ਤੇ ਛਪਾਈ ਆਦਿ ਲਈ ੫ ਲੱਖ ੭੦ ਹਜ਼ਾਰ ਰੁਪਏ ਰੱਖੇ ਹਨ। ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਫੀਸਾਂ ਲਈ ਵੀ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ

ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਅੰਬਾਲਾ ਲਈ ੧੪ ਕਰੋੜ ੨੦ ਲੱਖ ਰੁਪਏ ਬਜਟ ਵਿਚ ਰੱਖੇ ਗਏ ਹਨ। ਅੰਮ੍ਰਿਤਧਾਰੀ ਬੱਚਿਆਂ ਦੀ ਪੜ੍ਹਾਈ ਲਈ ਵੀ ਪ੍ਰਬੰਧ ਕੀਤਾ ਗਿਆ ਹੈ।

ਬਜਟ ਇਜਲਾਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਬੀਬੀ ਕਿਰਨਜੋਤ ਕੌਰ, ਸ. ਸੇਵਾ ਸਿੰਘ ਸੇਖਵਾਂ, ਸ. ਗੁਰਪ੍ਰੀਤ ਸਿੰਘ (ਰੰਧਾਵਾ) ਅਤੇ ਸ. ਬਲਵਿੰਦਰ ਸਿੰਘ (ਬੈਂਸ) ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਖਜਿੰਦਰ ਸਿੰਘ ਦਾ ਅਕਾਲ ਚਲਾਣਾ

## ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤਾ ਅਫ਼ਸੋਸ ਪ੍ਰਗਟ

ਸ੍ਰੀ ਅੰਮ੍ਰਿਤਸਰ, *੭* ਅਕਤੂਬਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ ਅਕਾਲ ਚਲਾਣਾ ਕਰ ਗਏ। ਉਹ ਬੀਤੇ ਕੁਝ ਦਿਨਾਂ ਤੋਂ ਸਿਹਤ ਨਾਸਾਜ਼ ਹੋਣ ਕਾਰਨ ਸਥਾਨਕ ਇਕ ਹਸਪਤਾਲ ਵਿਚ ਜ਼ੇਰੇ-ਇਲਾਜ਼ ਸਨ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਦੀ ਖ਼ਬਰ ਨਾਲ ਸਿੱਖ ਸੰਗਤ ਅੰਦਰ ਸੋਗ ਦੀ ਲਹਿਰ ਫੈਲ ਗਈ। ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਸਿੱਖ ਪੰਥ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ ਦੇ ਗ੍ਰਹਿ ਵਿਖੇ ਪੁੱਜ ਕੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਗਿਆਨੀ ਸੁਖਜਿੰਦਰ ਸਿੰਘ ਦਾ ਚਲਾਣਾ ਸਿੱਖ ਹਲਕਿਆਂ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਵੀ ਸਿੰਘ ਸਾਹਿਬ ਦੇ ਪਰਵਾਰ ਨਾਲ ਅਫ਼ਸੋਸ ਪ੍ਰਗਟ ਕੀਤਾ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ, ਸਿੰਘ ਸਾਹਿਬ ਗਿਆਨੀ ਮਾਨ ਸਿੰਘ ਸਮੇਤ ਹੋਰ ਸਿੰਘ ਸਾਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਸ. ਹਰਜਿੰਦਰ

ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਅੰਤ੍ਰਿੰਗ ਮੈਂਬਰਾਨ ਨੇ ਚਲਾਣੇ 'ਤੇ ਹਮਦਰਦੀ ਪ੍ਰਗਟਾਈ। ਅਫ਼ਸੋਸ ਪ੍ਰਗਟ ਕਰਨ ਵਾਲਿਆਂ ਵਿਚ ਅੰਤ੍ਰਿੰਗ ਮੈਂਬਰ ਸ. ਜਗਸੀਰ ਸਿੰਘ ਮਾਂਗੇਆਣਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ ਮਨਜੀਤ ਸਿੰਘ ਆਦਿ ਸ਼ਾਮਲ ਸਨ।

ਗਿਆਨੀ ਸੁਖਜਿੰਦਰ ਸਿੰਘ ਦੇ ਚਲਾਣੇ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਸ਼ੋਕ ਸਭਾ

ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਇਕ ਸ਼ੋਕ ਸਭਾ ਕੀਤੀ ਗਈ। ਇਸ ਮੌਕੇ ਵਿਛੜੀ ਰੂਹ ਨਮਿਤ ਮੂਲਮੰਤਰ ਤੇ ਗੁਰਮੰਤਰ ਦੇ ਪਾਠ ਮਗਰੋਂ ਅਰਦਾਸ ਕੀਤੀ ਗਈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਮਹਿੰਦਰ ਸਿੰਘ ਆਹਲੀ ਅਤੇ ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਨੇ ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ੋਕ ਸਭਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਤੇ ਸ. ਪ੍ਰਤਾਪ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਸ. ਕੁਲਵਿੰਦਰ ਸਿੰਘ ਰਮਦਾਸ, ਮੀਤ ਸਕੱਤਰ ਸ. ਸਕੱਤਰ ਸਿੰਘ, ਸ. ਸਿਮਰਜੀਤ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਹਰਜਿੰਦਰ ਸਿੰਘ ਕੈਰੋਂਵਾਲ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਮੀਤ ਸਿੰਘ ਬੁੱਟਰ, ਮੈਨੇਜਰ ਸ. ਮੁਖਤਾਰ ਸਿੰਘ, ਸੰਪਾਦਕ ਸਤਵਿੰਦਰ ਸਿੰਘ ਫੂਲਪੁਰ, ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ ਆਦਿ ਮੌਜੂਦ ਸਨ। ਗਿਆਨੀ ਸੁਖਜਿੰਦਰ ਸਿੰਘ ਦੇ ਅਕਾਲ ਚਲਾਣੇ ਦੇ ਸੋਗ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਬਾਅਦ ਦੁਪਹਿਰ ਅੱਧਾ ਦਿਨ ਲਈ ਬੰਦ ਰੱਖੇ ਗਏ।

## ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਦੀ ੩੦੦-ਸਾਲਾ ਜਨਮ ਸ਼ਤਾਬਦੀ ਮੌਕੇ ਸਮਾਗਮ ਆਯੋਜਿਤ

## ਸਿੱਖ ਨੌਜੁਆਨੀ ਭਾਈ ਤਾਰੂ ਸਿੰਘ ਜੀ ਦੇ ਜੀਵਨ ਤੋਂ ਦਿਸ਼ਾ ਨਿਰਧਾਰਿਤ ਕਰੇ- ਗਿਆਨੀ ਹਰਪ੍ਰੀਤ ਸਿੰਘ

ਸ੍ਰੀ ਅੰਮ੍ਰਿਤਸਰ, ੯ ਅਕਤੂਬਰ : ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ੩੦੦-ਸਾਲਾ ਜਨਮ ਦਿਹਾੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧ ਵਿਚ ਭਾਈ ਤਾਰੂ ਸਿੰਘ ਜੀ ਦੇ ਨਗਰ ਪੂਹਲਾ ਵਿਖੇ ਸਥਿਤ ਗੁਰਦੁਆਰਾ ਤਪ ਅਸਥਾਨ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕੀਤੇ ਗਏ, ਜਿਸ ਵਿਚ ਸਿੱਖ ਕੌਮ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਨਾਮਵਰ ਰਾਗੀ, ਢਾਡੀ, ਕਵੀਸ਼ਰ ਜਥਿਆਂ ਨੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਅਤੇ ਗੁਰਬਾਣੀ ਕੀਰਤਨ ਨਾਲ ਜੋੜਿਆ। ਸਮਾਗਮ ਦੌਰਾਨ ਉਚੇਚੇ ਤੌਰ 'ਤੇ ਪੁੱਜੇ ਸ੍ਰੀ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਭਾਈ ਤਾਰੂ ਸਿੰਘ ਜੀ ਦਾ ਜੀਵਨ ਸਿੱਖ ਜਗਤ ਲਈ ਪ੍ਰੇਰਨਾ ਦਾ ਉਹ ਸੋਮਾ ਹੈ, ਜੋ ਸਿੱਖੀ ਦੀ ਚੜ੍ਹਦੀ ਕਲਾ ਲਈ ਕਾਰਜਸ਼ੀਲ ਰਹਿਣ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਆਖਿਆ ਕਿ ਅਜੋਕੀ ਸਿੱਖ ਨੌਜੁਆਨੀ ਆਪਣੇ ਮਹਾਨ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈ ਕੇ ਦਿਸ਼ਾ-ਨਿਰਧਾਰਿਤ ਕਰਨੀ ਚਾਹੀਦੀ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੇ ਸੰਬੋਧਨ ਦੌਰਾਨ ਸਿੱਖ ਕੌਮ ਨੂੰ ਇੱਕਜੁਟ ਹੋਣ ਦਾ ਸੰਦੇਸ਼ ਵੀ ਦਿੱਤਾ। ਉਨ੍ਹਾਂ ਆਖਿਆ ਕਿ ਵਰਤਮਾਨ ਸਮੇਂ ਅੰਦਰ ਸਿੱਖ ਕੌਮ ਨੂੰ ਦਰਪੇਸ਼ ਸਮੱਸਿਆਵਾਂ ਦਾ ਇੱਕੋ ਇਕ ਹੱਲ ਕੌਮੀ ਏਕਤਾ ਹੀ ਹੈ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਜਿੱਥੇ ਸੰਗਤ ਨੂੰ ਭਾਈ ਤਾਰੂ ਸਿੰਘ ਜੀ ਦੇ ੩੦੦-ਸਾਲਾ ਜਨਮ ਦਿਹਾੜੇ ਦੀ ਵਧਾਈ ਦਿੱਤੀ, ਉੱਥੇ ਹੀ ਗੁਰਬਾਣੀ ਦੀ ਸੇਧ ਵਿਚ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾ ਕੇ ਸਿੱਖ ਜਾਚ ਨੂੰ ਹੋਰ ਦ੍ਰਿੜ੍ਹ ਕੀਤਾ। ਸਮਾਗਮ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ ਤੇ ਭਾਈ ਅਜਾਇਬ ਸਿੰਘ ਅਭਿਆਸੀ ਸਮੇਤ ਹੋਰਾਂ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਸਮੇਂ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਾਏ ਸਿੰਘ ਤੇ ਭਾਈ ਸਤਿੰਦਰਬੀਰ ਸਿੰਘ ਅਤੇ ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਾਲਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਢਾਡੀ ਤੇ ਕਵੀਸ਼ਰ ਜਥਿਆਂ ਨੇ ਸੰਗਤ ਨੂੰ ਇਤਿਹਾਸ ਨਾਲ ਜੋੜਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਅਵਤਾਰ ਸਿੰਘ ਘਰਿਆਲਾ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਸ. ਵਿਰਸਾ ਸਿੰਘ ਵਲਟੋਹਾ, ਭਾਈ ਮਨਜੀਤ ਸਿੰਘ, ਸ. ਗੁਰਪ੍ਰੀਤ ਸਿੰਘ ਝੱਬਰ, ਭਾਈ ਅਜਾਇਬ ਸਿੰਘ ਅਭਿਆਸੀ, ਸ. ਬਾਵਾ ਸਿੰਘ ਗੁਮਾਨਪੁਰਾ, ਬਾਬਾ ਨਿਰਮਲ ਸਿੰਘ, ਭਾਈ ਹਰਮਿੱਤਰ ਸਿੰਘ, ਭਾਈ ਕੁਲਵੰਤ ਸਿੰਘ ਗੋਇੰਦਵਾਲ ਸਾਹਿਬ, ਬਾਬਾ ਸੋਹਣ ਸਿੰਘ ਬੀੜ ਸਾਹਿਬ ਵਾਲੇ, ਬਾਬਾ ਸੁਖਚੈਨ ਸਿੰਘ, ਬਾਬਾ ਰਘਬੀਰ ਸਿੰਘ, ਭਾਈ ਸੁਖਜੀਤ ਸਿੰਘ ਬੁੱਢਾ ਦਲ, ਬਾਬਾ ਸ਼ਿੰਦਾ ਸਿੰਘ ਭਿੱਖੀਵਿੰਡ, ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀਵਾਲੇ, ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਸਿਮਰਜੀਤ ਸਿੰਘ, ਸ. ਹਰਜੀਤ ਸਿੰਘ ਲਾਲੂਘੁੰਮਣ, ਮੈਨੇਜਰ ਸ. ਰਾਜਿੰਦਰ ਸਿੰਘ

ਰੂਬੀ, ਸ. ਪਰਮਜੀਤ ਸਿੰਘ, ਸ. ਜਗੀਰ ਸਿੰਘ, ਸ. ਸੁਖਵੰਤ ਸਿੰਘ ਸਰਪੰਚ, ਬਾਬਾ ਮੌਜ ਦਾਸ, ਭਾਈ ਭਗਵੰਤ ਸਿੰਘ ਸੂਰਵਿੰਡ, ਭਾਈ ਗੁਰਿੰਦਰਪਾਲ ਸਿੰਘ ਬੈਂਕਾ, ਭਾਈ ਜਸਵਿੰਦਰ ਸਿੰਘ ਸ਼ਹੂਰ, ਭਾਈ ਜਗਦੇਵ ਸਿੰਘ ਹੈੱਡ ਪ੍ਰਚਾਰਕ, ਭਾਈ ਗੁਰਬਚਨ ਸਿੰਘ ਕਲਸੀਆਂ, ਭਾਈ ਮਨਬੀਰ ਸਿੰਘ ਪਹੂਵਿੰਡ ਸਮੇਤ ਵੱਡੀ ਗਿਣਤੀ ਵਿਚ ਸੰਗਤ ਮੌਜੂਦ ਸੀ।

## ਦੇਸ਼ ਦੇ ਸੱਭਿਆਚਾਰ ਨੂੰ ਬਚਾਉਣ ਵਾਲੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੀ ਤੌਹੀਨ ਬਰਦਾਸ਼ਤ ਨਹੀਂ-ਭਾਈ ਗੋਬਿੰਦ ਸਿੰਘ ਲੌਂਗੋਵਾਲ

## ਪੱਛਮੀ ਬੰਗਾਲ ’ਚ ਸਿੱਖ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਦਾ ਲਿਆ ਸਖ਼ਤ ਨੋਟਿਸ

ਸ੍ਰੀ ਅੰਮ੍ਰਿਤਸਰ, ੧੦ ਅਕਤੂਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪੱਛਮੀ ਬੰਗਾਲ ’ਚ ਪੁਲਿਸ ਵੱਲੋਂ ਇਕ ਸਿੱਖ ਸੁਰੱਖਿਆ ਮੁਲਾਜ਼ਮ ਦੀ ਦਸਤਾਰ ਉਤਾਰਨ ਅਤੇ ਕੇਸਾਂ ਦੀ ਬੇਅਦਬੀ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਦਸਤਾਰ ਸਿੱਖ ਦਾ ਗੌਰਵ ਹੈ ਅਤੇ ਇਸੇ ਦਸਤਾਰ ਨੇ ਹੀ ਦੇਸ਼ ਦੇ ਸੱਭਿਆਚਾਰ ਨੂੰ ਬਚਾਉਣ ਵਿਚ ਵੱਡੀ ਭੂਮਿਕਾ ਨਿਭਾਈ। ਦੇਸ਼ ਦੀ ਅਜ਼ਾਦੀ ਵਿਚ ੮੦ ਫੀਸਦੀ ਤੋਂ ਵੱਧ ਯੋਗਦਾਨ ਸਿੱਖਾਂ ਨੇ ਪਾਇਆ, ਪਰੰਤੂ ਹੈਰਾਨੀ ਵਾਲੀ ਗੱਲ ਹੈ ਕਿ ਸਿੱਖਾਂ ਦੀ ਦਸਤਾਰ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੱਛਮੀ ਬੰਗਾਲ ਅੰਦਰ ਸਿੱਖ ਸੁਰੱਖਿਆ ਕਰਮੀ ਦੇ ਕੇਸਾਂ ਅਤੇ ਦਸਤਾਰ ਦੀ ਬੇਅਦਬੀ ਨੇ ਪੂਰੇ ਸਿੱਖ ਜਗਤ ਅੰਦਰ ਰੋਸ ਪੈਦਾ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਕਈ ਥਾਵਾਂ ’ਤੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਭਾਰਤ ਸਰਕਾਰ ਨੂੰ ਸਿੱਖਾਂ ਦੀ ਸੁਰੱਖਿਆ ਲਈ ਕਈ ਵਾਰ ਪੱਤਰ ਵੀ ਲਿਖੇ ਜਾ ਚੁੱਕੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸਾਂ ਅੰਦਰ ਵੀ ਇਸ ਬਾਰੇ ਮਤੇ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾਂਦੇ ਹਨ। ਉਨ੍ਹਾਂ ਆਖਿਆ ਕਿ ਕਿਸੇ ਸਿੱਖ ਦੀ ਦਸਤਾਰ ਦੀ ਤੌਹੀਨ ਪੂਰੇ ਦੇਸ਼ ਦੀ ਤੌਹੀਨ ਹੈ। ਭਾਰਤ ਸਰਕਾਰ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਚਾਹੀਦਾ ਹੈ ਕਿ ਅਜਿਹੇ ਮਾਮਲਿਆਂ ਸਬੰਧੀ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਹਰ ਸੂਬੇ ਅੰਦਰ ਸਿੱਖਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਚਿੰਨ੍ਹਾਂ ਦਾ ਸਤਿਕਾਰ ਲਾਜ਼ਮੀ ਬਣਾਉਣ ਲਈ ਠੋਸ ਕਦਮ ਚੁੱਕਣ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪੱਛਮੀ ਬੰਗਾਲ ਦੀ ਘਟਨਾ ਦੇ ਦੋਸ਼ੀਆਂ ’ਤੇ ਸਖ਼ਤ ਕਾਰਵਾਈ ਦੀ ਮੰਗ ਵੀ ਕੀਤੀ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਨਾਇਆ ਬਾਬਾ ਬੰਦਾ ਸਿੰਘ ਬਹਾਦਰ ਦਾ ੩੫੦ਵਾਂ ਜਨਮ ਦਿਹਾੜਾ

੧੮ ਅਕਤੂਬਰ, ਫਤਿਹਗੜ੍ਹ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਯੋਗ ਅਗਵਾਈ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ੩੫੦ਵੇਂ ਜਨਮ ਦਿਹਾੜੇ ਨੂੰ ਸਮਰਪਿਤ ਬਾਬਾ ਬੰਦਾ ਸਿੰਘ ਬਹਾਦਰ ਇੰਜੀ: ਕਾਲਜ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕਰਵਾਇਆ ਗਿਆ।

ਗੁਰਮਤਿ ਸਮਾਗਮ ਦੀ ਅਰੰਭਤਾ ਦੌਰਾਨ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਅਤੇ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੁਗ਼ਲ ਸਾਮਰਾਜ ਦੇ ਵਧਦੇ ਜ਼ੁਲਮ ਅਤੇ ਗ਼ਰੀਬ ਲੋਕਾਂ ਨੂੰ ਇਨਸਾਫ਼ ਦਵਾਉਣ ਲਈ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਦਲੇਰੀ ਅਤੇ ਬਹਾਦਰੀ ਨਾਲ ਨਿਭਾਈ ਭੂਮਿਕਾ ਨਾਲ ਸਿੱਖ ਰਾਜ ਦੀ ਸਥਾਪਨਾ ਕਰਨਾ ਖ਼ਾਲਸੇ ਦੀ ਹੋਂਦ ਹਸਤੀ ਦਾ ਪ੍ਰਤੀਕ ਹੈ।

ਸਿੰਘ ਸਾਹਿਬ ਨੇ ਕਿਹਾ ਕਿ ਕੌਮ ਦੀ ਸ਼ਕਤੀ ਨੂੰ ਇਕ ਕਰਨ ਲਈ ਦਲੇਰੀ ਅਤੇ ਬਹਾਦਰੀ ਨਾਲ ਅਡੋਲ ਰਹਿੰਦਿਆਂ ਧਰਮ ਦੇ ਬਾਗ਼ ਨੂੰ ਸਿੰਜਣ ਦਾ ਉਪਰਾਲਾ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਗੁਰੂ ਸਾਹਿਬ ਨੂੰ ਸਮਰਪਿਤ ਅਤੇ ਭਰੋਸਾ ਰੱਖਣ ਦੀ ਜੀਵਨ-ਜਾਚ ਸਿਖਾਉਂਦਾ ਹੈ। ਗਿਆਨੀ ਹਰਪਾਲ ਸਿੰਘ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਉਣ ਲਈ ਕੀਤਾ ਯਤਨ ਅੱਜ ਸੰਘਰਸ਼ਸ਼ੀਲ ਕਿਸਾਨਾਂ ਦਾ ਵੀ ਮਾਰਗ-ਦਰਸ਼ਨ ਕਰਦਾ ਹੈ ਅਤੇ ਅਜੋਕੀ ਪੀੜ੍ਹੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸੋਚ ਅਤੇ ਵਿਚਾਰਧਾਰਾ ਨੂੰ ਅੱਗੇ ਲਿਜਾਣ ਲਈ ਪ੍ਰੇਰਦਾ ਹੈ। ਇਸ ਮੌਕੇ ਹਜ਼ੂਰੀ ਰਾਗੀ ਜਥੇ ਭਾਈ ਮਨਜਿੰਦਰ ਸਿੰਘ ਵੱਲੋਂ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਗਿਆ। ਸਮਾਗਮ ਦੌਰਾਨ ਪ੍ਰਿੰਸੀਪਲ ਡਾ. ਗੁਰਚਰਨ ਸਿੰਘ (ਲਾਂਬਾ) ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਾਲਜ ਵੱਲੋਂ ਆਨਲਾਈਨ ਲੇਖ ਅਤੇ ਕੁਇਜ਼ ਮੁਕਾਬਲੇ ਤੋਂ ਇਲਾਵਾ ਫਤਿਹ ਮੈਰਾਥਨ ਕਰਵਾਈ ਗਈ।

ਸਮਾਗਮ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖਾਲਸਾ, ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਕੁਲਦੀਪ ਕੌਰ ਟੌਹੜਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ (ਪੰਨੂ), ਸ. ਅਵਤਾਰ ਸਿੰਘ ਰਿਆ, ਸ. ਰਵਿੰਦਰ ਸਿੰਘ ਖਾਲਸਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦੇ ਨਿੱਜੀ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਸ. ਜਗਦੀਪ ਸਿੰਘ (ਚੀਮਾ), ਮੀਤ ਸਕੱਤਰ ਸ. ਸਿਮਰਜੀਤ ਸਿੰਘ, ਸ. ਕਰਮ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ, ਕਰਮਚਾਰੀ ਅਤੇ ਕਾਲਜ ਦੇ ਪ੍ਰਬੰਧਕ ਅਤੇ ਸਮੂਹ ਸਟਾਫ ਵੀ ਹਾਜ਼ਰ ਸਨ। ■